ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 25 | 21 June to 27 June 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕੈਪਟਨ ਸਰਕਾਰ ਦੇ ਪਹਿਲੇ ਬੱਜਟ 'ਚ ਲੋਕ ਲੁਭਾਊ ਤਜਵੀਜ਼ਾਂ



ਚੰਡੀਗੜ੍ਹ/ਬਿਊਰੋ ਨਿਊਜ਼: ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਪਲੇਠਾ ਬਜਟ ਪੇਸ਼ ਕਰਦਿਆਂ ਸੂਬੇ ਦੇ ਕਿਸਾਨਾਂ, ਨੌਜਵਾਨਾਂ, ਦਲਿਤਾਂ, ਪਛੜੇ ਵਰਗਾਂ, ਬਜ਼ੁਰਗਾਂ ਆਦਿ ਨੂੰ ਕੁਝ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ। ਰਾਜ ਵਿਧਾਨ ਸਭਾ ਵਿੱਚ ਮੰਗਲਵਾਰ ਨੂੰ ਪੇਸ਼ ਕੀਤਾ ਬਜਟ ਜ਼ਾਹਰਾ ਤੌਰ 'ਤੇ ਤਾਂ ਲੋਕ ਲੁਭਾਊ ਹੈ, ਪਰ ਨਾਲ ਹੀ ਸਰਕਾਰੀ ਖ਼ਰਚਿਆਂ ਤੇ ਵਸੀਲਿਆਂ ਬਾਰੇ ਸਵਾਲ ਵੀ ਖੜ੍ਹੇ ਕਰਦਾ ਹੈ। ਮਾਲੀ ਸਾਲ 2017-18 ਦੇ 118237.90 ਕਰੋੜ ਰੁਪਏ ਦੇ ਕੁੱਲ ਬਜਟ ਵਿੱਚ ਮਾਲੀ ਖ਼ਰਚੇ 105514.84 ਕਰੋੜ ਰੁਪਏ ਦੇ ਹਨ। ਇਸ ਤਰ੍ਹਾਂ 14784.87 ਕਰੋੜ ਰੁਪਏ ਦਾ ਮਾਲੀ ਘਾਟਾ ਦਿਖਾਇਆ ਗਿਆ ਹੈ, ਜੋ ਪਿਛਲੇ ਸਾਲ 11362.02 ਕਰੋੜ ਰੁਪਏ ਸੀ। ਰਾਜਕੋਸ਼ੀ ਘਾਟਾ 23092.10 ਕਰੋੜ ਰੁਪਏ

ਬਾਕੀ ਸਫ਼ਾ 31 'ਤੇ

- ਮਨਪ੍ਰੀਤ ਬਾਦਲ ਵਲੋਂ ਖੇਤੀ ਖੇਤਰ ਲਈ 65.77 ਫੀਸਦੀ ਦਾ ਵਾਧਾ
- ਕਿਸਾਨਾਂ, ਨੌਜਵਾਨਾਂ, ਦਲਿਤਾਂ ਤੇ ਬਜ਼ੁਰਗਾਂ ਤੇ ਹੋਰਨਾਂ ਨੂੰ ਰਿਆਇਤਾਂ
- ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਲੋਕ ਪਾਲ ਕਾਇਮ ਕਰਨ ਲਈ ਨਵਾਂ ਕਾਨੂੰਨ ਲਿਆਉਣ ਦਾ ਐਲਾਨ

## ਵਿਰੋਧੀ ਧਿਰ ਨੇ ਬੱਜਟ ਨੂੰ ਮੂਲੋਂ ਨਕਾਰਿਆ

### ਕਿਹਾ: ਕਿਸਾਨਾਂ ਦਾ ਮਾਮੂਲੀ ਜਿਹਾ ਕਰਜ਼ਾ ਮੁਆਫ਼ ਹੋਵੇਗਾ

ਚੰਡੀਗੜ੍ਹ/ਬਿਊਰੋ ਨਿਊਜ਼: ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੈਪਟਨ ਸਰਕਾਰ ਦੇ ਪਲੇਠੇ ਬਜਟ ਵਿੱਚ ਭਾਵੇਂ ਕੁਝ ਪਹਿਲਕਦਮੀਆਂ ਕੀਤੀਆਂ ਹਨ ਪਰ ਵਿਰੋਧੀ ਧਿਰ ਨੇ ਇਨ੍ਹਾਂ ਤੇ ਖ਼ਾਸ ਕਰਕੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਬਜਟ ਵਿੱਚ 1500 ਕਰੋੜ ਰੁਪਏ ਦਾ ਪ੍ਰਬੰਧ ਕਰਨ ਨੂੰ ਲੋਕਾਂ ਤੇ ਖ਼ਾਸ ਕਰਕੇ ਕਿਸਾਨਾਂ ਨਾਲ ਧੋਖਾ ਕਰਾਰ ਦਿੱਤਾ ਹੈ। ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਇਸ ਪੈਸੇ ਨਾਲ ਤਾਂ ਇੱਕ ਕਿਸਾਨ ਦੇ ਪੱਲੇ ਕੇਵਲ 14285 ਜਾਂ 14700 ਰੁਪਏ ਹੀ ਪੈਣਗੇ ਜਿਸ ਨਾਲ ਵਿਆਜ ਦੇ ਪੈਸੇ ਵੀ ਨਹੀਂ ਮੁੜਨੇ।

ਵਿੱਤ ਮੰਤਰੀ ਨੇ ਬਜਟ ਤੋਂ ਬਾਅਦ ਕਿਹਾ ਕਿ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ 1500 ਕਰੋੜ ਰੁਪਏ ਰੱਖੇ ਗਏ ਹਨ ਤੇ ਅਗਲੇ ਬਜਟ ਵਿੱਚ ਹੋਰ ਪ੍ਰਬੰਧ ਕੀਤਾ ਜਾਵੇਗਾ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੱਧੂ ਨੇ ਬਜਟ ਦੀ

ਬਾਕੀ ਸਫ਼ਾ 31 'ਤੇ

## ਕੈਪਟਨ ਸਰਕਾਰ ਵਲੋਂ ਕਿਸਾਨਾਂ ਦੇ ਦੋ ਲੱਖ ਤੱਕ ਦੇ ਫ਼ਸਲੀ ਕਰਜ਼ੇ ਮੁਆਫ਼

### ਕਰੀਬ 10.25 ਲੱਖ ਕਿਸਾਨਾਂ ਨੂੰ ਮਿਲੇਗਾ ਲਾਭ



ਚੰਡੀਗੜ੍ਹ/ਹਮੀਰ ਸਿੰਘ: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਪੰਜ ਏਕੜ ਤੱਕ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਤੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਪੂਰਾ ਕਰਜ਼ਾ ਮੁਆਫ਼ ਕਰਨ ਸਣੇ ਕਈ ਅਹਿਮ ਐਲਾਨ ਕੀਤੇ ਹਨ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਇਸ ਨਾਲ ਕਰੀਬ 18.5 ਲੱਖ ਕੁੱਲ ਕਿਸਾਨਾਂ ਵਿਚੋਂ 10.25 ਲੱਖ ਨੂੰ ਫ਼ਾਇਦਾ ਹੋਵੇਗਾ। ਉਨ੍ਹਾਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਰਾਹਤ ਦੀ ਰਕਮ ਤਿੰਨ ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਕਰਨ, ਵਿਧਾਨ ਸਭਾ ਦੀ ਇੱਕ ਕਮੇਟੀ ਬਣਾ ਦਾ ਐਲਾਨ ਕੀਤਾ। ਇਹ ਕਮੇਟੀ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਗੱਲਬਾਤ ਰਾਹੀਂ ਖ਼ੁਦਕੁਸ਼ੀ ਦੇ ਕਾਰਨਾਂ ਦਾ ਪਤਾ ਲਾ ਕੇ ਰਿਪੋਰਟ ਦੇਵੇਗੀ। ਸਨਅਤਾਂ ਲਈ ਬਿਜਲੀ ਦੀ ਦਰ ਪੰਜ ਰੁਪਏ ਪ੍ਰਤੀ ਯੂਨਿਟ ਹੀ ਕਾਇਮ ਰੱਖਣ ਅਤੇ ਪੰਜਾਬ ਦੀਆਂ ਟਰੱਕ ਯੂਨੀਅਨਾਂ ਭੰਗ ਕਰਨ ਦਾ ਐਲਾਨ ਵੀ ਕੀਤਾ।

ਰਾਜਪਾਲ ਦੇ ਭਾਸ਼ਣ ਉਤੇ ਬਹਿਸ ਦਾ ਜਵਾਬ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਸਰਕਾਰ ਨੇ ਉਨ੍ਹਾਂ ਸਾਰੇ ਛੋਟੇ (ਪੰਜ ਏਕੜ) ਅਤੇ ਸੀਮਾਂਤ (ਢਾਈ ਏਕੜ) ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਦੇ ਫ਼ਸਲੀ ਕਰਜ਼ੇ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਸਿਰ ਦੋ ਲੱਖ ਤੱਕ ਦਾ ਹੀ ਫ਼ਸਲੀ ਕਰਜ਼ਾ ਹੈ। ਇਸ ਦਾਇਰੇ ਵਿਚ 8.70 ਲੱਖ ਕਿਸਾਨ ਆ ਜਾਣਗੇ। ਇਸ ਤੋਂ ਇਲਾਵਾ ਢਾਈ ਏਕੜ ਤੱਕ ਮਾਲਕੀ ਵਾਲੇ

ਬਾਕੀ ਸਫ਼ਾ 25 'ਤੇ

## ਦੋ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ 23 ਜੂਨ ਤੋਂ

**ਸਤਿਬੀਰ ਸਿੰਘ**

**ਬਰੈਂਪਟਨ:** ਕੈਨੇਡਾ ਵਿੱਚ 23 ਤੋਂ 25 ਜੂਨ ਤਕ ਹੋਣ ਵਾਲੀ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਲਈ ਇੱਥੇ ਵਸੇ ਪੰਜਾਬੀਆਂ ਵਿੱਚ ਕਾਫ਼ੀ ਉਤਸ਼ਾਹ ਹੈ। ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਪੰਜਾਬ, ਹਰਿਆਣਾ, ਦਿੱਲੀ ਅਤੇ ਹੋਰ ਰਾਜਾਂ ਤੋਂ ਕਰੀਬ 80 ਲੇਖਕ ਓਂਟਾਰੀਓ ਦੀ ਧਰਤੀ 'ਤੇ ਪਹੁੰਚ ਚੁੱਕੇ ਹਨ। ਕਾਨਫਰੰਸ ਦੇ ਪ੍ਰਬੰਧਕ ਐਡਵੋਕੇਟ ਅਜਾਇਬ ਸਿੰਘ ਚੱਠਾ, ਗਿਆਨ ਸਿੰਘ ਕੰਗ, ਦੀਪਕ ਮਨਮੋਹਨ ਅਤੇ ਰਵਿੰਦਰ ਢਿੱਲੋਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਾਨਫਰੰਸ ਦਾ ਉਦਘਾਟਨੀ ਸੈਸ਼ਨ 23 ਜੂਨ ਨੂੰ ਸਵੇਰੇ 11:00 ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਰਾਇਲ ਕਨਵੈਨਸ਼ਨ ਸੈਂਟਰ ਵਿੱਚ ਹੋਵੇਗਾ। ਇਸੇ ਦਿਨ ਬਾਅਦ ਦੁਪਹਿਰ 2:00 ਵਜੇ ਨੈਤਿਕਤਾ ਵਿਸ਼ੇ 'ਤੇ ਸੈਸ਼ਨ ਹੋਵੇਗਾ। ਪੰਜਾਬੀ ਨਾਲ ਸਬੰਧਤ ਵਿਸ਼ਿਆਂ 'ਤੇ ਵਿਦਵਾਨਾਂ ਵੱਲੋਂ ਪਰਚੇ ਪੜ੍ਹੇ ਜਾਣਗੇ ਤੇ ਇਨ੍ਹਾਂ ਉਪਰ ਭਰਵੀਂ ਬਹਿਸ ਹੋਵੇਗੀ।

ਉਨ੍ਹਾਂ ਦੱਸਿਆ ਕਿ 24 ਜੂਨ ਨੂੰ ਬਰੈਂਪਟਨ ਦੇ ਸੈਂਚਰੀ ਗਾਰਡਨ ਰੀਕ੍ਰੀਏਸ਼ਨ ਸੈਂਟਰ ਵਿੱਚ ਸਵੇਰੇ 10:00 ਵਜੇ ਪੰਜਾਬੀ ਭਾਸ਼ਾ ਦਾ ਭਵਿੱਖ ਅਤੇ ਚੁਣੌਤੀਆਂ' ਵਿਸ਼ੇ ਬਾਰੇ ਸੈਸ਼ਨ ਹੋਵੇਗਾ। ਦੂਜੇ ਸੈਸ਼ਨ ਵਿੱਚ ਪੰਜਾਬੀਆਂ ਵਿੱਚ ਨੈਤਿਕਤਾ' ਅਤੇ ਦੁਪਹਿਰ ਬਾਅਦ ਪੰਜਾਬੀ ਪੱਤਰਕਾਰੀ ਵਿੱਚ ਨੈਤਿਕਤਾ' ਬਾਰੇ ਚਰਚਾ ਹੋਵੇਗੀ। 25 ਜੂਨ ਨੂੰ ਪੰਜਾਬੀ ਬੋਲੀ ਅਤੇ ਸੱਭਿਆਚਾਰ ਦੇ ਸੰਸਾਰ ਵਿੱਚ ਭਵਿੱਖ' ਬਾਰੇ ਸੈਸ਼ਨ ਹੋਵੇਗਾ। ਇਸੇ ਦਿਨ ਬਾਅਦ ਦੁਪਹਿਰ ਕਾਨਫਰੰਸ ਦੀਆਂ ਪ੍ਰਾਪਤੀਆਂ ਬਾਰੇ ਚਰਚਾ ਤੋਂ ਇਲਾਵਾ ਸਮਾਪਤੀ ਸਮਾਗਮ ਹੋਵੇਗਾ। ਇਸੇ ਸ਼ਾਮ ਸੱਭਿਆਚਾਰਕ ਪ੍ਰੋਗਰਾਮ ਹੋਣਗੇ। ਸ੍ਰੀ ਚੱਠਾ ਤੇ ਰਵਿੰਦਰ ਢਿੱਲੋਂ ਨੇ ਦੱਸਿਆ ਕਿ ਕਾਨਫਰੰਸ ਲਈ 45 ਪਰਚੇ ਚੁਣੇ ਗਏ ਹਨ ਜਿਨ੍ਹਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਸੰਗ੍ਰਹਿ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਰਿਲੀਜ਼ ਕੀਤਾ ਜਾਵੇਗਾ।

## ਪ੍ਰੋ. ਅਜਮੇਰ ਔਲਖ ਦਾ ਸਦੀਵੀ ਵਿਛੋੜਾ

### ਤੁਰ ਗਿਆ ਲੋਕਾਂ ਦਾ ਨਾਟਕਕਾਰ

ਮਾਨਸਾ/ਬਿਊਰੋ ਨਿਊਜ਼ : ਪੰਜਾਬੀ ਦੇ ਨਾਮਵਰ ਨਾਟਕਕਾਰ ਪ੍ਰੋ. ਅਜਮੇਰ ਔਲਖ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ ਆਖਰੀ ਸਾਹ ਇੱਥੇ ਆਪਣੇ ਘਰ ਵਿੱਚ ਲਿਆ। ਉਹ 75 ਸਾਲ ਦੇ ਸਨ ਤੇ ਪਿੱਛੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਮਨਜੀਤ ਕੌਰ



ਤੇ ਤਿੰਨ ਧੀਆਂ ਹਨ। ਸ੍ਰੀ ਔਲਖ ਕੈਂਸਰ ਤੋਂ ਪੀੜਤ ਸਨ ਤੇ ਪੰਜ ਦਿਨ ਪਹਿਲਾਂ ਮੁਹਾਲੀ ਦੇ ਫੋਰਟਿਸ ਹਸਪਤਾਲ 'ਚੋਂ ਆਪਣਾ ਇਲਾਜ ਕਰਵਾ ਕੇ ਮਾਨਸਾ ਆਏ ਸਨ। ਉਨ੍ਹਾਂ ਦੀ ਵੱਡੀ ਧੀ ਪ੍ਰੋ. ਸੁਪਨਦੀਪ ਕੌਰ ਨੇ ਦੱਸਿਆ ਕਿ ਪ੍ਰੋ. ਔਲਖ ਪਰਿਵਾਰ ਅਤੇ ਮਿਲਣ ਆਏ ਲੋਕਾਂ ਨਾਲ ਹੱਸਦੇ-ਖੇਡਦੇ ਰਹੇ। ਉਨ੍ਹਾਂ ਦੀ ਪਤਨੀ ਮਨਜੀਤ ਕੌਰ ਨੇ ਦੱਸਿਆ ਕਿ ਸਵੇਰੇ ਤਿੰਨ ਵਜੇ ਉਨ੍ਹਾਂ ਨੂੰ ਪਾਸਾ ਦਿਵਾਇਆ ਗਿਆ ਪਰ ਜਦੋਂ ਪੰਜ ਕੁ ਵਜੇ ਉਹ ਉਨ੍ਹਾਂ ਨੂੰ ਵੇਖਣ ਗਏ ਤਾਂ ਉਦੋਂ ਸ੍ਰੀ ਔਲਖ ਇਸ ਸੰਸਾਰ ਨੂੰ ਅਲਵਿਦਾ ਆਖ ਚੁੱਕੇ ਸਨ। ਪ੍ਰੋ. ਔਲਖ ਦੀ ਮੌਤ ਨਾਲ ਇਨਕਲਾਬੀ ਖੱਬੇ ਪੱਖੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਬਾਕੀ ਸਫ਼ਾ 32 'ਤੇ

## 'ਟਿੱਬਿਆਂ ਦੇ ਬੋਹੜ' ਨੂੰ ਅਲਵਿਦਾ...

**ਦਲਜੀਤ ਸਿੰਘ ਸਰਾ**

ਸੱਚਾ ਸੁੱਚਾ, ਬੁਲੰਦ, ਝੂਠੀਮੂਠੀ ਦੀ ਸ਼ੋਹਰਤ/ਚੌਧਰ ਤੋਂ ਕੋਹਾਂ ਦੂਰ, ਯਾਰਾਂ ਦਾ ਯਾਰ, ਕਮਾਲ ਦਾ ਅਧਿਆਪਕ, ਅਪਣਿਆਂ ਦਾ ਹੀ ਨਹੀਂ ਬੇਗਾਨਿਆਂ ਦਾ ਵੀ ਮਦਦਗਾਰ, ਹਰ ਇੱਕ ਦੇ ਦੁੱਖ ਸੁੱਖ ਦਾ ਭਾਈਵਾਲ, ਅਜਿਹੇ ਬੰਦੇ ਵਿਰਲੇ ਹੀ ਹੁੰਦੇ ਨੇ। ਅਜਮੇਰ ਸਿੰਘ ਔਲਖ ਅਜਿਹਾ ਹੀ ਸ਼ਾਨਦਾਰ ਬੰਦਾ ਸੀ।

ਪੂਰੀ ਸੰਪਾਦਕੀ ਸਫ਼ਾ 12 'ਤੇ ਪੜ੍ਹੋ

For Advertisements in Quomantry Amritsar Times Please Call :
Jai Singh
510-677-2777
















THE BLACK PRINCE
THE TRUE STORY OF MAHARAJA DULEEP SINGH
In Theaters July 21st
ENGLISH | PUNJABI | HINDI








***ਖਾਲਸੇ ਦੀ ਸਦਾ ਚੜ੍ਹਦੀ ਕਲਾ :*** ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ 1984 ਵਿਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਹਮਲੇ ਦੀ 33ਵੀਂ ਵਰ੍ਹੇਗੰਢ ਸਬੰਧੀ ਸੈਨ ਫਰਾਂਸਿਸਕੋ ਵਿਖੇ ਕੀਤੇ ਗਏ ਨਗਰ ਕੀਰਤਨ 'ਚ ਸ਼ਾਮਲ ਸਿੰਘਾਂ ਅਤੇ ਸੰਗਤਾਂ ਦੀਆਂ ਕੁਝ ਹੋਰ ਯਾਦਗਾਰੀ ਤਸਵੀਰਾਂ। ਫੋਟੋਆਂ ਅਤੇ ਵੇਰਵਾ : **ਜੈ ਸਿੰਘ**

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਭਾਰੀ ਸ਼ਰਧਾ ਨਾਲ ਲੈਂਕਰਸ਼ਿਮ ਗੁਰਦੁਆਰਾ ਸਾਹਿਬ ਵਿਖੇ ਮਨਾਈ ਗਈ

**ਲਾਸ ਏਂਜਲਸ/ਬਿਊਰੋ ਨਿਊਜ਼:**
ਸਿੱਖ ਗੁਰਦੁਆਰਾ ਆਫ਼ ਲਾਸ ਏਂਜਲਸ ਵਿਖੇ 11 ਜੂਨ 2017 ਦਿਨ ਐਤਵਾਰ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਨੂੰ ਸਮਰਪਿਤ ਦੀਵਾਨ ਸਜਾਏ ਗਏ। ਪ੍ਰੋਗਰਾਮ ਦੀ ਆਰੰਭਤਾ ਅੰਮ੍ਰਿਤ ਵੇਲੇ ਤੋਂ ਹੋਈ , ਜਿਸ ਵਿਚ ਪੰਜ ਬਾਣੀਆ ਦੇ ਨਿਤਨੇਮ, ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਖੁੱਲ੍ਹੇ ਦੀਵਾਨ ਸਜਾਏ ਗਏ, ਜਿਸ ਵਿਚ ਭਾਈ ਜਤਿੰਦਰ ਸਿੰਘ ਜੀ



ਜੋਤ, ਭਾਈ ਰਵਿੰਦਰ ਸਿੰਘ ਰਸੀਆ ਜੀ ਨੇ ਗੁਰਬਾਣੀ ਦੇ ਰਸਭਿਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਬਚਨ ਸਿੰਘ ਮੁਲਤਾਨੀ ਨੇ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਜੀਵਨ ਸਬੰਧੀ ਰੌਸ਼ਨੀ ਪਾਈ। ਉਪਰੰਤ ਮੋਹਨ ਸਿੰਘ ਜੀ ਨਿਸ਼ਕਾਮ ਵੈਲਫੇਅਰ ਸੰਸਥਾ ਵੱਲੋ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਸਾਰੇ ਪ੍ਰੋਗਰਾਮ ਦੀ ਸੇਵਾ ਗੁਰੂਘਰ ਦੇ ਸੇਵਾਦਾਰ ਗੁਰਚਰਨ ਸਿੰਘ ਜੀ ਬੈਂਸ ਅਤੇ ਸਮੂਹ ਸੇਵਾਦਾਰਾਂ ਨੇ ਬਹੁਤ ਸੁਚਜੇ ਢੰਗ ਨਾਲ ਨਿਭਾਈ। ਲੰਗਰਾਂ ਦੀ ਸੇਵਾ ਭਾਈ ਚਰਨਜੀਤ ਸਿੰਘ ਅਤੇ ਭਾਈ ਰਵਿੰਦਰ ਸਿੰਘ ਰਸੀਆ ਪਰਿਵਾਰ ਅਤੇ ਸਮੂਹ ਲੁਬਾਣਾ ਪਰਿਵਾਰਾਂ ਵੱਲੋ ਨਿਭਾਈ ਗਈ। ਛੋਲੇ ਅਤੇ ਭਟੂਰਿਆਂ ਦੀ ਸੇਵਾ ਨਿਸ਼ਕਾਮ ਵੈਲਫੇਅਰ ਸੰਸਥਾ ਵੱਲੋ ਨਿਭਾਈ ਗਈ। ਗੁਰਦੁਆਰਾ ਸਾਹਿਬ ਲੈਂਕਰਸ਼ਿਮ ਸੇਵਾ ਕਮੇਟੀ ਵੱਲੋ ਸਮਾਗਮ 'ਚ ਪਹੁੰਚੀਆਂ ਸੰਗਤਾ ਦਾ ਧੰਨਵਾਦ ਕੀਤਾ ਗਿਆ।

CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY

ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700
WWW.CHAATBHAVAN.COM



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Scholarships Awards

**For students graduated in year 2017 from High/Middle school in Southern California, with one or both parents being Sikhs**

For application forms, guidelines for applicants, or more information, send email to:scholarshipandawards@gmail.com

## Academic Excellence Awards

*High School Graduates –*
*TenAwards $1000 - $2500*

Middle School (8th grade) Graduates –
Five Awards$250 - $600

### *Eligibility Criteria:*

*GPA B or higher for Academic Excellence Awards, C or higher for Outstanding Achievement Awards,&one or both parents being Sikhs*

## Outstanding Achievement Awards

*High School Graduates:$750*
*1-Sports;2-Visual & Performing Arts;*
*3-Community Service*

*Special Awards:$200/each for Perfect score in SAT*
*$100/each for 80% or higher score on quiz*
*(quiz material supplied in advance)*

**Middle School Graduates:**Visual & Performing Arts
*Two ($250 and $200), $100/each for 80% or higher score on quiz (quiz material supplied in advance)*

Last date for receipt of completed applications: **Monday,July 23, 2017**

**Winners to receive awards at a Gala Lunch event**
**August 6, 2017 at 11 am**

**For More Info Call : Gurcharan Bains 661-877-6461, Sukhi Sandhu 805-402-5050, Baljit Toor 909-844-1600, Gurcharan Singh Dhillon 661-586-6485, Kajal Kalra 949-244-6452**

**Sponsored by: Sikh American Heritage Society**

# 25 ਦਿਨਾਂ ਵਿੱਚ ਇੱਕ ਲੱਖ ਤੋਂ ਵੱਧ ਸ਼ਰਧਾਲੂਆਂ ਨੇ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਉੱਤਰਾਖੰਡ ਵਿੱਚ ਲਗਭਗ 15 ਹਜ਼ਾਰ ਫੁੱਟ ਦੀ ਉਚਾਈ ’ਤੇ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਲਗਭਗ 25 ਦਿਨਾਂ ਵਿੱਚ ਇੱਕ ਲੱਖ ਤੋਂ ਵੱਧ ਸ਼ਰਧਾਲੂਆਂ ਨੇ ਦਰਸ਼ਨ ਕੀਤੇ ਹਨ ਅਤੇ ਇਹ ਯਾਤਰਾ ਨਿਰੰਤਰ ਜਾਰੀ ਹੈ। ਇਸ ਦੌਰਾਨ ਯਾਤਰਾ ਦੇ ਪ੍ਰਬੰਧਕਾਂ ਨੇ ਯਾਤਰਾ ਸਬੰਧੀ ਸੋਸ਼ਲ ਮੀਡੀਆ ’ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਪਾਈ ਜਾ ਰਹੀ ਜਾਣਕਾਰੀ ਨੂੰ ਗੁਮਰਾਹਕੁਨ ਪ੍ਰਚਾਰ ਕਰਾਰ ਦਿੱਤਾ ਹੈ।

ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 24 ਮਈ ਨੂੰ ਗੁਰਦੁਆਰਾ ਗੋਬਿੰਦ ਘਾਟ ਤੋਂ ਸ਼ੁਰੂ ਹੋਈ ਸੀ, ਜਿਸ ਨੂੰ ਉਤਰਾਖੰਡ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਅਹੁਦੇਦਾਰਾਂ ਨੇ ਰਵਾਨਾ ਕੀਤਾ ਸੀ। ਲਗਭਗ 25 ਦਿਨਾਂ ਦੌਰਾਨ ਇੱਕ ਲੱਖ ਤੋਂ ਵੱਧ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ।



ਗੁਰਦੁਆਰਾ ਗੋਬਿੰਦ ਘਾਟ ਤੋਂ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ 25 ਮਈ ਤੋਂ 20 ਜੂਨ ਤਕ ਲਗਭਗ ਇੱਕ ਲੱਖ 7840 ਯਾਤਰੂਆਂ ਨੇ ਯਾਤਰਾ ਵਿੱਚ ਹਿੱਸਾ ਲਿਆ ਹੈ ਅਤੇ ਜੂਨ ਦੇ ਅਖੀਰ ਤਕ ਇਹ ਗਿਣਤੀ ਡੇਢ ਲੱਖ ਤਕ ਪੁੱਜ ਜਾਵੇਗੀ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਸ ਵਾਰ ਯਾਤਰਾ ਦੌਰਾਨ ਲਗਭਗ ਸਾਢੇ ਤਿੰਨ ਲੱਖ ਯਾਤਰੂ ਪੁੱਜਣ ਦੀ ਉਮੀਦ ਹੈ, ਜੋ ਪਿਛਲੇ ਵਰ੍ਹਿਆਂ ਨਾਲੋਂ ਤਸੱਲੀਬਖਸ਼ ਹੁੰਗਾਰਾ ਹੈ। ਸਾਲ 2013 ਵਿੱਚ ਹੜ੍ਹ ਆਉਣ ਕਾਰਨ ਉੱਤਰਾਖੰਡ ਵਿੱਚ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ ਸੀ, ਜਿਸ ਕਾਰਨ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸਮੇਤ ਚਾਰ ਧਾਮਾਂ (ਗੰਗੋਤਰੀ, ਯਮਨੋਤਰੀ, ਕੇਦਾਰਨਾਥ ਅਤੇ ਬਦਰੀਨਾਥ) ਦੀ ਯਾਤਰਾ ਬੰਦ ਹੋ ਗਈ ਸੀ।

**ਬਾਕੀ ਸਫ਼ਾ 32 ’ਤੇ**

# ਪੰਚਮ ਪਾਤਿਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਭਾਰੀ ਸ਼ਰਧਾ ਨਾਲ ਮਨਾਇਆ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਐਤਵਾਰ ਨੂੰ ਮਨਾਇਆ ਗਿਆ। ਵਰਨਣਯੋਗ ਹੈ ਕਿ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਮਤਾ ਪਾਇਆ ਹੋਇਆ ਹੈ ਕਿ ਸਮੂਹ ਦਿਹਾੜੇ ਸੰਨ 2003 ਵਿਚ ਲਾਗੂ ਕੀਤੇ ਗਏ ਪੰਥ ਪ੍ਰਵਾਨਤ ਤੇ ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾਣਗੇ। 16 ਜੂਨ ਸ਼ੁਕਰਵਾਰ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ, ਜਿਨ੍ਹਾਂ ਦੇ ਭੋਗ 18



ਜੂਨ ਐਤਵਾਰ ਸਵੇਰੇ ਪਾਏ ਗਏ। ਉਪਰੰਤ ਗੁਰੂਘਰ ਦੇ ਕੀਰਤਨੀ ਭਾਈ ਰਾਜਿੰਦਰ ਸਿੰਘ ਦੇ ਜਥੇ ਵਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ ਅਤੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵਲੋਂ ਪੰਚਮ ਪਾਤਿਸ਼ਾਹ ਜੀ ਦੀ ਸ਼ਹੀਦੀ ਇਤਿਹਾਸ ਸੰਗਤਾਂ ਨੂੰ ਕਥਾ ਰਾਹੀਂ ਸਰਵਣ ਕਰਵਾਇਆ। ਵਿਸ਼ੇਸ਼ ਤੌਰ ’ਤੇ ਪਹੁੰਚੇ ਭਾਈ ਕੁਲਵੰਤ ਸਿੰਘ ਦੇ ਢਾਡੀ ਜਥੇ ਵਲੋਂ ਢਾਡੀ ਵਾਰਾਂ ਰਾਹੀਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪਿੱਛੇ ਕੀ ਕਾਰਨ ਸਨ, ਇਸ ਵਿਚ ਕੌਣ ਕੌਣ ਸ਼ਾਮਿਲ ਸੀ ਅਤੇ ਕਿਵੇਂ ਤਸੀਹੇ ਦੇ ਕੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ, ਦਾ ਇਤਿਹਾਸ ਢਾਡੀ ਵਾਰਾਂ ਰਾਹੀਂ ਸਰਵਣ ਕਰਵਾਇਆ। ਇਸ ਤੋਂ ਇਲਾਵਾ ਸੰਗਤਾਂ ਵਾਸਤੇ ਵਿਸ਼ੇਸ਼ ਤੌਰ ’ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਹੋਈਆਂ ਸਨ।

## ਗੁਰਦੁਆਰਾ ਸਾਹਿਬ ਫੇਅਰਫੀਲਡ ਵਿਖੇ ਸਲਾਨਾ ਸਮਾਗਮ 25 ਜੂਨ ਐਤਵਾਰ ਨੂੰ

**ਫੇਅਰਫੀਲਡ/ਬਿਊਰੋ ਨਿਊਜ਼:** ਗੁਰਦੁਆਰਾ ਸਾਹਿਬ ਫੇਅਰਫੀਲਡ ਵਿਖੇ ਡਰੋਲੀ ਕਲਾਂ ਦੀ ਸਾਧ ਸੰਗਤ ਵਲੋਂ ਸ਼ਹੀਦ ਬਾਬਾ ਮਤੀ ਜੀ ਅਤੇ ਸ਼ਹੀਦ ਮੇਹਰ ਸਿੰਘ ਜੀ ਡਰੋਲੀ ਕਲਾਂ ਵਾਲਿਆਂ ਦੀ ਯਾਦ ਵਿੱਚ ਸਲਾਨਾ ਧਾਰਮਿਕ ਸਮਾਗਮ 25 ਜੂਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਸ. ਕਰਮਜੀਤ ਸਿੰਘ ਮਿਨਹਾਸ, ਮਨਜੀਤ ਸਿੰਘ ਮਿਨਹਾਸ ਅਤੇ ਚਰਨਜੀਤ ਸਿੰਘ ਮਿਨਹਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਬਾਬਾ ਮਤੀ ਜੀ ਅਤੇ ਮੇਹਰ ਸਿੰਘ ਜੀ ਡਰੋਲੀ ਕਲਾਂ ਵਾਲਿਆਂ ਦੀ ਬਰਸੀ ਮਨਾਈ ਜਾ ਰਹੀ ਹੈ ਜਿਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਸਵੇਰੇ 9:00 ਵਜੇ ਪਾਏ ਜਾਣਗੇ ਅਤੇ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿਚ ਰਾਗੀ ਜਥੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਹੁੰਮ ਹੁੰਮਾ ਕੇ ਪੁੱਜਣ ਦੀ ਅਪੀਲ ਕੀਤੀ।

## ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਮਨਾਇਆ ਗਿਆ

**ਚੰਡੀਗੜ੍ਹ/ਬਿਊਰੋ ਨਿਊਜ਼:**
ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ, ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਸੈਕਟਰ 28 ਏ, ਚੰਡੀਗੜ੍ਹ ਵਿਖੇ ਮਨਾਇਆ ਗਿਆ। ਸਵੇਰੇ 10-00 ਵਜੇ ਤੋਂ ਬਾਅਦ ਦੁਪਹਿਰ 2-00 ਵਜੇ ਤੱਕ ਦੀਵਾਨ ਸਜੇ, ਜਿਸ ਵਿਚ ਭਾਈ ਡਿੰਪਲ ਸਿੰਘ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਕੀਰਤਨੀ ਜਥਿਆਂ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਭਾਈ ਜਰਨੈਲ ਸਿੰਘ ਚਕਰ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਸਿੱਖ ਇਤਿਹਾਸਕ ਸਰੋਤਾਂ ਅਤੇ ਨਾਨਕਸ਼ਾਹੀ ਕੈਲੰਡਰ ਮੁਤਾਬਕ 16 ਜੂਨ ਨੂੰ ਹੀ ਗੁਰੂ ਸਾਹਿਬ ਦਾ ਸ਼ਹੀਦੀ ਪੁਰਬ ਮਨਾਏ ਜਾਣ ਸਬੰਧੀ ਪ੍ਰਿੰਸੀਪਲ ਗੁਰਦੀਪ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਭੋਪਾਲ ਤੋਂ ਦਲਿਤ ਮਹਿਲਾ ਆਗੂ ਬੀਬੀ ਪੁਸ਼ਪਾ ਅਤੇ ਅਮਰੀਕਾ ਵਾਲੇ ਬੀਬੀ ਜਸਬੀਰ ਕੌਰ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਸ. ਖੁਸ਼ਹਾਲ ਸਿੰਘ ਨੇ ਆਈਆਂ ਸੰਗਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ 6 ਅਗਸਤ ਨੂੰ

## *ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਹੋਣਗੇ ਵਿਸ਼ੇਸ਼ ਖਿੱਚ ਦਾ ਕੇਂਦਰ*

**ਫਰਿਜ਼ਨੋਂ/ਕੁਲਵੀਰ ਹੇਅਰ:** ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋਂ ਵਲੋਂ ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 6 ਅਗਸਤ ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਵਿਖੇ ਬਾਅਦ ਦੁਪਿਹਰ 2:00 ਵਜੇ ਕਰਵਾਏ ਜਾ ਰਹੇ ਹਨ। ਇਸ ਵਿਚ ਮਾਹਰਾਂ ਦੀਆਂ ਸਪੀਚਾਂ ਵੀ ਹੋਣਗੀਆਂ। ਇਸ ਬਾਰੇ ਫੋਰਮ ਦੇ ਮੈਬਰਾਂ ਨੇ ਜਾਣਕਾਰੀ ਦਿੰਦਿਆਂ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਨੂੰ ਵੱਖ ਵੱਖ ਵਰਗਾਂ ਵਿਚ ਵੰਡਿਆ ਗਿਆ ਹੈ। ਗਰੁੱਪ ਏ (ਪ੍ਰੀ-ਸਕੂਲ ਤੋਂ ਐਲੀਮੈਂਟਰੀ), ਗਰੁੱਪ ਬੀ (ਮਿਡਲ ਸਟੈਂਡਰਡ 7 ਅਤੇ 8 ਗਰੇਡ), ਗਰੁੱਪ ਸੀ (ਹਾਈ ਸਕੂਲ ਦੇ ਵਿਦਿਆਰਥੀ), ਗਰੁੱਪ ਡੀ (ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ ਹੋਣਗੇ। ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ ਪਹਿਲਾਂ ਆਪਣੀ ਰਜਿਸਟ੍ਰੇਸ਼ਨ ਕਰਵਾ ਲੈਣ। ਰਜਿਸਟਰੇਸ਼ਨ ਲਈ ਸਪੀਚ ਕੰਪੀਟੀਸ਼ਨ ਸਬਜੈਕਟ ਲਿਖ ਕੇ ਈਮੇਲ ਐਡਰੈਸ IAHForum@Gmail.com 'ਤੇ ਆਪਣਾ ਨਾਮ, ਗਰੁੱਪ ਅਤੇ ਸੰਪਰਕ ਜਾਣਕਾਰੀ ਭੇਜੋ। ਦਿੱਤੇ ਹੋਏ ਮਜਮੂਨਾਂ ਤੋਂ ਬਾਹਰ ਦੀ ਸਪੀਚ ਨੂੰ ਮਨਜ਼ੂਰ ਨਹੀਂ ਕੀਤਾ ਜਾਵੇਗਾ। ਸਾਰੇ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਪਾਰਟੀਸਿਪੇਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਏ ਤੋਂ ਬੀ ਤੱਕ ਦੇ ਪਹਿਲੇ ਤਿੰਨ ਸਥਾਨਾਂ ਤੇ



ਰਹਿਣ ਵਾਲਿਆਂ ਨੂੰ ਕ੍ਰਮਵਾਰ 150 ਡਾਲਰ , 100 ਡਾਲਰ ਤੇ 75 ਡਾਲਰ ਦੇ ਇਨਾਮ ਦਿੱਤੇ ਜਾਣਗੇ ਜਦਕਿ, ਸੀ ਅਤੇ ਡੀ ਗਰੁੱਪ ਵਾਲੇ ਪਹਿਲੇ ਤਿੰਨ ਉਮੀਦਵਾਰਾਂ ਨੂੰ ਕ੍ਰਮਵਾਰ 200 ਡਾਲਰ, 150 ਡਾਲਰ ਅਤੇ 100 ਡਾਲਰ ਇਨਾਮ ਵਜੋਂ ਦਿਤੇ ਜਾਣਗੇ।

ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ (618 0156) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# *ਦੁਬਈ :* ਗੁਰੂ ਨਾਨਕ ਦਰਬਾਰ ਗੁਰਦੁਆਰੇ ਵਿੱਚ ਇਫ਼ਤਾਰ ਦੀ ਦਾਅਵਤ

**ਦੁਬਈ/ਬਿਊਰੋ ਨਿਊਜ਼ :** ਇਥੇ ਖਾੜੀ ਖੇਤਰ ਦੇ ਸਭ ਤੋਂ ਵੱਡੇ ਗੁਰਦੁਆਰੇ ਨੇ ਆਪਸੀ ਪ੍ਰੇਮ ਦਾ ਪੈਗ਼ਾਮ ਦਿੰਦਿਆਂ ਇਫ਼ਤਾਰ ਦੀ ਦਾਅਵਤ ਦਿੱਤੀ, ਜਿਸ ਵਿੱਚ ਵੱਖ ਵੱਖ ਧਰਮਾਂ ਅਤੇ 30 ਤੋਂ ਵੱਧ ਮੁਲਕਾਂ ਦੇ ਨਾਗਰਿਕਾਂ ਨੇ ਇਕੱਠਿਆਂ ਰੋਜ਼ਾ ਖੋਲ੍ਹਿਆ। ਸਹਿਣਸ਼ੀਲਤਾ ਤੇ ਦਾਨ ਦੀ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਗੁਰੂ ਨਾਨਕ ਦਰਬਾਰ ਗੁਰਦੁਆਰੇ ਨੇ ਰਮਜ਼ਾਨ ਦੇ ਪਵਿੱਤਰ ਮਹੀਨੇ ਨੂੰ ਮੁੱਖ ਰੱਖਦਿਆਂ 30 ਤੋਂ ਵੱਖ ਮੁਲਕਾਂ ਦੇ ਤਕਰੀਬਨ 120 ਨਾਗਰਿਕਾਂ ਦੇ ਰੋਜ਼ਾ ਖੋਲ੍ਹਣ ਲਈ ਇਫ਼ਤਾਰ ਦਾ ਪ੍ਰਬੰਧ ਕੀਤਾ ਸੀ।

ਗੁਰਦੁਆਰੇ ਵਿੱਚ ਸ਼ਾਮ ਦੀ ਨਮਾਜ਼ ਪੜ੍ਹੀ ਗਈ ਅਤੇ ਮੁਸਲਮਾਨਾਂ ਨੇ ਪਾਣੀ, ਖਜੂਰਾਂ ਅਤੇ ਭਾਰਤੀ ਪਕਵਾਨਾਂ ਨਾਲ ਰੋਜ਼ਾ ਖੋਲ੍ਹਿਆ। ਬਾਅਦ 'ਚ ਉਨ੍ਹਾਂ ਨੇ ਜੇਬੇਲ ਅਲੀ ਵਿੱਚ ਗੁਰਦੁਆਰੇ ਅੰਦਰ ਪ੍ਰਾਥਨਾ ਕੀਤੀ। ਗੁਰੂ ਨਾਨਕ ਦਰਬਾਰ ਗੁਰਦੁਆਰੇ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਦੇ ਹਵਾਲੇ ਨਾਲ ਖ਼ਲੀਜ ਟਾਈਮਜ਼' ਨੇ ਲਿਖਿਆ ਕਿ ਬੁੱਧਵਾਰ ਦੀ ਇਫ਼ਤਾਰ ਲੋਕਾਂ ਨੂੰ ਇਕੱਠੇ ਕਰਨ ਲਈ ਸੀ। ਸ੍ਰੀ ਕੰਧਾਰੀ ਨੇ ਕਿਹਾ, ਵਿਸ਼ਵ ਅੱਜ ਕੱਟੜਵਾਦ ਨਾਲ ਜੂਝ ਰਿਹਾ ਹੈ ਅਤੇ ਇਸ ਨੂੰ ਮਾਤ ਦੇਣ ਦਾ ਸਭ ਤੋਂ ਵਧੀਆ ਰਾਹ ਵੱਖ ਵੱਖ ਧਰਮਾਂ ਅਤੇ ਮੁਲਕਾਂ ਦੇ ਲੋਕਾਂ ਵਿਚਾਲੇ ਮਿੱਤਰਤਾ ਦੀ ਭਾਵਨਾ ਪੈਦਾ ਕਰਨਾ ਹੈ। ਇਹ ਕੇਵਲ ਗੱਲਬਾਤ ਰਾਹੀਂ ਹੋ ਸਕਦਾ ਹੈ।' ਦੁਬਈ ਵਿੱਚ ਭਾਰਤੀ ਕੌਂਸਲ ਜਨਰਲ



ਵਿਪੁਲ ਨੇ ਕਿਹਾ ਕਿ ਸਾਰੇ ਧਰਮਾਂ ਤੇ ਭਾਈਚਾਰਿਆਂ ਨੂੰ ਇਕ ਮੰਚ 'ਤੇ ਲਿਆ ਕੇ ਇਹ ਗੁਰਦੁਆਰਾ ਵੱਡੀ ਸੇਵਾ ਕਰ ਰਿਹਾ ਹੈ। ਉਨ੍ਹਾਂ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਇਸ ਗੁਰਦੁਆਰੇ ਨੇ ਅਪ੍ਰੈਲ ਵਿੱਚ 101 ਮੁਲਕਾਂ ਦੇ ਨਾਗਰਿਕਾਂ ਲਈ ਨਾਸ਼ਤੇ ਦਾ ਪ੍ਰਬੰਧ ਕਰਕੇ ਗਿੰਨੀਜ਼ ਵਿਸ਼ਵ ਰਿਕਾਰਡ ਬਣਾਇਆ ਸੀ। ਰੋਜ਼ਾਨਾ ਗੁਰਦੁਆਰੇ ਆਉਣ ਵਾਲੇ ਬੈਲਜੀਅਮ ਦੇ ਮਿਚੇਲ ਪੀਟਰਜ਼ ਨੇ ਕਿਹਾ ਕਿ ਇਕ ਇਸਾਈ ਵਜੋਂ ਗੁਰਦੁਆਰੇ ਵਿੱਚ ਇਫ਼ਤਾਰ ਦੀ ਦਾਅਵਤ ਉਤੇ ਜਾਣਾ ਯੂਏਈ ਵਿੱਚ ਇਕ ਬੇਹੱਦ ਖ਼ਾਸ ਤਜਰਬਾ ਸੀ।

# ਭਾਰਤੀ ਕੁੜੀ ਨੂੰ ਹਾਦਸੇ ਵਿਚ ਮਾਰਨ ਲਈ ਡਰਾਈਵਰ ਨੂੰ ਜੇਲ੍ਹ

**ਸੈਨ ਹੋਜ਼ੇ/ਹੁਸਨ ਲੜੋਆ ਬੰਗਾ:** ਦੋ ਸਾਲ ਪਹਿਲਾਂ ਯੇਰਬਾ ਬਿਊਨਾ ਰੋਡ 'ਤੇ ਤੇਜ਼ ਰਫ਼ਤਾਰ ਗੱਡੀ ਚਲਾਉਣ ਨਾਲ ਵਾਪਰੇ ਹਾਦਸੇ ਕਾਰਨ ਡਰਾਈਵਰ ਗੈਬਰੀਅਲ ਬੇਸੇਰਾ ਐਸਪਾਰਜਾ ਨੂੰ ਇਕ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਸ ਹਾਦਸੇ ਵਿਚ 24 ਸਾਲਾ ਭਾਰਤੀ ਕੁੜੀ ਕਿਰਨ ਪਾਬਲਾ ਦੀ ਮੌਤ ਹੋ ਗਈ ਸੀ ਜੋ ਕਿ ਉਸ ਵੇਲੇ ਜੌਗਿੰਗ ਕਰ ਰਹੀ ਸੀ। ਦੋਸ਼ੀ ਨੂੰ ਅਣਗਹਿਲੀ ਨਾਲ ਤੇਜ਼ ਰਫ਼ਤਾਰ ਗੱਡੀ ਚਲਾ ਕੇ ਹਾਦਸਾ ਕਰਨ ਅਤੇ ਸਰੀਰ ਨੂੰ ਭਾਰੀ ਸੱਟ ਪਹੁੰਚਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇੱਕ ਸਾਲ ਦੀ ਜੇਲ੍ਹ ਤੋਂ ਇਲਾਵਾ ਦੋਸ਼ੀ ਨੂੰ 3 ਸਾਲ ਲਈ ਪੋਬੇਸ਼ਨ ਦੀ ਸਜ਼ਾ ਵੀ ਦਿੱਤੀ ਗਈ ਹੈ ਤੇ ਇਸ ਦੇ ਨਾਲ 300 ਘੰਟੇ ਦੀ ਕਮਿਉਨਿਟੀ ਸਰਵਿਸ ਕਰਨ ਲਈ ਕਿਹਾ ਗਿਆ ਸੀ। ਦੋਸ਼ੀ ਦੀ ਤਰਫ਼ੋ ਵਕੀਲ ਰਿਚਰਡ ਪੁਇੰਟਰ ਨੇ ਕਿਹਾ ਕਿ ਦੋਸ਼ੀ ਨੇ ਪਰਿਵਾਰ ਨੂੰ ਉਨ੍ਹਾਂ ਦੀ ਬੇਟੀ ਦੀ ਮੌਤ 'ਤੇ ਡੂੰਘਾ ਦੁੱਖ ਜ਼ਾਹਿਰ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਇਹ ਇਕ ਹਾਦਸਾ ਸੀ।

ਦਸਣਯੋਗ ਹੈ ਕਿ ਪਾਬਲਾ ਉਸ ਸਵੇਰ ਨੂੰ ਜੌਗਿੰਗ ਕਰ ਰਹੀ ਸੀ ਜਦੋਂ ਬਿਊਨਾ ਦੀ ਨਿਸਾਨ ਅਲਟੀਮਾ ਤੇਜ਼ ਰਫ਼ਤਾਰ ਬੀ ਐਮ ਅਬਲਯੂ ਨਾਲ ਟਕਰਾ ਗਈ ਤੇ ਉਸ ਦੀ ਗੱਡੀ ਨੇ ਜੌਗਿੰਗ ਕਰ ਰਹੀ ਪਾਬਲਾ ਨੂੰ ਦਰੱਖਤ ਨਾਲ ਟਕਰਾ ਮਾਰਿਆ ਜੋ ਉਸ ਕੁੜੀ ਦੇ ਘਰ ਅਤੇ ਉਸ ਦੇ ਸਕੂਲ ਤੋਂ ਕੇਵਲ ਇਕ ਮੀਲ ਦੂਰ ਸੀ। ਦੂਜੇ ਡਰਾਈਵਰ ਮੈਨੁਅਲ ਐਂਟੋਨੀ ਮਾਲਡੋਨਾਡੋ ਐਵਲੋਸ ਨੂੰ ਇਸ ਮਾਮਲੇ ਵਿਚ ਬਰੀ ਕਰ ਦਿੱਤਾ। ਦੋਵਾਂ ਨੂੰ ਬਰਾਬਰ ਦੇ ਦੋਸ਼ਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। ਮੁਢਲੇ ਤੌਰ 'ਤੇ ਪੁਲਿਸ ਦਾ ਮੰਨਣਾ ਸੀ ਕਿ ਦੋਵੇਂ ਆਪੋ ਆਪਣੀ ਕਾਰਾਂ ਨਾਲ ਰੇਸ ਲਗਾ ਰਹੇ ਸੀ. ਪਰ ਇਸ ਗੱਲ ਨੂੰ ਪੁਲਿਸ ਅਦਾਲਤ ਵਿਚ ਪੇਸ਼ ਨਾ ਕਰ ਸੀ। ਜਿਊਰੀ ਨੂੰ ਇਹ ਫੈਸਲਾ ਕਰਨ ਲਈ 3 ਘੰਟੇ ਤੱਕ ਦਾ ਸਮਾਂ ਲੱਗੇ ਕਿ ਮਾਲਡੋਨਾਡੋ ਦਾ ਇਸ ਹਾਦਸੇ ਵਿਚ ਕਸੂਰ ਨਹੀਂ ਸੀ ਪਰ ਗੈਬਰੀਅਲ ਹੀ ਇਸ ਹਾਦਸੇ ਦਾ ਕਾਰਨ ਬਣਿਆ।

# ਪੀ ਸੀ ਐਸ ਨੇ 17ਵੀਂ ਪੰਜਾਬੀ ਗਰੈਜੂਏਸ਼ਨ ਤੇ ਸਕਾਲਰਸ਼ਿਪ ਐਵਾਰਡ ਨਾਈਟ ਮਨਾਈ





ਸ਼ਿਕਾਗੋ/ ਬਿਊਰੋ ਨਿਊਜ਼ :

ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਨੇ ਬੀਤੇ ਦਿਨੀਂ ਆਪਣੀ 17ਵੀਂ ਪੰਜਾਬੀ ਯੂਥ ਗਰੈਜ਼ੁਏਸ਼ਨ ਐਂਡ ਸਕਾਲਰਸ਼ਿਪ ਐਵਾਰਡ ਨਾਈਟ ਵਾਇਸਰਾਏ ਆਫ਼ ਇੰਡੀਆ ਬੈਕੁਇਟਸ ਲੋਮਬਾਰਡ, ਇਲੀਨੋਇਸ ਵਿਖੇ ਮਨਾਈ। ਇਸ ਵਿਚ 250 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ।

ਪੀ ਸੀ ਐਸ ਦੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਨੇ ਮਹਿਮਾਨਾਂ ਨੂੰ ਜੀ ਆਇਆ ਕਿਹਾ। ਪੀ ਸੀ ਐਸ ਚੇਅਰਮੈਨ ਹਰਦਿਆਲ ਸਿੰਘ ਦਿਓਲ ਨੇ ਵੀ ਸਰੋਤਿਆਂ ਨੂੰ ਸੰਬੋਧਨ ਕੀਤਾ। ਪੀ ਸੀ ਐਸ ਵੱਲੋਂ 29 ਅਪ੍ਰੈਲ ਨੂੰ ਮਨਾਈ ਗਈ ਵਿਸਾਖੀ ਦੌਰਾਨ ਰੰਗਲਾ ਪੰਜਾਬ 2012 ਵਿਚ ਹਿੱਸਾ ਲੈਣ ਵਾਲੇ ਪ੍ਰਤੀਯੋਗੀਆਂ ਨੂੰ ਇਨਾਮ ਦਿੱਤੇ ਗਏ। ਪੰਜਾਬੀ ਕਲਾਸਾਂ ਵਿਚ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਡਾ. ਨਵਦੀਪ ਕੌਰ ਸੰਧੂ ਵੱਲੋਂ ਸਰਟੀਫਿਕੇਟ ਦਿੱਤੇ ਗਏ।

ਲਿਓਲਾ ਯੂਨੀਵਰਸਿਟੀ ਮੈਡੀਕਲ ਸੈਂਟਰ ਦੇ ਪ੍ਰੋਫੈਸਰ ਡਾ. ਜਸਵਿੰਦਰ ਸਿੰਘ ਚਾਵਲਾ ਨੇ ਮੁੱਖ ਭਾਸਣ ਦਿੰਦਿਆਂ ਬੱਚਿਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ।

ਹੰਦਲੇ ਹਾਈ ਸਕੂਲ ਦੇ ਹਰਪਾਲ ਸਿੰਘ ਨੇ ਪੀ ਸੀ ਐਸ ਸਕਾਲਰਸ਼ਿਪ ਜਿੱਤੀ। ਹਰਿੰਦਰਪਾਲ ਸਿੰਘ ਨੇ ਹਰਪਾਲ ਸਿੰਘ ਨੂੰ ਇਨਾਮ ਭੇਂਟ ਕੀਤਾ। ਬਾਰਦਲੈਂਟ ਹਾਈ ਸਕੂਲ ਦੀ ਸੁਰਪ੍ਰੀਤ ਕੌਰ ਦੂਸਰੇ ਸਥਾਨ ਤੇ ਰਹੀ, ਜਿਸ ਨੂੰ ਪੈਲਾਟਾਈਨ ਦੇ ਭੁਪਿੰਦਰ ਸਿੰਘ ਧਾਲੀਵਾਲ ਵੱਲੋਂ ਸਨਮਾਨਿਤ ਕੀਤਾ ਗਿਆ।

ਸਕਾਲਰਸ਼ਿਪ ਅਤੇ ਇਵੈਂਟ ਨੂੰ ਮੋਹਿਨਾ ਆਹਲੂਵਾਲੀਆ ਵੱਲੋਂ ਦਲਜੀਤ ਸਿੰਘ ਆਹਲੂਵਾਲੀਆ ਦੀ ਯਾਦ ਵਿਚ ਡਾ. ਦਲਜੀਤ ਕੌਰ ਸਿੰਘ, ਕਰਮਜੀਤ ਕੌਰ ਸਿੰਘ, ਹਰਜੀਤ ਕੌਰ ਸਿੰਘ ਵੱਲੋਂ ਆਪਣੇ ਪਿਤਾ ਡਾ. ਪ੍ਰੀਤਮ ਸਿੰਘ ਦੀ ਯਾਦ ਵਿਚ, ਡਾ. ਸੁਰਜੀਤ ਸਿੰਘ ਪਠੇਜਾ, ਨਰਿੰਦਰ ਸਿੰਘ, ਭੁਪਿੰਦਰ ਸਿੰਘ ਧਾਲੀਵਾਲ, ਸੁਖਮੇਲ ਸਿੰਘ ਅਟਵਾਲ, ਹਰਦਿਆਲ ਸਿੰਘ ਦਿਓਲ, ਹਰਕੇਵਲ ਸਿੰਘ ਲਾਲੀ ਸ਼ਾਮਲ ਹੋਏ।

# ਛਤਰੀ ਮੈਮੋਰੀਅਲ ਵਿਖੇ ਸਿੱਖ ਤੇ ਭਾਰਤੀ ਫੌਜੀਆਂ ਨੂੰ ਸ਼ਰਧਾਂਜਲੀ

**ਬਰਿਗਹਟਨ/ਬਿਊਰੋ ਨਿਊਜ਼:** ਪਹਿਲੀ ਸੰਸਾਰ ਜੰਗ ਦੌਰਾਨ ਭਾਰਤ ਵਲੋਂ ਲੜਨ ਵਾਲੇ ਜੰਗੀ ਯੋਧਿਆਂ ਦੀ ਯਾਦ ਵਿਚ ਬੀਤੇ ਦਿਨੀਂ ਸੈਕੜੇ ਲੋਕਾਂ ਵੱਲੋਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਭਾਰਤੀ ਹਾਈ ਕਮਿਸ਼ਨਰ ਵਾਈ ਕੇ ਸਿਨਹਾ, ਦੀ ਲਾਰਡ ਲੈਫਟੀਨੈਂਟ ਆਫ਼ ਈਸਟ ਸੁਸੈਕਸ ਪੀਟਰ ਫੀਲਡ, ਹਾਈ ਸੈਰਿਫ ਮੌਰੀਨ ਚੌਨ, ਬਰਿਗਹਟਨ ਅਤੇ ਹੂਵ ਮੇਅਰ ਮੋ ਮਾਰਸ਼ ਅਤੇ ਚੀਫ਼ ਕਾਂਸਟੇਬਲ ਗਿਲਸ ਯੌਰਕ ਵੱਲੋਂ ਫੁੱਲ ਮਲਾਵਾਂ ਚੜ੍ਹਾਈਆਂ ਗਈਆਂ। ਇਨ੍ਹਾਂ ਤੋਂ ਇਲਾਵਾ ਕੌਂਸਲ ਲੀਡਰ ਵਾਰਨ ਮੋਰਗਨ ਅਤੇ ਸ਼ਹਿਰ ਦੇ ਸੀ ਈ ਓ ਨੇ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਬਰਤਾਨਵੀਂ ਤੇ ਭਾਰਤੀ ਫੌਜਾਂ ਦੀਆਂ ਵੱਖ ਵੱਖ ਯੂਨਿਟਾਂ ਨੇ ਰੌਇਲ ਬ੍ਰਿਟਿਸ਼ ਲੀਜਨ ਦੀ ਪ੍ਰਤੀਨਿਧਤਾ ਕੀਤੀ। ਸਾਬਕਾ ਫੌਜੀਆਂ ਦੀਆਂ ਸੰਸਥਾਵਾਂ ਅਤੇ ਸਥਾਨਕ ਕੈਡਿਟਾ, ਖ਼ਾਸ ਤੌਰ ਤੇ ਸੁਸੈਕਸ ਆਰਮੀ ਕੈਡਿਟ ਫੌਰਸ ਵਿਚਲੀਆਂ ਯੂਨਿਟਾਂ ਨੇ ਇਸ ਮੌਕੇ ਸ਼ਿਰਕਤ ਕੀਤੀ। ਸਿੱਖ ਕਮਿਊਨਿਟੀ ਅਤੇ ਯੂਥ ਸਰਵਿਸਿਜ਼ ਯੂ ਕੇ ਦੀ ਅਗਵਾਈ ਚੇਅਰਮੈਨ ਦਲ ਸਿੰਘ ਢੇਸੀ ਵੱਲੋਂ ਕੀਤੀ ਗਈ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਸਮੇਂ ਉਨ੍ਹਾਂ ਨਾਲ ਰਣਬੀਰ ਸਿੰਘ ਵਿਰਦੀ, ਸੋਹਨ ਸਿੰਘ ਢੇਸੀ, ਤੇਜਿੰਦਰਪਾਲ ਸਿੰਘ ਬੈਂਸ, ਰਣਜੀਤ ਸਿੰਘ ਰੰਧਾਵਾ ਅਤੇ ਬਲਵਿੰਦਰ ਸਿੰਘ ਚਾਹਲ ਵੀ ਹਾਜ਼ਰ ਸਨ।

ਇਟਲੀ ਵਸਦੇ ਬਲਵਿੰਦਰ ਸਿੰਘ ਚਾਹਲ ਸਿੱਖ ਫੌਜੀਆਂ ਵੱਲੋਂ ਸੰਸਾਰ ਜੰਗ ਦੌਰਾਨ ਪਾਏ ਗਏ ਯੋਗਦਾਨ ਅਤੇ ਇਤਿਹਾਸਕ ਪੱਖ ਨੂੰ ਘੋਖਦਿਆਂ ਸਿੱਖ ਫੌਜੀ ਨਾਂ ਦੀ ਕਿਤਾਬ ਲਿਖ ਰਹੇ ਹਨ।

ਇਸ ਪ੍ਰੋਗਰਾਮ ਦੇ ਬੁਲਾਰੇ ਅਤੇ ਪ੍ਰਬੰਧਕ ਦਵਿੰਦਰ ਸਿੰਘ ਢਿੱਲੋਂ, ਜੋ ਛਤਰੀ ਮੈਮੋਰੀਅਲ ਗਰੁੱਪ ਦੇ ਚੇਅਰਮੈਨ ਵੀ ਹਨ, 16 ਵਰ੍ਹਿਆਂ ਤੋਂ ਇਸ ਈਵੈਂਟ ਨਾਲ ਜੁੜੇ ਹੋਏ ਹਨ। ਇਹ ਇਵੈਂਟ 67ਵਾਂ ਸੀ ਜੋ 1951 ਵਿਚ ਰੋਇਲ ਬ੍ਰਿਟਿਸ ਲੀਗਲ ਵੱਲੋਂ ਸ਼ੁਰੂ ਕੀਤਾ ਗਿਆ ਸੀ।

ਦਲ ਸਿੰਘ ਢੇਸੀ ਨੇ ਕਿਹਾ ਕਿ ਇਹ ਬਹੁਤ ਚੰਗੀ ਗੱਲ ਹੈ ਕਿ ਵੱਡੀ ਗਿਣਤੀ ਵਿਚ ਲੋਕ ਸ਼ਰਧਾਂਜਲੀ ਭੇਂਟ ਕਰਨ ਲਈ ਪੁੱਜਦੇ ਹਨ। ਅਗਲੇ ਵਰ੍ਹੇ 10 ਜੂਨ, ਐਤਵਾਰ ਨੂੰ ਸਾਲਾਨਾ ਮੈਮੋਰੀਅਲ ਇਵੈਂਟ ਵਾਲੀ ਥਾਂ ਤੇ ਪੁੱਜਣ ਲਈ ਗੁਰਦੁਆਰਿਆ ਵੱਲੋਂ ਬਾਰੇ ਜਾਣਕਾਰੀ ਲਈ ਵੈਬਸਾਈਟ www.chattri.org ਤੇ ਕਲਿੱਕ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਛਤਰੀ ਮੈਮੋਰੀਅਲ ਗਰੁੱਪ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ। ਬ੍ਰਿਟਿਸ ਫੌਜ ਨਾਲ ਮਿਲ ਕੇ ਸਿੱਖਾਂ ਤੇ ਗੈਰ ਸਿੱਖਾਂ ਨੇ ਸੰਸਾਰ ਜੰਗ ਲੜੀ ਸੀ, ਜਿਸ ਵਿਚ ਕਈ ਜਵਾਨ ਮਾਰੇ ਗਏ ਸਨ।

# ਸ਼ਾਇਰ ਗੁਰਦਿਆਲ ਸਿੰਘ 'ਨੂਰਪੁਰੀ' ਦੀਆਂ ਕਾਵਿ ਪੁਸਤਕਾਂ ਲੋਕ ਅਰਪਣ

**ਯੂਨੀਅਨ ਸਿਟੀ/ਪ੍ਰਮਿੰਦਰ ਸਿੰਘ ਪ੍ਰਵਾਨਾ:** ਪ੍ਰੌੜ ਸਾਹਿਤਕਾਰ ਅਤੇ ਸੂਖਮਭਾਵੀ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀਆਂ ਕਾਵਿ ਪੁਸਤਕਾਂ "ਰਹਿਮਤਾਂ" ਅਤੇ "ਤਰਕਾਂ" ਯੂਨੀਅਨ ਸਿਟੀ ਲਾਇਬਰੇਰੀ ਵਿਖੇ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਮੌਕੇ ਲੋਕ ਅਰਪਣ ਹੋਈਆਂ। ਸਾਂਝਾ ਸਭਿਆਚਾਰਕ ਮੰਚ ਅਮਰੀਕਾ ਵੱਲੋਂ ਪੁਸਤਕਾਂ ਸਬੰਧੀ ਕਰਵਾਏ ਇਸ ਸਾਹਿਤਕ ਸਮਾਗਮ ਦੀ ਸ਼ੁਰੂਆਤ ਕਰਦਿਆਂ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਕਾਵਿ ਪੁਸਤਕਾਂ ਨੂੰ ਦੋ ਧਰਾਤਲ ਤੇ ਇਕ ਪੰਜਾਬ ਦੀ ਖੁਸ਼ਬੂ ਕਰਾਰ ਦਿੰਦਿਆਂ ਕਿਹਾ ਕਿ ਕਵੀ ਨੇ ਪੁਰਾਤਨ ਅਤੇ ਅਜੋਕੇ ਪੰਜਾਬ ਦੀ ਨਿਘਰਦੀ ਜਾਂਦੀ ਹਾਲਤ ਅਤੇ ਸਾਰੇ ਦੁਖਾਂਤ ਨੂੰ ਇਕ ਕਲਾਵੇ ਵਿਚ ਲੈ ਕੇ ਦਰਦ ਵੰਡਾਇਆ ਹੈ।

ਕਵੀ ਨੇ ਸੁਨੇਹਾ ਦਿੱਤਾ ਹੈ ਕਿ ਪੰਜਾਬ ਦੀ ਰੌਣਕ ਮੋੜ ਲਿਆਉਣ ਲਈ ਹਰ ਇਕ ਨੂੰ ਕੰਮ ਕਰਕੇ ਵਿਖਾਉਣਾ ਚਾਹੀਦਾ ਹੈ। ਵਿਸ਼ੇਸ਼ ਰੂਪ ਵਿਚ ਇਤਿਹਾਸ, ਕਦਰਾਂ ਕੀਮਤਾਂ, ਟੁਟਦੇ ਰਿਸ਼ਤਿਆਂ ਅਤੇ ਕੁਰਾਹੇ ਪਏ ਸਮਾਜ ਨੂੰ ਬਚਾਉਣ/ਮੋੜ ਲਿਆਉਣ ਦਾ ਤਰਲਾ ਹੈ। ਸਮਸਿਆਵਾਂ ਦਾ ਨਸੀਅਤ ਨਾਲ ਹੱਲ ਵੀ ਦਸਿਆ ਹੈ। ਵਰਨਣਯੋਗ ਹੈ ਕਿ ਨੂਰਪੁਰੀ ਧਾਰਮਿਕ ਕਵੀ ਦਰਬਾਰਾਂ ਦੀ ਵੀ ਸ਼ਾਨ ਮੰਨੇ ਜ਼ਾਦੇ ਹਨ। ਉਹ ਅਖਬਾਰਾਂ ਅਤੇ ਰੇਡੀਓ ਰਾਹੀਂ ਵੀ ਅਕਸਰ ਆਪਣੀਆਂ ਕਵਿਤਾਵਾਂ ਸਾਂਝੀਆਂ ਕਰਦੇ ਰਹਿੰਦੇ ਹਨ।

ਪ੍ਰਸਿੱਧ ਗੀਤਕਾਰ ਅਜੈਬ ਸਿੰਘ ਚੀਮਾ ਵੱਲੋਂ ਪੁਸਤਕਾਂ ਲੋਕ



ਅਰਪਣ ਕੀਤੀਆਂ ਗਈਆਂ।

ਇਸ ਮੌਕੇ ਕਵੀ ਦਰਬਾਰ ਜਨਾਬ ਈਸ਼ਰ ਸਿੰਘ ਮੋਮਨ, ਅਮਰਜੀਤ ਜੋਹਲਾ, ਮਹਿੰਗਾ ਸਿੰਘ ਸਰਪੰਚ, ਅਜੈਟ ਸਿੰਘ ਚੀਮਾ, ਪ੍ਰਮਿੰਦਰ ਸਿੰਘ ਪ੍ਰਵਾਨਾ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੋਂਟ, ਤਰਸੇਮ ਸਿੰਘ ਸੁਮਨ, ਲਾਲ ਸਿੰਘ ਭੱਟੀ, ਰੈਕੋ, ਸੁਰਿੰਦਰ ਸਿੰਘ ਨੂਰਪੁਰੀ, ਰਾਜ ਜੱਗੀ ਅਤੇ ਨਿਰਮਲਾ ਦੇਵੀ ਅਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਮੰਚ ਸੰਚਾਲਨ ਪ੍ਰਸਿੱਧ ਫਨਕਾਰ ਧਰਮਪਾਲ ਪ੍ਰਦੇਸ਼ੀ (ਰੋਕੋ) ਅਤੇ ਸਾਹਿਤਕਾਰ 'ਪ੍ਰਵਾਨਾ' ਵੱਲੋਂ ਬਾਖ਼ੂਬ ਨਿਭਾਇਆ ਗਿਆ। ਪਰਿਵਾਰ ਵੱਲੋਂ ਪਿਆਰਾ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਨੂਰਪੁਰੀ ਵੱਲੋਂ ਸਮਾਗਮ ਦੀ ਸਫਲਤਾ ਤੇ ਮੰਚ ਦਾ ਧੰਨਵਾਦ ਕੀਤਾ ਅਤੇ ਸਭ ਦੇ ਸ਼ਾਮਲ ਹੋਣ ਤੇ ਖੁਸ਼ੀ ਪ੍ਰਗਟਾਈ।

ਪਰਿਵਾਰਕ ਮੈਂਬਰ, ਦੋਸਤ ਅਤੇ ਰਿਸ਼ਤੇਦਾਰਾਂ ਵਿਚ ਗੁਰਵਿੰਦਰ ਸਿੰਘ ਵਿੱਕ, ਰਣਬੀਰ ਸਿੰਘ, ਤ੍ਰਿਪਤ ਕੌਰ, ਜਸਵਿੰਦਰ ਸਿੰਘ ਢੀਂਡਸਾ, ਬਿਕਰ ਸਿੰਘ ਬਰਾੜ, ਬਿਕਰਮ ਸਿੰਘ, ਜਗਦੀਸ਼ ਕੌਰ, ਗੁਰਸੈਵ ਸਿੰਘ ਮਠਾੜੂ, ਜਗਦੀਸ਼ ਰੰਧਾਵਾ, ਮਨਜੀਤ ਕੌਰ, ਬਲਬੀਰ ਕੌਰ, ਰਸ਼ਪਾਲ ਕੌਰ, ਮਨਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਮਨਦੀਪ ਸਿੰਘ, ਕੁਲਦੀਪ ਬੰਗਾ, ਕਸ਼ਮੀਰ ਲਹਿਲ, ਜਸਪਾਲ ਸਿੰਘ, ਸਤਪਾਲ ਸਿੰਘ ਮਦਾਰ ਅਤੇ ਹਰਬਿੰਦਰ ਕੌਰ ਮਦਾਰ ਸ਼ਾਮਲ ਸਨ। ਮੰਚ ਦਾ ਅਗਲਾ ਪ੍ਰੋਗਰਾਮ ਅਗਸਤ-ਸਤੰਬਰ 2017 ਨੂੰ ਹੋਵੇਗਾ।

## ਭਾਰਤ- ਪਾਕਿ 'ਚ ਤਣਾਅ ਕਾਰਨ ਸਿੱਖ ਸ਼ਰਧਾਲੂ ਨਹੀਂ ਜਾ ਸਕਣਗੇ ਪਾਕਿਸਤਾਨ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਭਾਰਤ ਅਤੇ ਪਾਕਿਸਤਾਨ ਵਿਚਾਲੇ ਚਲ ਰਹੇ ਤਣਾਅ ਦੌਰਾਨ ਸੁਰੱਖਿਆ ਦੇ ਮੱਦੇਨਜ਼ਰ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਪ੍ਰਵਾਨਗੀ ਨਾ ਦਿੱਤੇ ਜਾਣ ਕਾਰਨ ਇਸ ਵਾਰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਨਹੀਂ ਜਾ ਸਕੇਗਾ। ਸਿੱਖ ਸ਼ਰਧਾਲੂਆਂ ਦਾ ਇਹ ਜੱਥਾ 21-22 ਜੂਨ ਨੂੰ ਇਥੋਂ ਪਾਕਿਸਤਾਨ ਜਾਣਾ ਸੀ, ਜਿਸ ਨੇ 15 ਹਾੜ ਭਾਵ 29 ਜੂਨ ਨੂੰ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਬਰਸੀ ਸਮਾਗਮ ਮਨਾਉਣ ਮਗਰੋਂ ਦੇਸ਼ ਪਰਤਣਾ ਸੀ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਨੇ ਸਿੱਖ ਸ਼ਰਧਾਲੂਆਂ ਦੀ ਇਕ ਸੂਚੀ ਅਤੇ ਪਾਸਪੋਰਟ ਕੇਂਦਰ ਸਰਕਾਰ ਕੋਲ ਭੇਜੇ ਸਨ। ਪਰ ਮੌਜੂਦਾ ਤਣਾਅ ਕਾਰਨ ਸੁਰੱਖਿਆ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਭੇਜਣ ਦੀ ਪ੍ਰਵਾਨਗੀ ਨਹੀਂ ਦਿੱਤੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੇਂਦਰ ਦੇ ਵਿਦੇਸ਼ ਮਾਮਲਿਆਂ ਬਾਰੇ ਵਿਭਾਗ ਨਾਲ ਸੰਪਰਕ ਕੀਤਾ ਸੀ, ਜਿਨ੍ਹਾਂ ਨੇ ਖੁਲਾਸਾ ਕੀਤਾ ਕਿ ਸੁਰੱਖਿਆ ਦੇ ਮੱਦੇਨਜ਼ਰ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਜਥੇ ਨੂੰ ਪਾਕਿਸਤਾਨ ਭੇਜਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਵਿਚ ਆਪਣਾ ਰੋਸ ਦਰਜ ਕਰਾਇਆ ਗਿਆ ਹੈ। ਇਸ ਤੋਂ ਪਹਿਲਾਂ ਵੀ ਪੰਜਵੇਂ ਗੁਰੂ ਦੇ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਣ ਵਾਸਤੇ ਵੀਜ਼ੇ ਨਹੀਂ ਦਿੱਤੇ ਗਏ ਸਨ ਅਤੇ ਹੁਣ ਦੂਜੀ ਵਾਰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਮਾਗਮ ਵਾਸਤੇ ਵੀ ਵੀਜ਼ੇ ਦੇਣ ਤੋਂ ਨਾਂਹ ਕੀਤੀ ਗਈ ਹੈ। ਇਸ ਫੈਸਲੇ ਨਾਲ ਸਿੱਖ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

# ਸਿੱਖ ਭਾਵਨਾਵਾਂ ਭੜਕਾਉਣ ਵਾਲਿਆਂ ਨੂੰ ਖੁੱਲ੍ਹੀ ਛੋਟ

## *ਵਿਰੋਧ ਕਰਨ ਵਾਲਿਆਂ ਦੀ ਫੜੋ-ਫੜਾਈ*

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਕੋਈ ਤਿੰਨ ਕੁ ਦਹਾਕੇ ਪਹਿਲਾਂ ਬਾਲੀਵੁੱਡ ਦੀ ਇਕ ਲਵ ਸਟੋਰੀ ਫਿਲਮ ਹਿੱਟ ਹੋਈ ਸੀ ਲੈਲਾ ਮਜਨੂੰ, ਜਿਸਦੇ ਇਕ ਗੀਤ ਦੀਆਂ ਸਤਰਾਂ ਹੁਸਨ ਹਾਜ਼ਰ ਹੈ ਮੁਹੱਬਤ ਕੀ ਸਜ਼ਾ ਪਾਨੇ ਕੋ, ਕੋਈ ਪੱਥਰ ਸੇ ਨਾ ਮਾਰੇ ਮੇਰੇ ਦੀਵਾਨੇ ਕੋ' ਲੋਕਾਂ ਦੀ ਜ਼ੁਬਾਨ 'ਤੇ ਐਸੀਆਂ ਚੜ੍ਹੀਆਂ ਕਿ ਬਾਅਦ ਵਿੱਚ ਕਹਾਵਤ ਹੀ ਬਣ ਗਈਆਂ। ਗੀਤ ਦੇ ਇਹ ਬੋਲ ਉਸ ਵੇਲੇ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ 'ਤੇ ਢੁੱਕਦੇ ਨਜ਼ਰ ਆਉਂਦੇ ਹਨ ਜਦੋਂ ਸਿੱਖਾਂ ਨੂੰ ਚਿੜ੍ਹਾਉਣ ਵਾਲੇ ਕਿਸੇ ਸ਼ਿਵ ਸੈਨਾ ਆਗੂ ਜਾਂ ਵਰਕਰ ਖਿਲਾਫ ਕੋਈ ਸਿੱਖ ਨੌਜਵਾਨ ਤਾੜਨਾ ਭਰਿਆ ਬਿਆਨ ਹੀ ਦਾਗ ਦਿੰਦਾ ਹੈ।




ਸਰਕਾਰੀ ਏਜੰਸੀਆਂ ਦਾ ਇਹ ਵਰਤਾਰਾ ਇਸ ਸਾਲ ਘੱਲੂਘਾਰਾ ਹਫਤਾ ਮਨਾਏ ਜਾਣ ਤੋਂ ਪਹਿਲਾਂ ਉਸ ਵੇਲੇ ਸਾਹਮਣੇ ਆਇਆ ਜਦੋਂ ਅੰਮ੍ਰਿਤਸਰ ਤੋਂ ਸ਼ਿਵ ਸੈਨਾ ਆਗੂਆਂ ਦੇ ਕੁਝ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਪੁਤਲਾ ਸਾੜਣ ਦਾ ਐਲਾਨ ਕਰ ਦਿੱਤਾ। ਬੱਸ ਬਿਆਨ ਸਾਹਮਣੇ ਆਉਣ ਦੀ ਦੇਰ ਸੀ ਕਿ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਸ਼ਿਵ ਸੈਨਾ ਨੂੰ ਤਾੜਨਾ ਕਰਦੇ ਬਿਆਨ ਵੀ ਸਾਹਮਣੇ ਆ ਗਏ। ਸੋਸ਼ਲ ਮੀਡੀਆ ਫੇਸਬੁੱਕ ਅਤੇ ਵਾਟਸਐਪ 'ਤੇ ਤਾਂ ਜਿਵੇਂ ਵੱਖ-ਵੱਖ ਸਿੱਖ ਗਰੁੱਪਾਂ ਵਿੱਚ ਸ਼ਿਵ ਸੈਨਾ ਖਿਲਾਫ ਬਿਆਨਾਂ ਦੀ ਹਨ੍ਹੇਰੀ ਹੀ ਚਲ ਪਈ। ਪੁਲਿਸ ਦੇ ਖੁਫੀਆ ਦਸਤਿਆਂ ਨੇ ਵੀ ਵੇਖਦਿਆਂ ਵੇਖਦਿਆਂ ਵੱਖ-ਵੱਖ ਪੰਥਕ ਸੰਸਥਾਵਾਂ ਤੇ ਨੌਜੁਆਨ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਤੇ ਜਦੋਂ ਯਕੀਨ ਹੋ ਗਿਆ ਕਿ ਹੁਣ ਕੁਝ ਨਹੀਂ ਹੋਵੇਗਾ ਤਾਂ ਇਹ ਘੇਰਾਬੰਦੀ ਨਰਮ ਹੋ ਗਈ। ਉਧਰ 6 ਜੂਨ ਵਾਲੇ ਦਿਨ ਕੁਝ ਸ਼ਿਵ ਸੈਨਕਾਂ ਨੇ ਜਦੋਂ ਪੁਤਲਾ ਸਾੜਨ ਦੀ ਜ਼ੁਰਅਤ ਵਿਖਾਈ ਤਾਂ ਮੌਕੇ 'ਤੇ ਮੌਜੂਦ ਪੁਲਿਸ ਮੂਕ ਦਰਸ਼ਕ ਬਣੀ ਨਜ਼ਰ ਆਈ। ਸ਼ਿਵ ਸੈਨਾ ਦੀ ਇਸ ਹਰਕਤ ਖਿਲਾਫ ਅਵਾਜ਼ ਚੁੱਕਣ ਵਾਲੇ ਸਿੱਖ ਨੌਜੁਆਨ ਹੀ ਗ੍ਰਿਫਤਾਰ ਕਰਕੇ ਥਾਣੇ ਬੰਦ ਕਰ ਦਿੱਤੇ ਗਏ। ਸ਼ਿਵ ਸੈਨਾ ਖਿਲਾਫ ਕਾਫੀ ਰੋਹ ਪ੍ਰਗਟਾਏ ਜਾਣ ਤੋਂ ਬਾਅਦ ਪੁਲਿਸ ਵਲੋਂ ਸ਼ਿਵ ਸੈਨਾ ਆਗੂ ਨੂੰ ਫੜ੍ਹ ਕੇ ਜੇਲ੍ਹ ਭੇਜ ਦਿਤਾ ਜਿਥੋਂ ਉਹ ਦੋ ਦਿਨ ਬਾਅਦ ਹੀ ਜ਼ਮਾਨਤ 'ਤੇ ਬਾਹਰ ਆ ਗਿਆ।

ਦੂਸਰੇ ਪਾਸੇ ਪੁਲਿਸ ਵਲੋਂ ਦਲਜੀਤ ਸਿੰਘ ਬੌਬੀ ਨਾਮ ਦਾ ਇਕ ਨੌਜੁਆਨ ਫੜ੍ਹ ਕੇ ਕਈ ਦਿਨ ਗਾਇਬ ਹੀ ਰੱਖਿਆ ਗਿਆ। ਪਰਿਵਾਰ ਚਾਰ ਦਿਨ ਤੀਕ ਟੱਕਰਾਂ ਮਾਰਦਾ ਰਿਹਾ, ਕਿਸੇ ਵੀ ਪੁਲਸ ਅਧਿਕਾਰੀ ਨੇ ਪੱਲਾ ਨਹੀਂ ਫੜਾਇਆ ਤੇ ਆਖਿਰ ਬੜੀ ਮੁਸ਼ਕਿਲ ਨਾਲ ਬੌਬੀ ਦਾ ਸੁਰਾਗ ਮਿਲਣ 'ਤੇ ਰਿਹਾਈ ਹੋਈ। ਉਧਰ ਕੁਝ ਦਿਨ੍ਹਾਂ ਤੋਂ ਨਵਾਂਸ਼ਹਿਰ ਦੀ ਪੁਲਿਸ ਵਲੋਂ ਅੰਮ੍ਰਿਤਸਰ, ਬਟਾਲਾ ਤੇ ਗੁਰਦਾਸਪੁਰ ਜਿਲ੍ਹਿਆਂ ਵਿੱਚ ਸਿੱਖ ਨੌਜੁਆਨਾਂ ਦੀ ਧੜ-ਪਕੜ ਲਈ ਛਾਪੇ ਮਾਰੀ ਅਤੇ ਸਿੰਘਾਂ ਦੀ ਕੀਤੀ ਗ੍ਰਿਫਤਾਰੀ ਵੀ ਸਾਹਮਣੇ ਆਈ ਹੈ। ਟਕਸਾਲੀ ਅਕਾਲੀ ਆਗੂ ਜਥੇਦਾਰ ਮੋਹਨ ਸਿੰਘ ਮਟੀਆ ਦੇ ਦੋਹਤਰੇ ਵਿੱਕੀ ਦੀ ਗ੍ਰਿਫਤਾਰੀ ਇਸੇ ਕੜੀ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਇਸ ਪੱਤਰਕਾਰ ਵਲੋਂ ਵੱਖ-ਵੱਖ ਸਰੋਤਾਂ ਤੋਂ ਇੱਕਤਰ ਕੀਤੀ ਜਾਣਕਾਰੀ ਅਨੁਸਾਰ, ਪੁਲਿਸ ਵਲੋਂ ਹੁਣ ਤੀਕ ਫੜੇ ਗਏ ਸਿੱਖ ਨੌਜੁਆਨ ਉਹ ਨੌਜੁਆਨ ਹਨ ਜੋ ਫੇਸਬੁੱਕ ਜਾਂ ਵਾਟਸਐਪ 'ਤੇ ਵੱਖ-ਵੱਖ ਗਰੁੱਪਾਂ ਦੇ ਰਾਹੀਂ ਅਜਿਹੇ ਲੋਕਾਂ ਖਿਲਾਫ ਕਾਰਵਾਈ ਕਰਨ ਬਾਰੇ ਪੋਸਟਾਂ ਪਾ ਰਹੇ ਸਨ ਜੋ ਸਿੱਖ ਭਾਵਨਾਵਾਂ ਭੜਕਾ ਰਹੇ ਸਨ। ਦੱਸਿਆ ਗਿਆ ਹੈ ਕਿ ਬੀਤੇ ਦਿਨੀਂ ਪੁਲਿਸ ਵਲੋਂ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਜਥੇਬੰਦੀ ਨਾਲ ਸਬੰਧਤ ਦੱਸੇ ਜਾਂਦੇ ਗ੍ਰਿਫਤਾਰ ਕੀਤੇ ਗਏ ਨੌਜੁਆਨ ਅਤੇ ਇਕ ਬੀਬੀ ਦੇ ਫੇਸਬੁੱਕ ਖਾਤੇ ਨਾਲ ਜੁੜੇ ਸਿੱਖ ਨੌਜੁਆਨਾਂ ਨੂੰ ਵੀ ਘੇਰਨ ਲਈ ਪੁਲਿਸ ਦਿਨ ਰਾਤ ਇੱਕ ਕਰ ਰਹੀ ਹੈ। ਫੜੇ ਗਏ ਨੌਜੁਆਨਾਂ ਨੂੰ ਚੰਡੀਗੜ੍ਹ ਲਿਜਾ ਕੇ ਇਸ ਬੀਬੀ ਦੇ ਸਾਹਮਣੇ ਬਿਠਾ ਕੇ, ਤਫਤੀਸ਼ ਕੀਤੀ ਜਾਂਦੀ ਹੈ।

ਅਜਿਹੀਆਂ ਰਿਪੋਰਟਾਂ ਹੀ ਸੂਬੇ ਦੇ ਬਾਕੀ ਜਿਲ੍ਹਿਆਂ ਵਿੱਚੋਂ ਆ ਰਹੀਆਂ ਹਨ। ਇਹ ਪੁਲਿਸ ਗ੍ਰਿਫਤਾਰੀਆਂ ਉਨ੍ਹਾਂ 22 ਸਿੱਖ ਨੌਜੁਆਨਾਂ ਨਾਲੋਂ ਅਲੱਗ ਹਨ ਜਿਨ੍ਹਾਂ ਨੂੰ "ਅੱਤਵਾਦੀ" ਆਖ ਕੇ ਗ੍ਰਿਫਤਾਰ ਕੀਤੇ ਜਾਣ ਦਾ ਮਾਮਲਾ ਮੀਡੀਆ ਦੇ ਵੱਖ-ਵੱਖ ਹਿੱਸਿਆਂ 'ਚ ਉਜਾਗਰ ਹੋ ਚੁੱਕਾ ਹੈ। ਜ਼ਿਕਰਯੋਗ ਤਾਂ ਇਹ ਵੀ ਹੈ ਕਿ ਪੁਲਿਸ ਹੁਣ ਤੀਕ ਅਣਗਿਣਤ ਵਾਰ ਦਾਅਵੇ ਕਰ ਚੁੱਕੀ ਹੈ ਕਿ ਅਕਸਰ ਲੋਕ ਸ਼ਿਵ ਸੈਨਾ ਦੇ ਨਾਮ ਹੇਠ, ਪਹਿਲਾਂ ਸਿੱਖ ਭਾਵਨਾਵਾਂ ਭੜਕਾਉਂਦੇ ਹਨ ਤੇ ਫਿਰ ਸੁਰੱਖਿਆ ਦੀ ਆੜ ਹੇਠ ਸਰਕਾਰੀ ਗੰਨਮੈਨ ਮੰਗਦੇ ਹਨ। ਜ਼ਿਕਰਯੋਗ ਤਾਂ ਇਹ ਵੀ ਹੈ ਕਿ ਬੀਤੇ ਸਮੇਂ ਵਿੱਚ ਅਜਿਹੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ ਜਿਥੇ ਸਿੱਖ ਭਾਵਨਾਵਾਂ ਭੜਕਾਉਣ ਵਾਲੇ ਕੁਝ ਸ਼ਿਵ ਸੈਨਾ ਆਗੂ ਸਿੱਖਾਂ ਦੇ ਰੋਹ ਦਾ ਸ਼ਿਕਾਰ ਵੀ ਹੋਏ ਹਨ। ਅਜਿਹੇ ਵਿੱਚ ਇਹ ਸਵਾਲ ਬਾਰ-ਬਾਰ ਪੁੱਛਿਆ ਜਾਵੇਗਾ ਕਿ ਹਰ ਵਾਰ ਪੁਲਿਸ ਸਿੱਖ ਵਿਰੋਧੀ ਜਥੇਬੰਦੀਆਂ ਨਾਲ ਸਬੰਧਤ ਲੋਕਾਂ ਨੂੰ ਸਿੱਖ ਭਾਵਨਾਵਾਂ ਭੜਕਾਣ ਦੀ ਖੁੱਲ੍ਹ ਕਿਉਂ ਦਿੰਦੀ ਹੈ? ਅਤੇ ਅਜਿਹੀਆਂ ਜਥੇਬੰਦੀਆਂ ਤੇ ਲੋਕਾਂ ਨੂੰ ਤਾੜਨਾ ਕਰਨੀ ਹੀ ਗੁਨਾਹ ਕਿਉਂ ਬਣ ਜਾਂਦਾ ਹੈ?

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear
Family Law • Divorce

Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

SFO/LAX to DELHI
LOW FARE
Starting from
695 to 895
With Senior Citizens & Students Discount
(including taxes)




Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

# ਨਸ਼ਾ ਤਸਕਰੀ ਦੇ ਮੁਲਜ਼ਮ ਇੰਸਪੈਕਟਰ ਇੰਦਰਜੀਤ ਸਿੰਘ ਦੀਆਂ ਕੈਨੇਡਾ ਨਾਲ ਜੁੜੀਆਂ ਤਾਰਾਂ

**ਵੈਨਕੂਵਰ/ਬਿਊਰੋ ਨਿਊਜ਼ :** ਨਸ਼ਾ ਤਸਕਰੀ ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਪੁਲੀਸ ਦੇ ਇੰਸਪੈਕਟਰ ਇੰਦਰਜੀਤ ਸਿੰਘ ਤੋਂ ਸਖ਼ਤੀ ਨਾਲ ਕੀਤੀ ਜਾ ਰਹੀ ਪੁੱਛ-ਗਿੱਛ ਨੇ ਉਤਰੀ ਅਮਰੀਕਾ ਨਾਲ ਜੁੜਦੀਆਂ ਉਸ ਦੀਆਂ ਤਾਰਾਂ ਦੇ ਫਿਊਜ਼ ਉਡਾ ਕੇ ਕੰਬਣੀ ਛੇੜੀ ਹੋਈ ਹੈ। ਉਸ ਦੇ ਨੇੜਲੇ ਪੁਲੀਸ ਅਫ਼ਸਰ ਦੀ ਫੋਟੋ ਸੋਸ਼ਲ ਮੀਡੀਆ ਉਤੇ ਸਾਂਝੀ ਕੀਤੀ ਜਾ ਰਹੀ ਹੈ। ਇਥੋਂ ਦੇ ਕੁਝ ਵਿਅਕਤੀ ਪੰਜਾਬ 'ਚ ਆਪਣੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਲਿਖਵਾ ਲਏ ਜਾਣ ਤੋਂ ਦੁਖੀ ਸਨ। ਪੀੜਤਾਂ ਨੂੰ ਹੁਣ ਪਤਾ ਲਗ ਰਿਹਾ ਹੈ ਕਿ ਜਿਨ੍ਹਾਂ ਤੋਂ ਜ਼ਮੀਨ ਦੇ ਨਾਜਾਇਜ਼ ਕਬਜ਼ੇ ਛੁਡਵਾਉਣ ਲਈ ਉਨ੍ਹਾਂ ਮਦਦ ਲਈ ਸੀ, ਉਨ੍ਹਾਂ ਲੋਕਾਂ ਵਲੋਂ ਹੀ ਜ਼ਮੀਨ ਕੌਡੀਆਂ ਦੇ ਭਾਅ ਲਿਖਵਾ ਲਈ ਗਈ। ਇਹ ਪੀੜਤ ਹੁਣ ਕਾਨੂੰਨੀ ਮਦਦ ਦੀ ਉਮੀਦ ਲੈ ਕੇ ਵਤਨ ਪਹੁੰਚ ਰਹੇ ਹਨ ਤਾਂ ਜੋ ਜਾਂਚ ਏਜੰਸੀਆਂ ਕੋਲ ਇੰਦਰਜੀਤ ਸਿੰਘ ਦਾ ਚਿੱਠਾ ਖੋਲ੍ਹਿਆ ਜਾ ਸਕੇ। ਜਾਣਕਾਰੀ ਅਨੁਸਾਰ ਸੋਸ਼ਲ ਮੀਡੀਆ 'ਤੇ ਪੰਜਾਬ ਪੁਲੀਸ ਦੇ ਅਫ਼ਸਰਾਂ ਨਾਲ ਜਨਤਕ ਹੋ ਰਹੀਆਂ ਤਸਵੀਰਾਂ ਵਾਲੇ ਬੰਦਿਆਂ ਵਲੋਂ ਆਪਣੇ ਪੰਜਾਬ ਵਿਚਲੇ ਸੂਤਰਾਂ ਨੂੰ ਮਾਮਲਾ ਉਥੇ ਹੀ ਨਿਪਟਾਉਣ ਲਈ ਆਖਿਆ ਜਾ ਰਿਹਾ



ਹੈ। ਪੁਲੀਸ ਅਫ਼ਸਰ ਦੀ ਫੋਟੋ ਇਥੋਂ ਦੇ ਇੱਕ ਕਥਿਤ ਸਮਾਜ ਸੇਵੀ ਨਾਲ ਜਨਤਕ ਹੋ ਰਹੀ ਹੈ ਅਤੇ ਜਾਂਚ ਟੀਮ ਨੇ ਉਸ ਨੂੰ ਘੇਰੇ 'ਚ ਲਿਆ ਹੋਇਆ ਹੈ।

**ਇੰਦਰਜੀਤ ਸਿੰਘ ਦੇ ਪੁਲੀਸ ਰਿਮਾਂਡ 'ਚ ਵਾਧਾ:** ਪੰਜਾਬ ਪੁਲੀਸ ਦੀ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ਼) ਵਲੋਂ ਸਰਹੱਦੀ ਜ਼ਿਲ੍ਹਾ ਤਰਨ ਤਾਰਨ ਵਿਚ ਨਸ਼ਾ ਤਸਕਰਾਂ ਦੀ ਮਦਦ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਜ਼ਿਲ੍ਹਾ ਸੀਆਈਏ ਸਟਾਫ਼ ਦੇ ਇੰਸਪੈਕਟਰ ਇੰਦਰਜੀਤ ਸਿੰਘ ਅਤੇ ਸਾਥੀ ਥਾਣੇਦਾਰ ਅਜਾਇਬ ਸਿੰਘ ਨੂੰ ਸੱਤ ਦਿਨ ਦਾ ਪਹਿਲਾਂ ਦਿੱਤਾ ਪੁਲੀਸ ਰਿਮਾਂਡ ਖ਼ਤਮ ਹੋਣ 'ਤੇ ਦੁਬਾਰਾ ਮੁਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮ ਇੰਸਪੈਕਟਰ ਇੰਦਰਜੀਤ ਸਿੰਘ ਨੂੰ 26 ਜੂਨ ਅਤੇ ਥਾਣੇਦਾਰ ਅਜਾਇਬ ਸਿੰਘ ਨੂੰ 22 ਜੂਨ ਤੱਕ ਮੁੜ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਇਸ ਤੋਂ ਪਹਿਲਾਂ ਦੋਵਾਂ ਦਾ ਸਰਕਾਰੀ ਹਸਪਤਾਲ ਵਿਚ ਮੈਡੀਕਲ ਕਰਵਾਇਆ ਗਿਆ। ਅਦਾਲਤ ਵਿਚ ਮੁਲਜ਼ਮਾਂ ਨੂੰ ਲੈ ਕੇ ਪੇਸ਼ ਹੋਏ ਐਸਟੀਐਫ਼ ਦੇ ਏਆਈਜੀ ਮੁਖਵਿੰਦਰ ਸਿੰਘ ਭੁੱਲਰ ਅਤੇ ਐਸਪੀ ਰਜਿੰਦਰ ਸਿੰਘ ਸੋਹਲ ਨੇ ਮੁਲਜ਼ਮਾਂ ਦੇ ਪੁਲੀਸ ਰਿਮਾਂਡ ਵਿਚ ਵਾਧੇ ਦੀ ਮੰਗ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਮੁਲਜ਼ਮ ਇੰਸਪੈਕਟਰ ਇੰਦਰਜੀਤ ਸਿੰਘ ਦੇ ਬੈਂਕ ਖ਼ਾਤਿਆਂ ਦੀ ਜਾਂਚ ਤੋਂ ਇਲਾਵਾ ਉਸ ਦੀ ਨਾਮੀ ਅਤੇ ਬੇਨਾਮੀ ਜਾਇਦਾਦ ਬਾਰੇ ਪਤਾ ਲਾਉਣਾ ਹੈ। ਇਸ ਤੋਂ ਇਲਾਵਾ ਮੁਲਜ਼ਮਾਂ ਕੋਲੋਂ ਨਸ਼ਾ ਤਸਕਰੀ ਦੇ ਮਾਮਲਿਆਂ ਸਬੰਧੀ ਹੋਰ ਪੁੱਛ-ਪੜਤਾਲ ਕਰਨੀ ਬਾਕੀ ਹੈ। ਇਨ੍ਹਾਂ ਦੇ ਹੋਰ ਸਾਥੀਆਂ ਬਾਰੇ ਪਤਾ ਕਰਨਾ ਹੈ। ਉਧਰ, ਬਚਾਅ ਪੱਖ ਦੇ ਵਕੀਲਾਂ ਨੇ ਪੁਲੀਸ ਰਿਮਾਂਡ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਇੰਸਪੈਕਟਰ ਇੰਦਰਜੀਤ ਸਿੰਘ ਅਤੇ ਏਐਸਆਈ ਅਜਾਇਬ ਸਿੰਘ ਪਿਛਲੇ ਇਕ ਹਫ਼ਤੇ ਤੋਂ ਪੁਲੀਸ ਹਿਰਾਸਤ ਵਿਚ ਹਨ ਅਤੇ ਜਾਂਚ ਟੀਮ ਮੁਲਜ਼ਮਾਂ ਕੋਲੋਂ ਲੋੜੀਂਦੀ ਪੁੱਛ-ਪੜਤਾਲ ਕਰ ਚੁੱਕੀਆਂ ਹਨ ਅਤੇ ਸਾਮਾਨ ਦੀ ਬਰਾਮਦਗੀ ਵੀ ਹੋ ਚੁੱਕੀ ਹੈ। ਲਿਹਾਜ਼ਾ ਹੁਣ ਪੁਲੀਸ ਰਿਮਾਂਡ ਦੀ ਕੋਈ ਤੁੱਕ ਨਹੀਂ ਬਣਦੀ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮ ਇੰਸਪੈਕਟਰ ਇੰਦਰਜੀਤ ਸਿੰਘ ਨੂੰ 26 ਜੂਨ ਅਤੇ ਥਾਣੇਦਾਰ ਅਜਾਇਬ ਸਿੰਘ ਨੂੰ 22 ਜੂਨ ਤੱਕ ਮੁੜ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ।

## ਇੰਸਪੈਕਟਰ ਇੰਦਰਜੀਤ ਸਿੰਘ ਅਤੇ ਏਐਸਆਈ ਅਜੈਬ ਸਿੰਘ ਨੂੰ ਨੌਕਰੀਓਂ ਕੱਢਿਆ

**ਜਲੰਧਰ/ਬਿਊਰੋ ਨਿਊਜ਼ :** ਨਸ਼ਿਆਂ ਤੇ ਅਸਲੇ ਸਮੇਤ ਫੜੇ ਗਏ ਇੰਸਪੈਕਟਰ ਇੰਦਰਜੀਤ ਸਿੰਘ ਤੇ ਸਹਾਇਕ ਸਬ ਇੰਸਪੈਕਟਰ ਅਜੈਬ ਸਿੰਘ ਨੂੰ ਕਪੂਰਥਲਾ ਦੇ ਐਸ.ਐਸ.ਪੀ. ਸੰਦੀਪ ਸ਼ਰਮਾ ਨੇ ਬਰਖ਼ਾਸਤ ਕਰ ਦਿੱਤਾ ਹੈ। ਅਜੈਬ ਸਿੰਘ ਨੂੰ ਐਸ.ਟੀ.ਐਫ. ਨੇ ਇੰਦਰਜੀਤ ਸਿੰਘ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਬਾਅਦ ਗ੍ਰਿਫ਼ਤਾਰ ਕੀਤਾ ਸੀ। ਦੋਹਾਂ ਵਿਰੁੱਧ ਭਾਰਤੀ ਸੰਵਿਧਾਨ ਦੀ ਧਾਰਾ 311 ਤਹਿਤ ਕਾਰਵਾਈ ਕੀਤੀ ਗਈ ਹੈ। ਇੰਦਰਜੀਤ ਸਿੰਘ ਦੀ ਬਦਲੀ ਗ੍ਰਿਫ਼ਤਾਰੀ ਤੋਂ ਪਹਿਲਾਂ ਕਪੂਰਥਲਾ ਤੋਂ ਮੋਗਾ ਹੋਈ ਸੀ ਪਰ ਉਹ ਨਵੀਂ ਥਾਂ ਡਿਊਟੀ 'ਤੇ ਹਾਜ਼ਰ ਨਹੀਂ ਸੀ ਹੋਇਆ ਜਦਕਿ ਅਜੈਬ ਸਿੰਘ ਕਪੂਰਥਲਾ ਹੀ ਤਾਇਨਾਤ ਸੀ। ਐਸ.ਐਸ.ਪੀ. ਸੰਦੀਪ ਸ਼ਰਮਾ ਨੇ ਇਨ੍ਹਾਂ ਨੂੰ ਬਰਖ਼ਾਸਤ ਕਰਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੋਹਾਂ ਵਿਰੁੱਧ ਗੰਭੀਰ ਦੋਸ਼ ਸਨ। ਜ਼ਿਕਰਯੋਗ ਹੈ ਕਿ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਜਲੰਧਰ ਤੋਂ ਉਸ ਦੇ ਪੁਲੀਸ ਲਾਈਨ ਵਿਚਲੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਸ ਕੋਲੋਂ ਚਾਰ ਕਿਲੋ ਹੈਰੋਇਨ, ਤਿੰਨ ਕਿਲੋ ਸਮੈਕ, ਇੱਕ ਏ.ਕੇ. 47, 100 ਕਾਰਤੂਸ ਅਤੇ ਤਿੰਨ ਪਿਸਤੌਲ ਬਰਾਮਦ ਕੀਤੇ ਗਏ ਸਨ। ਅਜੈਬ ਸਿੰਘ, ਜੋ ਕਿ ਕਪੂਰਥਲਾ ਵਿੱਚ ਬਤੌਰ ਏ.ਐਸ.ਆਈ. ਤਾਇਨਾਤ ਸੀ, ਨੂੰ ਇੰਸਪੈਕਟਰ ਇੰਦਰਜੀਤ ਸਿੰਘ ਦੀ ਗ੍ਰਿਫ਼ਤਾਰੀ ਤੋਂ ਇੱਕ ਦਿਨ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਐਸ.ਟੀ.ਐਫ. ਨੂੰ ਜਾਣਕਾਰੀ ਸੀ ਕਿ ਅਜੈਬ ਸਿੰਘ ਨੇ ਇੰਦਰਜੀਤ ਸਿੰਘ ਦੇ ਭਰੋਸੇਮੰਦ ਹੋਣ ਵਜੋਂ ਭੂਮਿਕਾ ਨਿਭਾਈ ਸੀ ਤੇ ਕਈ ਥਾਵਾਂ 'ਤੇ ਕੀਤੇ ਗਏ ਅਪਰੇਸ਼ਨਾਂ ਦੌਰਾਨ ਅਜੈਬ ਸਿੰਘ ਨੇ ਉਸ ਦਾ ਸਾਥ ਦਿੱਤਾ ਸੀ। ਦੋਹਾਂ ਮੁਲਜ਼ਮਾਂ ਨੂੰ 19 ਜੂਨ ਤੱਕ ਪੁਲੀਸ ਰਿਮਾਂਡ 'ਤੇ ਭੇਜਿਆ ਗਿਆ ਹੈ।

## ਤਸਕਰੀ ਦੇ ਸ਼ੱਕ ਹੇਠ ਸ਼ਰਾਬ ਠੇਕੇਦਾਰਾਂ ਵਲੋਂ ਦੋ ਨੌਜਵਾਨਾਂ ਦੀ ਕੁੱਟਮਾਰ; ਇੱਕ ਦੀ ਮੌਤ ਅਤੇ ਦੂਜਾ ਜ਼ਖ਼ਮੀ

**ਪਟਿਆਲਾ/ਰਾਮਨਗਰ/ਬਿਊਰੋ ਨਿਊਜ਼ :** ਸ਼ਰਾਬ ਦੇ ਠੇਕੇਦਾਰਾਂ ਤੇ ਉਨ੍ਹਾਂ ਦੇ ਕਾਰਿੰਦਿਆਂ ਨੇ ਸ਼ਰਾਬ ਤਸਕਰੀ ਦੇ ਸ਼ੱਕ ਹੇਠ ਦੋ ਨੌਜਵਾਨਾਂ ਦੀ ਕੁੱਟਮਾਰ ਕੀਤੀ, ਜਿਸ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ ਤੇ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ, ਜੋ ਇੱਥੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ.ਗ ਮ੍ਰਿਤਕ ਦੀ ਪਛਾਣ ਸਤਨਾਮ ਸਿੰਘ ਸੱਤਾ ਵਾਸੀ ਪਿੰਡ ਬਾਗੜੀਆਂ, ਜ਼ਿਲ੍ਹਾ ਸੰਗਰੂਰ ਵਜੋਂ ਹੋਈ ਹੈ, ਜਦਕਿ ਜ਼ਖ਼ਮੀ ਕਾਕਾ ਸਿੰਘ ਪੁੱਤਰ ਜਰਨੈਲ ਸਿੰਘ ਪਟਿਆਲਾ ਨਾਲ ਲੱਗਦੇ ਪਿੰਡ ਸ਼ੇਰ ਮਾਜਰਾ ਦਾ ਵਾਸੀ ਹੈ.ਗ ਇਸ ਦੌਰਾਨ ਪੀੜਤਾਂ ਦੇ ਪਰਿਵਾਰਾਂ ਨੇ ਸਖ਼ਤ ਪੁਲੀਸ ਕਾਰਵਾਈ ਦੀ ਮੰਗ ਲਈ ਧਰਨਾ ਵੀ ਲਾਇਆ। ਪੁਲੀਸ ਨੇ ਕੇਸ ਵਿੱਚ ਸ਼ਰਾਬ ਦੇ ਤਿੰਨ ਠੇਕੇਦਾਰਾਂ ਸਮੇਤ ਛੇ ਜਣਿਆਂ ਨੂੰ ਨਾਮਜ਼ਦ ਕਰ ਲਿਆ ਹੈ। ਪੁਲੀਸ ਨੇ ਥਾਣਾ ਸਦਰ ਸਮਾਣਾ ਵਿੱਚ ਧਾਰਾ 302, 148 ਅਤੇ 149 ਤਹਿਤ ਕੇਸ ਵਿੱਚ ਤਿੰਨ ਠੇਕੇਦਾਰਾਂ ਵਿਚ ਮੰਗਤ ਰਾਏ, ਨਰਪਤ ਰਾਏ ਤੇ ਅਸ਼ੋਕ ਸਿੰਗਲਾ ਤੋਂ ਇਲਾਵਾ ਸਰਬਜੀਤ ਸਿੰਘ, ਹਰਦੀਪ ਸਿੰਘ ਤੇ ਪਰਗਟ ਸਿੰਘ ਨੂੰ ਨਾਮਜ਼ਦ ਕੀਤਾ ਹੈ। ਇਹ ਕੇਸ ਪਹਿਲਾਂ ਕਾਕਾ ਸਿੰਘ ਦੇ ਬਿਆਨਾਂ 'ਤੇ ਅਣਛਾਤੇ ਵਿਅਕਤੀਆਂ ਖ਼ਿਲਾਫ਼ ਦਰਜ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਸ਼ਨਿਚਰਵਾਰ ਰਾਤ ਨੂੰ ਸੱਤੂ ਅਤੇ ਕਾਕਾ ਇੱਕ ਵਿਆਹ



ਗੱਡੀ, ਜਿਸ ਵਿਚੋਂ ਹਥਿਆਰ ਬਰਾਮਦ ਹੋਏ ਹਨ।

ਸਮਾਗਮ ਲਈ ਕਾਰ 'ਤੇ ਹਰਿਆਣਾ ਤੋਂ ਸ਼ਰਾਬ ਲੈ ਕੇ ਪਟਿਆਲਾ ਵੱਲ ਆ ਰਹੇ ਸਨ ਤਾਂ ਰਸਤੇ ਵਿਚ ਇੱਕ ਸਕਾਰਪੀਓ ਗੱਡੀ ਨੇ ਟੱਕਰ ਮਾਰ ਕੇ ਉਨ੍ਹਾਂ ਦੀ ਕਾਰ ਪਲਟ ਦਿੱਤੀ ਤੇ ਸਕਾਰਪੀਓ ਸਵਾਰਾਂ ਨੇ ਦੋਹਾਂ ਦੀ ਕੁੱਟਮਾਰ ਕੀਤੀ। ਦੋਹਾਂ ਪੀੜਤਾਂ ਨੂੰ ਇੱਥੇ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਸੱਤੂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਤੇ ਕਾਕਾ ਸਿੰਘ ਦਾ ਇਲਾਜ ਸ਼ੁਰੂ ਕਰ ਦਿੱਤਾ। ਘਟਨਾ ਦਾ ਪਤਾ ਲੱਗਣ 'ਤੇ ਥਾਣਾ ਸਦਰ ਸਮਾਣਾ ਤੋਂ ਆਏ ਪੁਲੀਸ ਮੁਲਾਜ਼ਮਾਂ ਨੇ ਕਾਕਾ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ। ਰਾਤ ਨੂੰ ਹਸਪਤਾਲ ਪੁੱਜੇ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਵਿੱਚ ਖੜ੍ਹੀ ਸਕਾਰਪੀਓ ਗੱਡੀ ਦੀ ਭੰਨ-ਤੋੜ ਕੀਤੀ, ਜਿਸ ਵਿੱਚ ਮਾਰੂ ਹਥਿਆਰ ਬਰਾਮਦ ਹੋਏ ਸਨ.ਗ ਇਸ ਮਗਰੋਂ ਕੇਸ ਵਿੱਚ ਮੁਲਜ਼ਮਾਂ ਦੇ ਨਾਮ ਪਾਉਣ ਦੀ ਮੰਗ ਲਈ ਵਾਰਸਾਂ ਨੇ ਪਹਿਲਾਂ ਐਮਰਜੈਂਸੀ ਵਾਰਡ ਤੇ ਫੇਰ ਹਸਪਤਾਲ ਅੱਗੋਂ ਲੰਘਦੀ ਸੰਗਰੂਰ ਰੋਡ 'ਤੇ ਧਰਨਾ ਲਾ ਦਿੱਤਾ। ਮਗਰੋਂ ਪੀੜਤਾਂ ਦੇ ਜਾਣਕਾਰ ਰਾਜਵਿੰਦਰ ਸਿੰਘ ਦੇ ਬਿਆਨ ਦਰਜ ਕਰਦਿਆਂ ਕੇਸ ਵਿੱਚ ਛੇ ਜਣਿਆਂ ਨੂੰ ਨਾਮਜ਼ਦ ਕਰ ਲਿਆ ਗਿਆ.ਗ ਥਾਣਾ ਸਦਰ ਸਮਾਣਾ ਦੇ ਮੁਖੀ ਹਰਮਨਪ੍ਰੀਤ ਸਿੰਘ ਚੀਮਾ ਨੇ ਕਤਲ ਕੇਸ ਵਿੱਚ ਛੇ ਜਣਿਆਂ ਨੂੰ ਨਾਮਜ਼ਦ ਕਰਨ ਦੀ ਪੁਸ਼ਟੀ ਕੀਤੀ ਹੈ, ਜਦੋਂਕਿ ਇੱਕ ਪੁਲੀਸ ਅਧਿਕਾਰੀ ਦਾ ਕਹਿਣਾ ਸੀ ਕਿ ਪਹਿਲਾਂ ਕਾਕਾ ਸਿੰਘ ਨੇ ਕਿਸੇ ਦਾ ਨਾਮ ਨਹੀਂ ਲਿਖਵਾਇਆ ਸੀ

## 1984 ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਖ਼ੂਨ ਦਾਨ ਕੈਂਪ

**ਬੇਕਰਸਫੀਲਡ/ਬਿਊਰੋ ਨਿਊਜ਼:** ਸਿੱਖ ਪਹਿਚਾਣ ਅਤੇ ਸਿੱਖ ਮਸਲਿਆਂ ਨੂੰ ਕੌਮਾਂਤਰੀ ਪੱਧਰ ਤੇ ਉਠਾਉਣ ਵਾਲੀ ਅਮਰੀਕਾ ਦੀ ਸਿਰਮੌਰ ਸੰਸਥਾ, ਅਮੈਰਿਕਨ ਸਿੱਖ ਕੌਂਸਲ ਦੀ ਕਮਾਂਡ ਹੇਠ ਕੈਲੀਫੋਰਨੀਆ ਦੇ ਸ਼ਹਿਰ ਬੇਕਰਸਫੀਲਡ ਦੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਾਈਬਲ ਰੋਡ ਵਿਖੇ ੧੯੮੪ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਵਿਸ਼ਾਲ ਖ਼ੂਨ ਦਾਨ ਕੈਂਪ ਸਿਟੀ ਕੌਂਸਲ ਬੇਕਰਸਫੀਲਡ ਦੇ ਸਹਿਯੋਗ ਨਾਲ ਲਾਇਆ ਗਿਆ ਜਿਸ ਵਿਚ ਸਿੱਖ ਪੰਜਾਬੀ ਭਾਈਚਾਰੇ ਦੇ 50 ਤੋਂ ਜ਼ਿਆਦਾ ਖ਼ੂਨ ਦਾਨੀਆਂ ਨੇ ਯੋਗਦਾਨ ਪਾਇਆ। ਵਿਸ਼ੇਸ਼ ਗੱਲ ਇਹ ਸੀ ਕਿ ਇਥੋਂ ਦੇ ਡਿਪਟੀ ਅਟਾਰਨੀ ਮਿਸਟਰ ਸਕੌਟ ਸਪੀਲਮੈਨ ਨੇ ਵੀ ਖ਼ੂਨ ਦਾਨ ਕਰਕੇ ਸਿੱਖ ਭਾਈਚਾਰੇ ਨਾਲ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ। ਸ਼ਹਿਰ ਦੀ ਮੇਅਰ ਬੀਬੀ ਕੇਰਨ ਗੋਹ ਨੇ ਸਿੱਖ ਨੌਜਵਾਨਾਂ ਵਲੋਂ ਖ਼ੂਨਦਾਨ ਕਰਨ ਲਈ ਵਿਖਾਏ ਉਤਸ਼ਾਹ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਨੌਜਵਾਨਾਂ ਨੇ ਇਨਸਾਨੀਅਤ ਨੂੰ ਪਿਆਰ ਕਰਨ ਦੀ ਸੋਚ ਦਾ ਪ੍ਰਗਟਾਵਾ ਕੀਤਾ ਹੈ ਅਤੇ ਸਾਬਤ ਕੀਤਾ ਹੈ ਕਿ ਸਿੱਖ ਕੌਮ ਦੇ ਇਹ ਵਾਰਿਸ ਆਪਣਾ ਖ਼ੂਨ ਦੇ ਕੇ ਲੋੜਵੰਦਾਂ ਦੀ ਜਾਨ ਬਚਾਉਣ ਦੀ ਭਾਵਨਾ ਰੱਖਦੇ ਹਨ। ਇਸ ਸਾਰੇ ਪ੍ਰੋਗਰਾਮ ਦਾ ਸੰਚਾਲਨ ਡਾ.ਮਨਬੀਰ ਸਿੰਘ ਵਲੋਂ ਬੜੇ ਸੁਚੱਜੇ ਢੰਗ ਨੁਲ ਕੀਤਾ ਜਿਸ ਵਿੱਚ ਉਹਨਾਂ ਦਾ ਸਾਥ ਪ੍ਰਭਦੀਪ ਸਿੰਘ ਸਿਬੀਆ, ਤਰਨਜੀਤ ਕੌਰ, ਅੰਮ੍ਰਿਤ ਸਿੰਘ ਅਤੇ ਸਿਮਰਨ ਸਿੰਘ ਨੇ ਦਿਤਾ। ਉੱਘੇ ਸਮਾਜ ਸੇਵੀ ਨਾਜ਼ਰ ਸਿੰਘ ਕੂਨਰ ਵੀ ਖ਼ੂਨ ਦਾਨੀਆਂ ਦੀ ਕਤਾਰ ਵਿੱਚ ਅੱਗੇ ਖਲੋਤੇ ਨਜ਼ਰ ਆਏ। ਭੁਪਿੰਦਰ ਸਿੰਘ ਵਧਵਾ, ਜਗਜੀਤ ਸਿੰਘ ਕੂਨਰ, ਸ.ਬਾਜਵਾ, ਭਾਈ ਗੁਰਚਰਨ ਸਿੰਘ ਅਤੇ ਮਨਦੀਪ ਕੌਰ ਨੇ ਵੀ ਆਪਣੀਆਂ ਸੇਵਾਵਾਂ ਬਾਖ਼ੂਬੀ ਨਿਭਾਈਆਂ।

ਸਾਰੇ ਪ੍ਰੋਗਰਾਮ ਨੂੰ ਉਘੇ ਸਿੱਖ ਫਿਲਮ ਮੇਕਰ ਸਿਮਰਨ ਸਿੰਘ ਨੇ ਕੈਮਰੇ ਵਿਚ ਵੀ ਕੈਦ ਕੀਤਾ। ਹੋਉਚਿਨ ਬਲੱਡ ਬੈਂਕ ਦੇ ਪ੍ਰਬੰਧਕ ਮਿਸਟਰਟ ਜੋਏਸੀ ਨੇ ਸਭ ਖ਼ੂਨਦਾਨੀਆਂ ਦਾ ਧੰਨਵਾਦ ਕਰਦਿਆਂ ਇਸ ਕੈਂਪ ਦੀ ਸਫਲਤਾ ਤੇ ਤਸੱਲੀ ਪ੍ਰਗਟ ਕੀਤੀ ਅਤੇ ਸਿੱਖ ਕੌਮ ਦੀ ਇਨਸਾਨੀਅਤ ਪ੍ਰਤੀ ਸਮਰਪਿਤ ਭਾਵਨਾ ਦੀ ਤਾਰੀਫ ਕੀਤੀ ਅਤੇ ਸਭ ਦਾ ਧੰਨਵਾਦ ਕੀਤਾ।

## ਐਲਕ ਗਰੋਵ ਪਾਰਕ ਦੀਆਂ ਤੀਆਂ 13 ਅਗਸਤ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ਼:** ਸੈਕਰਾਮੈਂਟੋ ਅਤੇ ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਤੀਆਂ ਤੀਜ਼ ਦੀਆਂ' ਨਾਂ ਹੇਠ ਕਰਵਾਈ ਜਾਂਦੀਆਂ ਤੀਆਂ ਇਸ ਵਾਰ 13 ਅਗਸਤ ਐਤਵਾਰ ਨੂੰ ਬਾਅਦ ਦੁਪਹਿਰ 1.30 ਤੋਂ ਸ਼ਾਮੀਂ 6.30 ਵਜੇ ਤੱਕ ਐਲਕ ਗਰੋਵ ਪਾਰਕ ਵਿਖੇ ਮਨਾਈਆਂ ਜਾਣਗੀਆਂ। ਐਲਕ ਗਰੋਵ, ਸੈਕਰਾਮੈਂਟੋ 'ਚ ਖੁੱਲ੍ਹੇ ਮੈਦਾਨ ਵਿਚ ਛਾਂ ਦਾਰ ਦਰੱਖਤਾਂ ਹੇਠ ਲੱਗਣ ਵਾਲੀਆਂ ਇਹ ਤੀਆਂ, ਪੰਜਾਬ 'ਚ ਲੱਗਣ ਵਾਲੀਆਂ ਅਸਲੀ ਤੀਆਂ ਦੀ ਝਲਕ ਪੇਸ਼ ਕਰਦੀਆਂ ਹਨ। ਇਸ ਦੌਰਾਨ ਗੀਤ, ਸੰਗੀਤ, ਗਿੱਧਾ, ਬੋਲੀਆਂ, ਸਕਿੱਟਾਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਹੋਣਗੀਆਂ। ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ, ਗਹਿਣੇ, ਮਹਿੰਦੀ ਤੇ ਹੋਰਨਾਂ ਵਸਤਾਂ ਦੇ ਸਟਾਲ ਵੀ ਲੱਗ ਰਹੇ ਹਨ, ਜੋ ਪੰਜਾਬ ਦਾ ਮਾਹੌਲ ਪੇਸ਼ ਕਰਨਗੇ। ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਤੀਆਂ ਨੂੰ ਦੇਖਣ ਲਈ ਕੈਲੀਫੋਰਨੀਆ ਭਰ ਤੋਂ ਔਰਤਾਂ, ਬੀਬੀਆਂ ਅਤੇ ਬੱਚੀਆਂ ਪਹੁੰਚ ਕੇ ਆਨੰਦ ਮਾਣਦੀਆਂ ਹਨ। ਇਸ ਸੰਬੰਧੀ ਹੋਰ ਜਾਣਕਾਰੀ ਲਈ ਫੋਨ ਨੰਬਰ 916-320-9444 ਜਾਂ 916-240-6969 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੁਲੀਸ ਦਾ ਦਾਅਵਾ-ਮੁਸਲਿਮ ਵਿਦਿਆਰਥਣ ਦੀ ਮੌਤ ਨਸਲੀ ਹਿੰਸਾ ਕਾਰਨ ਨਹੀਂ ਹੋਈ

**ਵਰਜੀਨੀਆ/ਬਿਊਰੋ ਨਿਊਜ਼ :** ਪੁਲੀਸ ਮੁਤਬਕ ਅਮਰੀਕਾ ਦੇ ਵਰਜੀਨੀਆ 'ਚ ਐਤਵਾਰ ਨੂੰ ਇਕ ਮਸਜਿਦ ਦੇ ਨੇੜੇ ਜਿਸ ਮੁਸਲਿਮ ਕੁੜੀ ਦੀ ਮੌਤ ਹੋਈ ਸੀ ਉਹ ਰੋਡ ਰੇਜ ਨਤੀਜਾ ਸੀ ਅਤੇ ਇਸ 'ਚ ਨਸਲੀ ਹਿੰਸਾ ਦਾ ਕੋਈ ਮਾਮਲਾ ਨਹੀਂ ਬਣਦਾ ਹੈ। ਹਾਲਾਂਕਿ ਪੁਲੀਸ ਨੇ ਹੁਣ ਤੱਕ ਉਸ ਦੀ ਮੌਤ ਦਾ ਕੋਈ ਸਪਸ਼ਟ ਕਾਰਨ ਨਹੀਂ ਦੱਸਿਆ ਹੈ ਪਰ ਇਸ ਮਾਮਲੇ 'ਚ ਇਕ ਨੌਜਵਾਨ ਡਾਰਵਿਲ ਮਾਰਟਿਨੇਜ ਟੋਰੇਸ ਜੋ ਕਿ 22 ਸਾਲ ਦਾ ਹੈ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ ਵਿਰੁੱਧ ਹੱਤਿਆ ਦਾ ਮਾਮਲਾ



ਦਰਜਾ ਕੀਤਾ ਹੈ। ਪੁਲੀਸ ਸੂਤਰਾਂ ਮੁਤਾਬਕ ਕਿ ਜਦੋਂ ਕੁੜੀ ਆਪਣੇ ਦੋਸਤਾਂ ਨਾਲ ਨਮਾਜ਼ ਅਦਾ ਕਰਨ ਮਗਰੋਂ ਮੈਕਡੋਨਾਲਡ ਹੋਟਲ ਤੋਂ ਬਾਹਰ ਆ ਰਹੀ ਸੀ ਉਸ ਸਮੇਂ ਮਾਰਟਿਨੇਜ ਆਪਣੀ ਕਾਰ 'ਚ ਸੀ। ਉਸ ਦਾ ਕੁੜੀ

ਬਾਕੀ ਸਫ਼ਾ 32 'ਤੇ

## ਨਸ਼ਾ ਤਸਕਰ ਵਲੋਂ ਨੂਰਮਹਿਲ ਥਾਣੇ 'ਚ ਖ਼ੁਦਕੁਸ਼ੀ

**ਜਲੰਧਰ/ਬਿਊਰੋ ਨਿਊਜ਼ :** ਚੂਰਾ-ਪੋਸਤ ਤਸਕਰੀ ਦੇ ਦੋਸ਼ ਵਿੱਚ ਪੁਲੀਸ ਵਲੋਂ ਹਿਰਾਸਤ 'ਚ ਲਏ ਇਕ 48 ਸਾਲਾ ਵਿਅਕਤੀ ਨੇ ਪੁਲੀਸ ਦੀ ਲਾਪ੍ਰਵਾਹੀ' ਕਾਰਨ ਥਾਣਾ ਨੂਰਮਹਿਲ 'ਚ ਖ਼ੁਦਕੁਸ਼ੀ ਕਰ ਲਈ। ਇਸ ਦੌਰਾਨ ਥਾਣੇ ਦੇ ਪੁਲੀਸ ਮੁਲਾਜ਼ਮ ਨੇੜੇ ਹੀ ਘੂਕ ਸੁੱਤੇ ਰਹੇ। ਪੁਲੀਸ ਨੇ ਇਸ ਮਾਮਲੇ ਵਿੱਚ ਥਾਣਾ ਮੁਖੀ ਅਮਰਜੀਤ ਸਿੰਘ ਤੇ ਰਾਤ ਦੀ ਡਿਊਟੀ ਦੇ ਮੁਨਸ਼ੀ ਸੁਖਵਿੰਦਰ ਸਿੰਘ ਨੂੰ ਮੁਅੱਤਲ ਕਰ ਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਲਿਆ। ਮ੍ਰਿਤਕ ਦੀ ਪਛਾਣ ਲਾਹੌਰੀ ਵਾਸੀ ਨੂਰਮਹਿਲ ਵਜੋਂ ਹੋਈ ਹੈ, ਜਿਸ ਨੂੰ ਪੁਲੀਸ ਨੇ ਕੁਝ ਦਿਨ ਪਹਿਲਾਂ ਡੋਡਿਆਂ ਦੀ ਤਸਕਰੀ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਜਾਣਕਾਰੀ ਅਨੁਸਾਰ ਲਾਹੌਰੀ ਨੇ ਡਿਊਟੀ ਦੇ ਰਹੇ ਮੁਲਾਜ਼ਮਾਂ ਨੂੰ ਤਬੀਅਤ ਖ਼ਰਾਬ ਹੋਣ ਅਤੇ ਹਵਾਲਾਤ ਅੰਦਰ ਘਬਰਾਹਟ ਹੋਣ ਦੀ ਸ਼ਿਕਾਇਤ ਕੀਤੀ। ਇਸ 'ਤੇ ਮੁਲਾਜ਼ਮਾਂ ਨੇ ਥਾਣੇ ਦੇ ਮੁੱਖ ਗੇਟ ਨੂੰ ਤਾਲਾ ਮਾਰ ਦਿੱਤਾ ਅਤੇ ਲਾਹੌਰੀ ਨੂੰ ਹਵਾਲਾਤ ਤੋਂ ਬਾਹਰ ਕੱਢ ਦਿੱਤਾ ਅਤੇ ਮੁੜ ਸੌਂ ਗਏ। ਬਾਅਦ ਵਿੱਚ ਲਾਹੌਰੀ ਨੇ ਥਾਣੇ ਅੰਦਰ ਹੀ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਮਾਮਲੇ ਦੀ ਡੀਐਸਪੀ ਨਕੋਦਰ ਮੁਕੇਸ਼ ਕੁਮਾਰ ਵਲੋਂ ਕੀਤੀ ਜਾਂਚ ਤੋਂ ਬਾਅਦ ਦੇਰ ਸ਼ਾਮ ਥਾਣਾ ਮੁਖੀ ਤੇ ਰਾਤ ਦੀ ਡਿਊਟੀ ਦੇ ਮੁਨਸ਼ੀ ਨੂੰ ਮੁਅੱਤਲ ਕਰ ਦਿੱਤਾ ਗਿਆ। ਇਨ੍ਹਾਂ ਖ਼ਿਲਾਫ਼ ਦਫ਼ਾ 304ਏ ਤਹਿਤ ਕੇਸ ਦਰਜ ਕਰ ਕੇ ਵਿਭਾਗੀ ਤਫ਼ਤੀਸ਼ ਵੀ ਸ਼ੁਰੂ ਕਰ ਦਿੱਤੀ ਗਈ ਹੈ।

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਅਮਰੀਕੀ ਉਪ ਰਾਸ਼ਟਰਪਤੀ ਵਲੋਂ ਸਿੱਖਾਂ ਦੀ ਸ਼ਲਾਘਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੇਂਸ ਨੇ ਅਮਰੀਕਾ ਵਿਚ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਹੈ ਅਤੇ ਉਨ੍ਹਾਂ ਨੂੰ ਸਥਾਨਕ, ਸੂਬਾਈ ਅਤੇ ਸੰਘੀ ਪੱਧਰ 'ਤੇ ਫੌਜ ਅਤੇ ਸਰਕਾਰੀ ਦਫਤਰਾਂ ਵਿਚ ਆਪਣੀਆਂ ਸੇਵਾਵਾਂ ਦੇ ਕੇ ਆਪਣਾ ਯੋਗਦਾਨ



ਜਾਰੀ ਰੱਖਣ ਨੂੰ ਕਿਹਾ ਹੈ। ਇੰਡੀਆਨਾਪੋਲਿਸ ਵਿਚ ਇਕ ਸਿੱਖ ਪ੍ਰਤੀਨਿਧੀ ਮੰਡਲ ਨਾਲ ਚਰਚਾ ਕਰਦੇ ਹੋਏ ਕਿਹਾ, "ਸਿੱਖ ਭਾਈਚਾਰੇ ਅਤੇ ਉਨ੍ਹਾਂ ਦੇ ਮੁੱਦੇ ਹਮੇਸ਼ਾ ਮੇਰੇ ਦਿਲ ਦੇ ਕਰੀਬ ਰਹੇ ਹਨ ਅਤੇ ਮੈਂ ਹਮੇਸ਼ਾ ਇੰਡੀਆਨਾ ਅਤੇ ਸਮੂਹ ਅਮਰੀਕਾ ਦੇ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਾ ਹਾਂ।" ਸਿੱਖ ਪਾਲਿਟੀਕਲ ਐਕਸ਼ਨ ਕਮੇਟੀ (ਸਿੱਖਪੈਕ) ਦੇ ਨਾਲ ਬੈਠਕ ਦੌਰਾਨ ਪੇਂਸ ਨੇ ਕਿਹਾ ਕਿ ਜਦੋਂ ਉਹ ਇਥੋਂ ਦੇ ਗਵਰਨਰ ਸਨ ਤਾਂ ਉਨ੍ਹਾਂ ਦਿਨਾਂ ਤੋਂ ਹੀ ਉਹ ਸਿੱਖ ਮੁੱਦਿਆਂ ਤੋਂ ਪੂਰੀ ਤਰ੍ਹਾਂ ਵਾਕਿਫ ਹਨ। ਪ੍ਰਤੀਨਿਧੀ ਮੰਡਲ ਦੇ ਨਾਲ ਚਰਚਾ ਦਾ ਮੁੱਖ ਵਿਸ਼ਾ ਸਿੱਖ ਜਾਗਰੂਕਤਾ ਅਤੇ ਸੰਘੀ ਸਿੱਖਿਆ ਵਿਭਾਗ ਦੇ ਮਾਧਿਅਮ ਨਾਲ ਇਤਿਹਾਸ ਦੇ ਪਾਠਕ੍ਰਮ ਵਿਚ ਸਿੱਖ ਇਤਿਹਾਸ ਨੂੰ ਸ਼ਾਮਲ ਕਰਵਾਉਣ 'ਤੇ ਵਿਚਾਰ ਕਰਨਾ ਸੀ। ਬਿਆਨ ਵਿਚ ਕਿਹਾ ਗਿਆ ਕਿ ਉਨ੍ਹਾਂ ਨੇ ਮੁੱਖ ਧਾਰਾ ਦੀ ਰਾਜਨੀਤੀ ਵਿਚ ਆਪਣੀ ਹਿੱਸੇਦਾਰੀ ਲਈ ਸਿੱਖ ਭਾਈਚਾਰੇ ਨੂੰ ਉਤਸ਼ਾਹਤ ਕਰਨ ਸੰਬੰਧੀ ਸਿੱਖਪੈਕ ਦੀਆਂ ਕੋਸ਼ਿਸ਼ਾਂ ਦੀ ਵੀ ਸ਼ਲਾਘਾ ਕੀਤੀ। ਬਿਆਨ ਅਨੁਸਾਰ ਬੈਠਕ ਦੌਰਾਨ ਪੇਂਸ ਨੇ ਸਿੱਖ ਭਾਈਚਾਰੇ ਦੇ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

# ਸਾਬਕਾ ਜਥੇਦਾਰ ਭਾਈ ਗੁਰਮੁਖ ਸਿੰਘ ਨੂੰ ਮਿਲਿਆ ਧਮਕੀ ਪੱਤਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਮੁਖ ਸਿੰਘ ਨੂੰ ਕਿਸੇ ਅਣਪਛਾਤੇ ਵਿਅਕਤੀ ਵਲੋਂ ਧਮਕੀ ਪੱਤਰ ਭੇਜਿਆ ਗਿਆ ਹੈ। ਇਹ ਧਮਕੀ ਪੱਤਰ ਉਨ੍ਹਾਂ ਦੇ ਜੱਦੀ ਘਰ ਪਿੰਡ ਆਰਿਫਕੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਭੇਜਿਆ ਗਿਆ। ਪੱਤਰ ਬਾਰੇ ਉਨ੍ਹਾਂ ਪੰਜਾਬ ਪੁਲੀਸ ਦੇ ਡੀਜੀਪੀ, ਪੁਲੀਸ ਕਮਿਸ਼ਨਰ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੂੰ ਸੂਚਿਤ ਕੀਤਾ ਹੈ।

ਦੋ ਸਫ਼ਿਆਂ ਦਾ ਇਹ ਪੱਤਰ ਸਕੂਲੀ ਕਾਪੀ ਦੇ ਪੰਨਿਆਂ 'ਤੇ ਪੰਜਾਬੀ ਵਿਚ ਲਿਖਿਆ ਹੋਇਆ ਹੈ। ਇਹ ਪੱਤਰ ਉਨ੍ਹਾਂ ਦੇ ਜੱਦੀ ਘਰ ਦੇ ਬਾਹਰ ਲੱਗੇ ਤਾਲੇ ਨਾਲ ਲਟਕੇ ਥੈਲੇ ਵਿਚ ਸੀ, ਜਿਸ ਨੂੰ ਉਨ੍ਹਾਂ ਦੇ ਭਰਾ (ਤਾਏ ਦੇ ਪੁੱਤ) ਨੇ ਦੇਖਿਆ ਅਤੇ ਇਸ ਬਾਰੇ ਉਨ੍ਹਾਂ ਨੂੰ ਸੂਚਿਤ ਕੀਤਾ ਹੈ। ਇਸ ਪੱਤਰ ਵਿਚ ਸਾਬਕਾ ਜਥੇਦਾਰ ਦਾ ਨਾਂ ਨਹੀਂ ਲਿਖਿਆ ਗਿਆ ਪਰ ਭੱਦੀ ਸ਼ਬਦਾਵਲੀ ਲਿਖੀ ਗਈ ਹੈ। ਪੱਤਰ ਵਿਚ ਡੇਰਾ ਸਿਰਸਾ ਦੇ ਮੁਖੀ ਨੂੰ ਗੁਰੂ ਜੀ' ਆਖਿਆ ਗਿਆ ਹੈ। ਪੱਤਰ ਵਿਚ ਧਮਕੀ ਦਿੱਤੀ ਹੈ ਕਿ ਸਾਬਕਾ ਜਥੇਦਾਰ ਆਪਣੇ ਪਿੰਡ ਵਿਚ ਮੁੜ ਗੁਰਮਤਿ ਸਮਾਗਮ ਕਰ ਕੇ ਦੇਖਣ। ਇਸ ਸਬੰਧੀ ਭਾਈ ਗੁਰਮੁਖ ਸਿੰਘ ਨੇ ਦੱਸਿਆ ਕਿ ਇਸ ਪੱਤਰ ਬਾਰੇ ਉਸ ਦੇ ਭਰਾ ਨੇ ਪਿੰਡ ਤੋਂ ਸੂਚਿਤ ਕੀਤਾ ਹੈ ਅਤੇ ਪੱਤਰ ਦੀ ਕਾਪੀ ਭੇਜ ਦਿੱਤੀ ਹੈ, ਜਿਸ ਬਾਰੇ ਉਨ੍ਹਾਂ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ, ਸ਼ਹਿਰ ਦੇ ਪੁਲੀਸ ਕਮਿਸ਼ਨਰ ਅਤੇ ਸ਼੍ਰੋਮਣੀ



ਕਮੇਟੀ ਦੇ ਮੁੱਖ ਸਕੱਤਰ ਨੂੰ ਪੱਤਰ ਦੀਆਂ ਕਾਪੀਆਂ ਭੇਜ ਕੇ ਜਾਣੂ ਕਰਵਾ ਦਿੱਤਾ ਹੈ, ਜਿਨ੍ਹਾਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਆਪਣੇ ਪਿੰਡ ਤੇ ਹੋਰ ਥਾਵਾਂ 'ਤੇ ਗੁਰਮਤਿ ਸਮਾਗਮਾਂ ਅਤੇ ਡੇਰੇ ਦੇ ਭੰਡੀ ਪ੍ਰਚਾਰ ਖ਼ਿਲਾਫ਼ ਕੀਤੇ ਸਮਾਗਮਾਂ ਕਾਰਨ ਹੀ ਸ਼ਾਇਦ ਇਹ ਧਮਕੀ ਪੱਤਰ ਭੇਜਿਆ ਗਿਆ ਹੈ, ਜਿਸ ਵਿਚ ਉਨ੍ਹਾਂ ਖ਼ਿਲਾਫ਼ ਭੱਦੀ ਸ਼ਬਦਾਵਲੀ ਵਰਤੀ ਗਈ ਹੈ। ਉਨ੍ਹਾਂ ਆਖਿਆ ਕਿ ਉਹ ਆਪਣੇ ਜੱਦੀ ਪਿੰਡ ਤੇ ਹੋਰ ਥਾਵਾਂ 'ਤੇ ਪਹਿਲਾਂ ਵਾਂਗ ਹੀ ਗੁਰਮਤਿ ਸਮਾਗਮ ਜਾਰੀ ਰੱਖਣਗੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਆਖਿਆ ਕਿ ਪੱਤਰ ਬਾਰੇ ਜਾਣਕਾਰੀ ਮਿਲੀ ਹੈ ਅਤੇ ਸਾਬਕਾ ਜਥੇਦਾਰ ਦੀ ਸੁਰੱਖਿਆ ਲਈ ਲੋੜ ਮੁਤਾਬਕ ਕਦਮ ਚੁੱਕੇ ਜਾਣਗੇ।

# ਮੁਤਵਾਜ਼ੀ ਜਥੇਦਾਰ ਸ਼ੁਰੂ ਕਰਨਗੇ 'ਗੁਰਦੁਆਰਾ ਸੁਧਾਰ ਲਹਿਰ'

**ਜਲੰਧਰ/ਬਿਊਰੋ ਨਿਊਜ਼ :**
ਸਰਬੱਤ ਖ਼ਾਲਸਾ ਵਲੋਂ ਥਾਪੇ ਮੁਤਵਾਜ਼ੀ ਜਥੇਦਾਰਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਿਚ ਕਾਫ਼ੀ ਨਿਘਾਰ ਆਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤ ਦੇ ਚੜ੍ਹਾਵੇ ਦੀ ਵੱਡੀ ਪੱਧਰ 'ਤੇ ਦੁਰਵਰਤੋਂ ਕਰ ਰਹੀ ਹੈ ਅਤੇ ਸਿੱਖੀ ਦੇ ਪਸਾਰ ਲਈ ਕੰਮ ਨਹੀਂ ਕਰ ਰਹੀ, ਜਿਸ ਕਾਰਨ 60 ਫ਼ੀਸਦੀ ਨੌਜਵਾਨ ਸਿੱਖੀ ਨਾਲੋਂ ਟੁੱਟ ਕੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ।



ਜਥੇਦਾਰ ਮੰਡ ਨੇ ਦੱਸਿਆ ਕਿ ਲਹਿਰ ਦੇ ਪਹਿਲੇ ਪੜਾਅ ਵਿਚ ਉਹ ਹਰੇਕ ਜ਼ਿਲ੍ਹੇ ਦੇ ਗ੍ਰੰਥੀ ਸਿੰਘਾਂ ਨਾਲ ਮੀਟਿੰਗਾਂ ਕਰਨਗੇ। ਇਸ ਦੀ ਸ਼ੁਰੂਆਤ 22 ਜੂਨ ਨੂੰ ਫ਼ਿਰੋਜ਼ਪੁਰ ਤੋਂ ਕੀਤੀ ਜਾਵੇਗੀ ਅਤੇ ਪਹਿਲੀ ਅਗਸਤ ਨੂੰ ਨਵਾਂਸ਼ਹਿਰ ਵਿਚ ਪਹਿਲੇ ਪੜਾਅ ਦੀ ਆਖ਼ਰੀ ਮੀਟਿੰਗ ਕੀਤੀ ਜਾਵੇਗੀ। ਇਸ ਦੌਰਾਨ ਗ੍ਰੰਥੀ ਸਿੰਘਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਚਰਚਾ ਕਰ ਕੇ ਉਨ੍ਹਾਂ ਨੂੰ ਪ੍ਰਬੰਧ ਸੁਧਾਰ ਲਹਿਰ ਬਾਰੇ ਲਾਮਬੰਦ ਕੀਤਾ ਜਾਵੇਗਾ। ਦੂਜੇ ਪੜਾਅ 'ਚ ਰਾਗੀਆਂ, ਢਾਡੀਆਂ, ਸੰਤਾਂ, ਫੈਡਰੇਸ਼ਨਾਂ ਅਤੇ ਸਿਆਸੀ ਧੜਿਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਥੇਦਾਰ ਮੰਡ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣ ਕੇ ਆਪਣਾ ਵਾਅਦਾ ਭੁੱਲ ਗਏ ਹਨ। ਉਨ੍ਹਾਂ ਕਿਹਾ ਕਿ ਹਾਲੇ ਤੱਕ ਨਾ ਹੀ ਬੇਅਦਬੀ ਦੀਆਂ ਘਟਨਾਵਾਂ ਰੁਕੀਆਂ ਹਨ ਅਤੇ ਨਾ ਕੋਈ ਮੁਲਜ਼ਮ ਫੜਿਆ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕੈਪਟਨ ਸਰਕਾਰ ਨੇ ਦਿੱਤੇ ਅਲਟੀਮੇਟਮ ਤੱਕ ਦੋਸ਼ੀਆਂ ਨੂੰ ਨਾ ਫੜਿਆ ਤਾਂ ਉਨ੍ਹਾਂ ਵਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਇਕ ਸੁਆਲ ਦੇ ਜੁਆਬ ਵਿਚ ਕਿਹਾ ਕਿ ਗੁਰਦੁਆਰਿਆਂ ਦੇ ਪ੍ਰਬੰਧਾਂ ਲਈ ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਗ੍ਰੰਥੀਆਂ ਨੂੰ ਵੀ ਮੀਟਿੰਗਾਂ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਹੈ। ਇਸ ਮੌਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਅਮਰੀਕ ਸਿੰਘ ਅਜਨਾਲਾ ਵੀ ਹਾਜ਼ਰ ਸਨ।

### ਧਮਕੀ ਭਰਿਆ ਪੱਤਰ ਸੁੱਟਣ ਦੀ ਘਟਨਾ ਡਰਾਮਾ ਕਰਾਰ

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਦੇ ਘਰ ਧਮਕੀ ਭਰਿਆ ਪੱਤਰ ਸੁੱਟਣ ਦੀ ਘਟਨਾ ਨੂੰ ਜਥੇਦਾਰ ਧਿਆਨ ਸਿੰਘ ਮੰਡ ਨੇ ਡਰਾਮਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਹਮਦਰਦੀ ਹਾਸਲ ਕਰਨ ਲਈ ਗਿਆਨੀ ਗੁਰਮੁੱਖ ਸਿੰਘ ਅਜਿਹਾ ਕਰ ਰਹੇ ਹਨ। ਡੇਰਾ ਮੁਖੀ ਨੂੰ ਮੁਆਫ਼ੀ ਦਿਵਾਉਣ 'ਚ ਨਿਭਾਈ ਭੂਮਿਕਾ ਨਸ਼ਰ ਹੋਣ ਤੋਂ ਬਾਅਦ ਬਦਨਾਮੀ ਦਾ ਦਾਗ਼ ਧੋਣ ਲਈ ਅਜਿਹਾ ਕੀਤਾ ਜਾ ਰਿਹਾ ਹੈ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776








CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us




# 'ਆਪ' ਤੇ ਅਕਾਲੀਆਂ ਦੇ ਰੌਲੇ-ਰੱਪੇ ਕਾਰਨ ਵਿਧਾਨ ਸਭਾ ਦੀ ਕਾਰਵਾਈ ਠੱਪ





ਪੰਜਾਬ ਵਿਧਾਨ ਸਭਾ ਵਿੱਚ ਪਹਿਲੇ ਬਜਟ ਸੈਸ਼ਨ ਦੌਰਾਨ ਸਦਨ 'ਚੋਂ ਵਾਕਆਊਟ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅਤੇ ਦੂਜੇ ਪਾਸੇ 'ਆਪ' ਦੇ ਵਿਧਾਇਕ।

## ਸਿਮਰਜੀਤ ਸਿੰਘ ਬੈਂਸ ਮੁਅੱਤਲ

ਚੰਡੀਗੜ੍ਹ/ਬਿਊਰੋ ਨਿਊਜ਼ : ਪੰਜਾਬ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ (ਆਪ) ਵਲੋਂ ਕੀਤੇ ਹੰਗਾਮਿਆਂ ਕਾਰਨ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ 'ਆਪ' ਦੇ ਸਾਰੇ ਵਿਧਾਇਕਾਂ ਨੂੰ ਸੈਸ਼ਨ 'ਚੋਂ ਬਾਹਰ ਕੱਢਣ ਦਾ ਹੁਕਮ ਦਿੱਤਾ ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਬਾਕੀ ਰਹਿੰਦੇ ਬਜਟ ਸੈਸ਼ਨ ਲਈ ਮੁਅੱਤਲ ਕਰ ਦਿੱਤਾ। ਸੈਸ਼ਨ ਦੇ ਦੂਜੇ ਦਿਨ ਵੀਰਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ 'ਆਪ' ਵਿਧਾਇਕਾਂ ਵਲੋਂ ਲਗਾਤਾਰ ਹੰਗਾਮਿਆਂ ਕਾਰਨ ਸਦਨ ਦੀ ਕਾਰਵਾਈ 'ਚ ਵਾਰ-ਵਾਰ ਵਿਘਨ ਪਿਆ। ਇਸ ਕਾਰਨ ਸਪੀਕਰ ਨੂੰ ਦੋ ਵਾਰ ਅੱਧੇ-ਅੱਧੇ ਘੰਟੇ ਲਈ ਸਦਨ ਉਠਾਉਣਾ ਪਿਆ ਤੇ ਅਖੀਰ ਜ਼ਿਆਦਾ ਸ਼ੋਰ-ਸ਼ਰਾਬੇ ਕਾਰਨ ਸਦਨ ਉਠਾ ਦਿੱਤਾ ਗਿਆ। ਅਕਾਲੀ ਮੈਂਬਰਾਂ ਨੇ ਕਿਸਾਨੀ ਮੁੱਦਿਆਂ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀਆਂ ਤਿੱਖੀਆਂ ਟਿੱਪਣੀਆਂ ਦੇ ਰੋਸ ਵਜੋਂ ਨਾਅਰੇਬਾਜ਼ੀ ਕੀਤੀ ਜਦੋਂ ਕਿ 'ਆਪ' ਵਿਧਾਇਕਾਂ ਨੇ ਸਿਫਰ ਕਾਲ ਦੌਰਾਨ ਰੇਤ ਦੇ ਮੁੱਦੇ 'ਤੇ ਬੋਲਣ ਦਾ ਸਮਾਂ ਨਾ ਦਿੱਤੇ ਜਾਣ ਕਾਰਨ ਸਰਕਾਰ ਅਤੇ ਸਪੀਕਰ ਵਿਰੁਧ ਨਾਅਰੇ ਮਾਰੇ। ਅਹਿਮ ਤੱਥ ਇਹ ਹੈ ਕਿ ਅਕਾਲੀ ਦਲ ਦੇ ਵਿਧਾਇਕਾਂ ਨੇ ਕੈਪਟਨ ਸਰਕਾਰ ਜਾਂ ਰਾਣਾ ਗੁਰਜੀਤ ਸਿੰਘ ਵਿਰੁਧ ਰੇਤ ਦੇ ਮਾਮਲੇ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ, ਬਲਕਿ ਸਿਫਰ ਕਾਲ ਦੌਰਾਨ ਜਦੋਂ 'ਆਪ' ਦੇ ਸੁਖਪਾਲ ਸਿੰਘ ਖਹਿਰਾ ਨੇ ਰੇਤ ਦੀਆਂ ਖੱਡਾਂ ਦੇ ਮੁੱਦੇ 'ਤੇ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਵਿਰੁਧ ਬੋਲਣਾ ਚਾਹਿਆ ਤਾਂ ਅਕਾਲੀ ਮੈਂਬਰਾਂ ਨੇ ਸਦਨ ਦੇ ਵਿਚਕਾਰ ਨਾਅਰੇਬਾਜ਼ੀ ਕਰਦਿਆਂ ਸ੍ਰੀ ਖਹਿਰਾ ਦੇ ਯਤਨ ਠੁੱਸ ਕਰ ਦਿੱਤੇ। ਅਕਾਲੀਆਂ ਦੇ ਹੰਗਾਮੇ ਕਾਰਨ ਸਪੀਕਰ ਨੇ ਅੱਧੇ ਘੰਟੇ ਲਈ ਸਦਨ ਉਠਾ ਦਿੱਤਾ।

ਪ੍ਰਸ਼ਨ ਕਾਲ ਖ਼ਤਮ ਹੋਣ ਤੋਂ ਬਾਅਦ 'ਆਪ' ਦੇ ਸ੍ਰੀ ਖਹਿਰਾ ਨੇ ਕਈ ਵਾਰ ਰੇਤ ਦੇ ਮੁੱਦੇ 'ਤੇ ਬੋਲਣ ਦਾ ਯਤਨ ਕੀਤਾ ਪਰ ਉਨ੍ਹਾਂ ਨੂੰ ਸਫਲਤਾ ਨਾ ਮਿਲੀ। ਪਹਿਲੀ ਵਾਰੀ ਅਕਾਲੀ ਰੌਲੇ-ਰੱਪੇ ਕਾਰਨ ਮਾਮਲਾ ਰੁਲ਼ ਗਿਆ ਤੇ ਬਾਅਦ ਵਿੱਚ ਸਪੀਕਰ ਨੇ ਸਮਾਂ ਨਾ ਦਿੱਤਾ। ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਕਿਹਾ ਕਿ 'ਆਪ' ਨੇ ਰੇਤ ਮਾਫੀਆ ਤੇ ਮੁੱਦੇ 'ਤੇ ਕੰਮ ਰੋਕੂ ਮਤੇ ਦਾ ਨੋਟਿਸ ਦਿੱਤਾ ਸੀ। ਸਪੀਕਰ ਨੇ ਕਿਹਾ ਕਿ ਇਹ ਮਤਾ ਨਾਮਨਜ਼ੂਰ ਕਰ ਦਿੱਤਾ ਗਿਆ ਹੈ। ਸਪੀਕਰ ਨੇ 'ਆਪ' ਮੈਂਬਰਾਂ ਦੀਆਂ ਸਾਰੀਆਂ ਦਲੀਲਾਂ ਰੱਦ ਕਰਦਿਆਂ ਜਦੋਂ ਸਮਾਂ ਨਾ ਦਿੱਤਾ ਤਾਂ ਸਾਰੇ ਮੈਂਬਰ ਸਦਨ ਦੇ ਵਿਚਕਾਰ ਆ ਕੇ ਸਰਕਾਰ ਅਤੇ ਸਪੀਕਰ ਵਿਰੁਧ ਨਾਅਰੇਬਾਜ਼ੀ ਕਰਨ ਲੱਗੇ। 'ਆਪ' ਵਿਧਾਇਕਾਂ ਨੇ ਸਪੀਕਰ ਦੇ ਆਸਣ ਅੱਗੇ ਲੱਗੇ ਮਾਰਸ਼ਲਾਂ ਦਾ ਘੇਰਾ ਵੀ ਤੋੜਨ ਦਾ ਯਤਨ ਕੀਤਾ। ਲੁਧਿਆਣਾ ਦੇ ਬੈਂਸ ਭਰਾਵਾਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਤੇ ਸਿਮਰਜੀਤ ਸਿੰਘ ਬੈਂਸ ਨੇ ਸਪੀਕਰ ਵੱਲ ਕਾਗਜ਼ਾਂ ਦੇ ਬੰਡਲ ਸੁੱਟਣੇ ਸ਼ੁਰੂ ਕਰ ਦਿੱਤੇ। ਇਸ ਤੋਂ ਸਥਿਤੀ ਗੰਭੀਰ ਹੋ ਗਈ। ਸਪੀਕਰ ਨੇ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਮਾਰਸ਼ਲ ਨੂੰ ਆਦੇਸ਼ ਦਿੱਤਾ ਕਿ 'ਆਪ' ਦੇ ਸਾਰੇ ਮੈਂਬਰਾਂ ਨੂੰ ਸਦਨ 'ਚੋਂ ਬਾਹਰ ਕੱਢਿਆ ਜਾਵੇ। ਸ਼ੋਰ-ਸ਼ਰਾਬੇ ਕਾਰਨ ਮਾਰਸ਼ਲਾਂ ਨੂੰ ਇਸ ਕੰਮ ਵਿੱਚ ਕਾਮਯਾਬੀ ਨਾ ਮਿਲੀ। ਇਸ ਤੋਂ ਬਾਅਦ ਸਪੀਕਰ ਨੇ ਰੁਖ਼ ਜ਼ਿਆਦਾ ਸਖ਼ਤ ਕਰਦਿਆਂ ਸ੍ਰੀ ਬੈਂਸ ਨੂੰ ਪਹਿਲਾਂ ਸਦਨ ਵਿਚੋਂ ਕੱਢਣ ਦੇ ਹੁਕਮ ਦਿੱਤੇ ਤੇ ਫਿਰ ਉਨ੍ਹਾਂ ਨੂੰ ਰਹਿੰਦੇ ਬਜਟ ਸੈਸ਼ਨ ਲਈ ਮੁਅੱਤਲ ਕਰ ਦਿੱਤਾ ਤੇ ਸਦਨ ਦਿਨ ਭਰ ਲਈ ਉਠਾ ਦਿੱਤਾ।

ਪ੍ਰਸ਼ਨ ਕਾਲ ਸ਼ੁਰੂ ਹੁੰਦਿਆਂ ਹੀ ਅਕਾਲੀ ਮੈਂਬਰਾਂ ਨੇ ਕਿਸਾਨੀ ਮੁੱਦਿਆਂ 'ਤੇ ਚਰਚਾ ਦੀ ਮੰਗ ਕੀਤੀ ਅਤੇ ਸਪੀਕਰ ਦੇ ਆਸਣ ਅੱਗੇ ਰੌਲਾ-ਰੱਪਾ ਸ਼ੁਰੂ ਕਰ ਦਿੱਤਾ। ਇਸ 'ਤੇ ਸਪੀਕਰ ਨੇ ਅੱਧੇ ਘੰਟੇ ਲਈ ਉਠਾ ਦਿੱਤਾ। ਸਦਨ ਮੁੜ ਜੁੜਿਆ ਤਾਂ ਅਕਾਲੀ ਵਿਧਾਇਕਾਂ ਨੇ ਨਾਅਰੇਬਾਜ਼ੀ ਪਿਛੋਂ ਵਾਕਆਊਟ ਕਰ ਦਿੱਤਾ। ਪ੍ਰਸ਼ਨ ਕਾਲ ਖ਼ਤਮ ਹੋਣ ਪਿਛੋਂ ਅਕਾਲੀ-ਭਾਜਪਾ ਮੈਂਬਰਾਂ ਨੇ ਮੰਤਰੀ ਨਵਜੋਤ ਸਿੰਘ ਸਿੱਧੂ 'ਤੇ ਬਦਕਲਾਮੀ ਦੇ ਦੋਸ਼ ਲਾਉਂਦਿਆਂ ਧਰਨਾ ਦੇ ਦਿੱਤਾ ਤੇ ਸਪੀਕਰ ਨੂੰ ਸਦਨ ਮੁੜ ਅੱਧੇ ਘੰਟੇ ਲਈ ਉਠਾਉਣਾ ਪਿਆ। ਮੰਤਰੀ ਨੇ ਕਿਹਾ ਕਿ ਉਨ੍ਹਾਂ ਅਕਾਲੀ ਮੈਂਬਰਾਂ ਖ਼ਿਲਾਫ਼ ਕੋਈ ਬਦਕਲਾਮੀ ਨਹੀਂ ਕੀਤੀ। ਸਪੀਕਰ ਨੇ ਵੀ ਸਾਫ਼ ਕੀਤਾ ਕਿ ਰਿਕਾਰਡ ਨੂੰ ਘੋਖ ਲਿਆ ਹੈ ਤੇ ਮੰਤਰੀ ਨੇ ਕੋਈ ਗ਼ਲਤ ਸ਼ਬਦ ਨਹੀਂ ਵਰਤੇ। ਅਕਾਲੀ-ਭਾਜਪਾ ਵਿਧਾਇਕ ਸ੍ਰੀ ਸਿੱਧੂ ਵਲੋਂ ਮੁਆਫ਼ੀ ਮੰਗੇ ਜਾਣ 'ਤੇ ਅੜੇ ਰਹੇ।

## ਸਰਕਾਰੀ ਜ਼ਮੀਨ 'ਤੇ ਕਬਜ਼ੇ ਦੀ ਜਾਂਚ ਵਿਜੀਲੈਂਸ ਹਵਾਲੇ

**ਚੰਡੀਗੜ੍ਹ:** ਅਬੋਹਰ ਸ਼ਹਿਰ ਵਿੱਚ ਸਰਕਾਰੀ ਜ਼ਮੀਨ ਹਥਿਆਉਣ ਦੇ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚਚੇਰੇ ਭਰਾ ਪਰਮਜੀਤ ਸਿੰਘ ਲਾਲੀ ਬਾਦਲ ਅਤੇ ਹੋਰਨਾਂ ਦਾ ਨਾਮ ਸਾਹਮਣੇ ਆਉਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀਰਵਾਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਸਾਰੇ ਮਾਮਲੇ ਦੀ ਜਾਂਚ ਵਿਜੀਲੈਂਸ ਹਵਾਲੇ ਕਰਨ ਦਾ ਐਲਾਨ ਕੀਤਾ ਹੈ। ਅਬੋਹਰ ਸ਼ਹਿਰ ਵਿੱਚ ਵਾਟਰ ਵਰਕਸ ਦੀ ਜਗ੍ਹਾ 'ਤੇ ਨਾਜਾਇਜ਼ ਕਬਜ਼ੇ ਸਬੰਧੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਅਬੋਹਰ ਵਿਖੇ 1931 ਵਿੱਚ ਬਣੇ ਵਾਟਰ ਵਰਕਸ ਦੀ ਸਮਰੱਥਾ ਨੂੰ ਵਧਾਉਣ ਲਈ 1961 ਵਿੱਚ 9.25 ਏਕੜ ਜਗ੍ਹਾ ਐਕਵਾਇਰ ਕੀਤੀ ਗਈ ਸੀ। ਸਾਲ 2007 ਵਿੱਚ ਅਕਾਲੀ-ਭਾਜਪਾ ਸਰਕਾਰ ਬਣਨ ਤੋਂ ਬਾਅਦ ਅਕਾਲੀ ਦਲ ਦੇ ਕੁਝ ਨੇਤਾਵਾਂ ਨੇ ਸਰਕਾਰੀ ਰਿਕਾਰਡ ਨਾਲ ਛੇੜਛਾੜ ਕਰ ਕੇ ਜ਼ਮੀਨ ਦੇ ਕੁੱਝ ਹਿੱਸੇ ਦੀਆਂ ਰਜਿਸਟਰੀਆਂ ਆਪਣੇ ਨਾਂ ਕਰਵਾ ਲਈਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਵਿੱਚ ਪਰਮਜੀਤ ਸਿੰਘ ਉਰਫ ਲਾਲੀ ਬਾਦਲ (ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਚਾਚਾ), ਗੁਰਦਿੱਤ ਸਿੰਘ, ਮਹਿੰਦਰ ਪ੍ਰਤਾਪ, ਰਾਮ ਦਿਆਲ, ਵਰਿੰਦਰ ਪਾਲ ਸਿੰਘ ਅਤੇ ਅਸ਼ੋਕ ਕੁਮਾਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਤਤਕਾਲੀ ਡਿਪਟੀ ਕਮਿਸ਼ਨਰ ਨੇ ਬਿਨਾਂ ਰਿਕਾਰਡ ਦੇਖੇ ਇਨ੍ਹਾਂ ਨੂੰ ਕਰੋੜਾਂ ਰੁਪਏ ਦੀ ਜਗ੍ਹਾ 'ਤੇ ਕਾਬਜ਼ ਕਰਨ ਲਈ ਨਿਸ਼ਾਨਦੇਹੀ ਦੇ ਹੁਕਮ ਕਰ ਦਿੱਤੇ। ਮੰਤਰੀ ਨੇ ਦੱਸਿਆ ਕਿ ਕਾਬਜ਼ ਲੋਕਾਂ ਨੇ ਰਜਿਸਟਰੀ ਤੋਂ ਵੱਧ ਖਸਰਾ ਨੰਬਰਾਂ 'ਤੇ ਕਬਜ਼ਾ ਕਰ ਲਿਆ।

ਸ੍ਰੀ ਰੰਧਾਵਾ ਨੇ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਤੋਂ ਕਰਾਉਣ ਦੀ ਮੰਗ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਡੇਢ ਸਾਲ ਪਹਿਲਾਂ ਵੀ ਇਹ ਮਾਮਲਾ ਸਦਨ ਵਿੱਚ ਉਠਾਇਆ ਗਿਆ ਸੀ ਪਰ ਸਾਬਕਾ ਬਾਦਲ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਸ੍ਰੀ ਸਿੱਧੂ ਨੇ ਵਿਧਾਇਕ ਦੀ ਮੰਗ ਨਾਲ ਸਹਿਮਤ ਹੁੰਦਿਆਂ ਮੁੱਖ ਮੰਤਰੀ ਨੂੰ ਕਿਹਾ ਕਿ ਮਾਮਲੇ ਦੀ ਜਾਂਚ ਵਿਜੀਲੈਂਸ ਤੋਂ ਕਰਵਾ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਉਪਰੰਤ ਮੁੱਖ ਮੰਤਰੀ ਨੇ ਵਿਜੀਲੈਂਸ ਜਾਂਚ ਕਰਵਾਉਣ ਦਾ ਐਲਾਨ ਕੀਤਾ।

### ਵਜ਼ੀਫ਼ਾ ਰਕਮਾਂ ਬਾਰੇ ਵੀ ਹੋਵੇਗੀ ਜਾਂਚ

ਪੰਜਾਬ ਦੀ ਪਿਛਲੀ ਬਾਦਲ ਸਰਕਾਰ ਵਲੋਂ ਘੱਟਗਿਣਤੀ ਪਰਿਵਾਰਾਂ ਅਤੇ ਦਲਿਤਾਂ ਦੇ ਬੱਚਿਆਂ ਨੂੰ ਕੇਂਦਰ ਵਲੋਂ ਦਿੱਤੀ ਜਾਂਦੀ ਵਜ਼ੀਫ਼ਾ ਰਾਸ਼ੀ ਦੇ ਪੈਸੇ ਦੀ ਦੁਰਵਰਤੋਂ ਦੇ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਜਾਂਚ ਦੇ ਹੁਕਮ ਦਿੱਤੇ ਹਨ। 'ਆਪ' ਅਤੇ ਕਾਂਗਰਸ ਦੇ ਵਿਧਾਇਕਾਂ ਵਲੋਂ ਜ਼ੋਰ ਪਾਉਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਾਂਚ ਦਾ ਭਰੋਸਾ ਦਿੰਦਿਆਂ ਕਿਹਾ ਕਿ ਪਿਛਲੀ ਸਰਕਾਰ ਸਮੇਂ ਹੋਈਆਂ ਅਣਗਹਿਲੀਆਂ ਦੀ ਜਾਂਚ ਕਰਵਾ ਕੇ ਕਾਰਵਾਈ ਕੀਤੀ ਜਾਵੇਗੀ। ਉਂਜ ਕਾਂਗਰਸੀ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਦੇ ਸਵਾਲ ਦਾ ਜਵਾਬ ਦਿੰਦਿਆਂ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਸਦਨ ਵਿੱਚ ਲਿਖਤੀ ਤੌਰ 'ਤੇ ਤਾਂ ਇਹੀ ਜਵਾਬ ਦਿੱਤਾ ਹੈ ਕਿ ਪੋਸਟ ਮੈਟ੍ਰਿਕ ਵਜ਼ੀਫ਼ਾ ਰਾਸ਼ੀ ਦੇ ਫੰਡ ਡਾਇਵਰਟ ਨਹੀਂ (ਕਿਸੇ ਹੋਰ ਮੰਤਵ ਲਈ ਨਹੀਂ ਵਰਤੇ) ਕੀਤੇ ਗਏ। ਮੰਤਰੀ ਦੇ ਇਸ ਜਵਾਬ ਤੋਂ ਬਾਅਦ 'ਆਪ' ਦੇ ਵਿਧਾਇਕਾਂ ਨੇ ਕਿਹਾ ਕਿ ਬਾਦਲ ਸਰਕਾਰ ਦੇ ਸਮੇਂ ਵਜ਼ੀਫ਼ਾ ਰਾਸ਼ੀ ਨੂੰ ਡਾਈਵਰਟ ਕਰਨ ਦਾ ਮਾਮਲਾ ਅਕਸਰ ਸੁਰਖ਼ੀਆਂ ਵਿੱਚ ਹੀ ਰਿਹਾ ਹੈ ਤੇ ਵਿਰੋਧੀ ਧਿਰ 'ਚ ਹੁੰਦਿਆਂ ਕਾਂਗਰਸ ਨੇ ਵੀ ਇਹ ਮੁੱਦਾ ਕਈ ਵਾਰੀ ਚੁੱਕਿਆ। ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਰੱਖੀ। ਕਾਂਗਰਸੀ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਵੀ ਦਖ਼ਲ ਦਿੰਦਿਆਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਇਸ ਯੋਜਨਾ ਦੇ ਫੰਡਾਂ ਦੀ ਦੁਰਵਰਤੋਂ ਹੋਈ ਹੈ। ਸ੍ਰੀ ਨਾਗਰਾ ਨੇ ਤਾਂ ਵਜ਼ੀਫ਼ਾ ਰਾਸ਼ੀ ਵਿੱਚ ਸਕੈਂਡਲ ਹੋਣ ਦੇ ਵੀ ਦੋਸ਼ ਲਾਏ। ਸਦਨ ਵਿੱਚ ਜ਼ਿਆਦਾ ਰੌਲਾ ਪੈਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਮੁੱਦਾ ਗੰਭੀਰ ਹੈ। ਇਸ ਲਈ ਜਾਂਚ ਕਰਾਈ ਜਾਵੇਗੀ।

## ਮਾਈਨਿੰਗ ਵਿਭਾਗ ਵਲੋਂ 'ਆਪ' ਆਗੂ ਹਰਪ੍ਰੀਤ ਸਿੰਘ ਕਾਹਲੋਂ ਦੇ ਕਰੱਸ਼ਰ ਸੀਲ

**ਨੂਰਪੁਰਬੇਦੀ/ਬਿਊਰੋ ਨਿਊਜ਼ :**

ਮਾਈਨਿੰਗ ਵਿਭਾਗ ਚੰਡੀਗੜ੍ਹ ਦੀ ਟੀਮ ਨੇ ਪੁਲੀਸ ਫੋਰਸ ਨੂੰ ਨਾਲ ਲੈ ਕੇ ਐਲਗਰਾਂ, ਸੈਂਸੋਵਾਲ, ਸੁਆੜਾ ਅਤੇ ਪਲਾਟਾ ਵਿੱਚ ਸੁਆਂ ਦੇ ਕੰਢੇ 'ਤੇ ਲੱਗੇ ਸਟੋਨ ਕਰੱਸ਼ਰਾਂ ਤੇ ਸਕਰੀਨਿੰਗ ਪਲਾਂਟਾਂ 'ਤੇ ਛਾਪੇ ਮਾਰੇ। ਮਾਈਨਿੰਗ ਵਿਭਾਗ ਦੀਆਂ ਦੋ ਟੀਮਾਂ ਦੀ ਅਗਵਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਵਿਸ਼ਵਬੰਧੂ ਕਰ ਰਹੇ ਸਨ।

ਉਨ੍ਹਾਂ ਮੁਹਾਲੀ ਪੁਲੀਸ ਫੋਰਸ ਨੂੰ ਨਾਲ ਲੈ ਕੇ ਜਿਸ ਦੀ ਅਗਵਾਈ ਐਸਪੀ (ਟਰੈਫ਼ਿਕ) ਮੁਹਾਲੀ ਤਰੁਨ ਰਤਨ ਕਰ ਰਹੇ ਸਨ, 'ਆਪ' ਦੇ ਯੂਥ ਵਿੰਗ ਦੇ ਸੂਬਾ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਕਾਹਲੋਂ ਦੇ ਦੋ ਸਟੋਨ ਕਰੱਸ਼ਰਾਂ ਤੇ ਸਕਰੀਨਿੰਗ ਪਲਾਂਟ ਪਿੰਡ ਪਲਾਟਾ ਤੇ ਐਲਗਰਾਂ 'ਤੇ ਛਾਪਾ ਮਾਰਿਆ। ਟੀਮ ਦੇ ਨਾਲ ਮਾਈਨਿੰਗ ਵਿਭਾਗ ਦੇ ਜੁਆਇੰਟ ਡਾਇਰੈਕਟਰ ਦਲਜੀਤ ਸਿੰਘ ਸਿੱਧੂ, ਮਾਈਨਿੰਗ ਵਿਭਾਗ ਦੇ ਐਸਪੀ ਅਮਨਪ੍ਰੀਤ ਸਿੰਘ ਘੁੰਮਣ ਵੀ ਨਾਲ ਸਨ। ਆਪ ਯੂਥ ਆਗੂ ਸ੍ਰੀ ਕਾਹਲੋਂ ਦੇ ਦਸਮੇਸ਼ ਸਟੋਨ ਕਰੱਸ਼ਰ ਐਲਗਰਾਂ ਦੇ ਕਾਹਲੋਂ ਸਕਰੀਨਿੰਗ ਪਲਾਂਟ ਪਿੰਡ ਪਲਾਟਾ ਵਿੱਚ ਜਦੋਂ ਟੀਮਾਂ ਨੇ ਛਾਪਾ ਮਾਰਿਆ ਤਾਂ ਉਥੇ 100 ਟਿੱਪਰਾਂ ਦਾ ਮਾਲ ਪਿਆ ਸੀ ਤੇ ਉਨ੍ਹਾਂ ਕੋਲ ਸਿਰਫ ਦੋ ਹੀ ਟਿੱਪਰਾਂ ਦੇ ਕਾਗਜ਼ ਸਨ। ਵਾਧੂ ਮਾਲ ਨੂੰ ਜ਼ਬਤ ਕਰ ਲਿਆ ਗਿਆ ਹੈ। 'ਆਪ' ਆਗੂ ਕਾਹਲੋਂ ਦਸਮੇਸ਼ ਕਰੱਸ਼ਰ ਦੇ ਰਜਿਸਟਰੇਸ਼ਨ ਦੇ ਕਾਗਜ਼ ਵੀ ਨਹੀਂ ਦਿਖਾ ਸਕਿਆ। ਜੁਆਇੰਟ ਮਾਈਨਿੰਗ ਡਾਇਰੈਕਟਰ ਦਲਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਸੀ ਕਿ ਇੱਥੇ ਗੈਰਕਾਨੂੰਨੀ ਕੰਮ ਚੱਲ ਰਿਹਾ ਹੈ। ਜਾਂਚ ਕਰਨ 'ਤੇ ਗੋਲ ਬਜਰੀ (ਗਰੈਵਲ) ਤੇ ਬਰੀਕ ਬਜਰੀ ਦੇ ਢੇਰ ਲੱਗੇ ਹੋਏ ਸਨ। 100 ਤੋਂ ਵੱਧ ਟਿੱਪਰਾਂ ਦਾ ਸਟਾਕ ਪਿਆ ਸੀ ਜਿਸ ਦਾ ਕੋਈ ਵੀ ਰਿਕਾਰਡ ਨਹੀਂ ਸੀ। ਉਨ੍ਹਾਂ ਕਿਹਾ ਕਿ ਦੋਨਾਂ ਸਟੋਨ ਕਰੱਸ਼ਰਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਸਟੋਨ ਕਰੱਸ਼ਰਾਂ ਵਿਰੁੱਧ ਸਥਾਨਕ ਪੁਲੀਸ ਕੋਲ ਪਰਚਾ ਦਰਜ ਕਰਕੇ ਦੋਵੇਂ ਕਰੱਸ਼ਰਾਂ ਨੂੰ ਸੀਲ ਕਰ ਦਿੱਤਾ ਗਿਆ ਹੈ।

### ਕਾਹਲੋਂ ਨੇ ਕਿਹਾ-ਬਦਲਾਲਊ ਭਾਵਨਾ ਤਹਿਤ ਕੇਸ ਦਰਜ

'ਆਪ' ਦੇ ਯੂਥ ਵਿੰਗ ਦੇ ਸੂਬਾ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਕਾਹਲੋਂ ਨੇ ਕਿਹਾ ਕਿ ਉਸ ਨੂੰ ਬਦਨਾਮ ਕਰਨ ਦੀ ਕਾਂਗਰਸ ਸਰਕਾਰ ਦੀ ਇਹ ਕੋਝੀ ਚਾਲ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਪਿੰਡ ਪਲਾਟਾ ਤੇ ਐਲਗਰਾਂ ਵਿੱਚ ਲੱਗੇ ਸਟੋਨ ਕਰੱਸ਼ਰ ਤੇ ਸਕਰੀਨਿੰਗ ਪਲਾਂਟ ਦੇ ਕਾਗਜ਼ ਪੱਤਰ ਪੂਰੇ ਹਨ ਤੇ ਉਸ ਨਾਲ ਧੱਕਾ ਕੀਤਾ ਗਿਆ ਹੈ। ਹਲਕਾ ਰੂਪਨਗਰ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਦਾਅਵਾ ਕੀਤਾ ਕਿ 'ਆਪ' ਦੇ ਯੂਥ ਆਗੂ ਹਰਪ੍ਰੀਤ ਸਿੰਘ ਕਾਹਲੋਂ 'ਤੇ ਇਸ ਹਲਕੇ ਤੋਂ ਚੋਣ ਲੜ ਚੁੱਕੇ ਕਾਂਗਰਸ ਆਗੂ ਬਰਿੰਦਰ ਸਿੰਘ ਢਿੱਲੋਂ ਦੇ ਕਹਿਣ 'ਤੇ ਨਾਜਾਇਜ਼ ਮਾਈਨਿੰਗ ਦਾ ਪਰਚਾ ਦਰਜ ਕੀਤਾ ਗਿਆ ਹੈ। ਕਾਂਗਰਸੀ ਨੇਤਾ ਬਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਸਾਡਾ ਕੰਮ ਹਲਕੇ ਦਾ ਵਿਕਾਸ ਕਰਵਾਉਣਾ ਹੈ ਝੂਠੇ ਪਰਚੇ ਦਰਜ ਕਰਵਾਉਣਾ ਨਹੀਂ ਹੈ। ਹਲਕੇ ਵਿੱਚ ਕੀ ਗਲਤ ਹੋ ਰਿਹਾ ਹੈ ਇਹ ਦੇਖਣਾ ਜ਼ਿਲ੍ਹਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ।




# ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਤੇ ਹੋਰ ਵਪਾਰਕ ਕੰਮ ਕਾਂਗਰਸੀ ਮੈਂਬਰਾਂ ਦੇ ਨਿਸ਼ਾਨੇ 'ਤੇ ਰਹੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਅੰਦਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਨਾਲ ਸਬੰਧਤ ਟਰਾਂਸਪੋਰਟ ਕੰਪਨੀਆਂ ਅਤੇ ਬਾਦਲਾਂ ਦੇ ਹੋਰ ਵਪਾਰਕ ਕੰਮ ਕਾਂਗਰਸੀ ਮੈਂਬਰਾਂ ਦੇ ਨਿਸ਼ਾਨੇ 'ਤੇ ਰਹੇ। ਅਕਾਲੀ ਦਲ ਦੇ ਮੈਂਬਰਾਂ ਨੇ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਕਿਸਾਨੀ ਮੁੱਦਿਆਂ 'ਤੇ ਸਪੀਕਰ ਦੇ ਆਸਨ ਸਾਹਮਣੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਪ੍ਰਸ਼ਨ ਕਾਲ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨਾ ਬਣਾਏ ਜਾਣ ਬਾਅਦ ਅਕਾਲੀ ਦਲ ਦੇ ਮੈਂਬਰਾਂ ਦਾ ਮੰਤਰੀ ਨਾਲ ਸਿੱਧਾ ਟਕਰਾਅ ਹੋ ਗਿਆ। ਕਾਂਗਰਸੀ ਤੇ ਅਕਾਲੀ ਮੈਂਬਰਾਂ ਦਰਮਿਆਨ ਟਕਰਾਅ ਨੂੰ ਦੇਖਦਿਆਂ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਸਦਨ ਵਿਚੋਂ ਦੋ ਵਾਰ ਵਾਕਆਊਟ ਕੀਤਾ ਜਦੋਂ ਕਿ ਅਕਾਲੀਆਂ ਨੇ ਸਪੀਕਰ ਦੇ ਆਸਣ ਅੱਗੇ ਦੋ ਵਾਰ ਪ੍ਰਦਰਸ਼ਨ ਕੀਤਾ। ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਦਾ ਮੁੱਦਾ ਸਦਨ ਵਿੱਚ ਵਾਰ-ਵਾਰ ਉਠਣ ਕਾਰਨ ਅਕਾਲੀ ਮੈਂਬਰਾਂ ਨੂੰ ਨਮੋਸ਼ੀ ਝੱਲਣੀ ਪਈ। ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਵਲੋਂ ਹਰੀਕੇ 'ਚ ਜੰਗਲੀ ਜੀਵ ਰੱਖ ਨੂੰ ਵਿਕਸਤ ਕਰਨ ਬਾਰੇ ਪੁੱਛੇ ਸਵਾਲ ਉਤੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਆਪਣੀ ਪਾਣੀ ਵਾਲੀ ਬੱਸ ਚਲਾਉਣ ਲਈ ਰੋਪੜ ਹੈੱਡ ਵਰਕਸ ਤੋਂ ਪਾਣੀ ਛੁਡਾ ਕੇ 5000 ਕਿਸਾਨਾਂ ਦੀ ਫਸਲ ਡੋਬ ਦਿੱਤੀ ਸੀ ਅਤੇ ਅੱਜ ਇਹ ਅਕਾਲੀ ਕਿਸ ਹੱਕ ਨਾਲ ਕਿਸਾਨਾਂ ਦੀ ਗੱਲ ਕਰ ਰਹੇ ਹਨ। ਇਹ ਬੱਸ ਵੀ ਮਸਾਂ 10 ਕੁ ਦਿਨ ਚੱਲੀ। ਉਨ੍ਹਾਂ ਕਿਹਾ ਕਿ ਜੇਕਰ ਪਿਛਲੀ ਸਰਕਾਰ ਨੂੰ ਬੱਸਾਂ ਚਲਾਉਣ ਦਾ ਹੀ ਸ਼ੌਕ ਸੀ ਤਾਂ 350 ਕਰੋੜ ਘਾਟੇ ਵਿੱਚ ਚੱਲ ਰਹੀ ਪੀਆਰਟੀਸੀ ਦੀਆਂ ਬੱਸਾਂ ਨੂੰ ਕਿਉਂ ਨਹੀਂ ਚਲਾਇਆ? ਬਾਦਲ ਪਰਿਵਾਰ ਨੇ ਸੱਤਾ ਵਿੱਚ ਆਉਣ ਬਾਅਦ ਆਪਣੀਆਂ ਬੱਸਾਂ ਦੀ ਗਿਣਤੀ ਵਿੱਚ ਅਥਾਹ ਵਾਧਾ ਕੀਤਾ। ਬਾਦਲ ਪਰਿਵਾਰ ਦਾ ਕਰੀਬੀ ਹੀ ਬੱਸਾਂ ਦੇ ਟਾਈਮ ਟੇਬਲ ਬਣਾਉਂਦਾ ਹੈ, ਜਿਸ ਕਾਰਨ ਪੀਆਰਟੀਸੀ ਨੂੰ ਨਿੱਤ ਦਿਨ ਘਾਟਾ ਪੈਂਦਾ ਗਿਆ। ਇਸ ਬਾਅਦ ਅਕਾਲੀ ਦਲ ਦੇ ਮੈਂਬਰਾਂ ਨੇ ਮੰਤਰੀ ਦੀ ਸੀਟ ਨੇੜੇ ਆ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਅਕਾਲੀ ਮੈਂਬਰਾਂ ਦਾ ਸ਼ੋਰ ਸ਼ਰਾਬਾ ਐਨਾ ਜ਼ਿਆਦਾ ਵਧ ਗਿਆ ਕਿ ਨੌਬਤ ਟਕਰਾਅ ਤਕ ਦੀ ਆ ਗਈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਦਖ਼ਲ ਦਿੰਦਿਆਂ ਸਪੀਕਰ ਨੂੰ ਕਿਹਾ ਕਿ ਅਕਾਲੀ ਦਲ ਦੇ ਮੈਂਬਰਾਂ ਵਲੋਂ ਮੰਤਰੀ 'ਤੇ ਨਿੱਜੀ ਹਮਲੇ ਕੀਤੇ ਜਾ ਰਹੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਕਾਲੀ ਵਿਧਾਇਕ ਪਵਨ ਕੁਮਾਰ ਟੀਨੂੰ ਅਤੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਮੰਤਰੀ ਦਾ ਵਿਰੋਧ ਕੀਤਾ। ਸਦਨ ਵਿੱਚ ਸ਼ੋਰ ਸ਼ਰਾਬਾ ਹੋਰ ਵਧ ਗਿਆ ਤੇ ਅਖੀਰ ਸਪੀਕਰ ਨੂੰ ਸਦਨ ਦੀ ਕਾਰਵਾਈ ਅੱਧੇ ਘੰਟੇ ਲਈ ਮੁਲਤਵੀ ਕਰਨੀ ਪਈ।

ਇਸ ਬਾਅਦ ਧਿਆਨ ਦਿਵਾਊ ਮਤੇ ਰਾਹੀਂ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਬਾਦਲਾਂ ਦੀ ਮਾਲਕੀ ਵਾਲੀਆਂ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਵਿੱਚ ਵੱਡਾ ਵਾਧਾ ਹੋਇਆ ਹੈ। ਉਨ੍ਹਾਂ ਮੰਗ ਕੀਤੀ ਕਿ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਮਤੇ ਦੇ ਜਵਾਬ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਗੈਰ ਕਾਨੂੰਨੀ ਬੱਸਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਤੇ ਟਰਾਂਸਪੋਰਟ ਵਿਭਾਗ ਵਲੋਂ ਸਾਂਝੀ ਮੁਹਿੰਮ ਚਲਾਈ ਗਈ ਹੈ। ਇਸ ਮਾਮਲੇ ਦੀ ਵਿਜੀਲੈਂਸ ਵਲੋਂ ਜਾਂਚ ਕੀਤੀ ਜਾ ਰਹੀ ਹੈ।



ਪੰਜਾਬ ਵਿਧਾਨ ਸਭਾ 'ਚ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

### ਸੁਖਪਾਲ ਖਹਿਰਾ ਬਜਟ ਸੈਸ਼ਨ ਦੌਰਾਨ ਮੁਅੱਤਲ

ਸਪੀਕਰ ਨੇ ਆਪ' ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਰਹਿੰਦੇ ਬਜਟ ਸੈਸ਼ਨ ਲਈ ਮੁਅੱਤਲ ਕਰ ਦਿੱਤਾ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਸ੍ਰੀ ਖਹਿਰਾ 'ਤੇ ਸਦਨ ਦੀ ਵੀਡੀਓ ਬਣਾ ਕੇ ਫੇਸਬੁੱਕ 'ਤੇ ਅਪਲੋਡ ਕਰਨ ਸਬੰਧੀ ਕਾਰਵਾਈ ਦੀ ਮੰਗ ਕੀਤੀ ਸੀ। ਸਪੀਕਰ ਨੇ ਖਹਿਰਾ ਦਾ ਮੋਬਾਈਲ ਫੋਨ ਕਬਜ਼ੇ 'ਚ ਲੈਣ, ਰਹਿੰਦੇ ਸੈਸ਼ਨ ਦੌਰਾਨ ਮੁਅੱਤਲ ਕਰਨ ਅਤੇ ਮਾਮਲਾ ਮਰਿਆਦਾ ਕਮੇਟੀ ਨੂੰ ਸੌਂਪਣ ਦਾ ਐਲਾਨ ਕੀਤਾ।

### ਰੇਤੇ ਦੇ ਮਾਮਲੇ 'ਚ ਕੈਪਟਨ ਨੇ ਅਕਾਲੀ ਘੇਰੇ

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਸਦਨ ਵਿਚਕਾਰ ਆ ਕੇ ਸਰਕਾਰ ਤੇ ਸਪੀਕਰ ਖ਼ਿਲਾਫ਼ ਨਾਅਰੇਬਾਜ਼ੀ ਕਰਨ ਲੱਗੇ ਤਾਂ ਤਕਰੀਬਨ ਇੱਕ ਘੰਟੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, ਮੇਰੇ ਕੋਲ ਪੂਰੀ ਸੂਚੀ ਪਈ ਹੈ, ਜਿਨ੍ਹਾਂ ਨੇ ਰੇਤ ਦੇ ਠੇਕੇ ਲਏ ਹੋਏ ਹਨ ਅਤੇ ਜੇਕਰ ਤੁਸੀਂ ਨਾ ਬੈਠੇ ਤਾਂ ਸਭ ਦੇ ਨਾਂ ਬੋਲ ਦਿਆਂਗਾ।' ਇਸ ਬਾਅਦ ਅਕਾਲੀ ਵਿਧਾਇਕ ਆਪਣੀਆਂ ਸੀਟਾਂ 'ਤੇ ਬੈਠ ਗਏ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਪ੍ਰੋਗਰਾਮ ਤਹਿਤ ਕਿਸਾਨਾਂ ਦਾ ਕਰਜ਼ਾ ਤੇ ਹੋਰ ਸਾਰੇ ਵਾਅਦੇ ਪੂਰੇ ਕੀਤੇ ਜਾਣਗੇ।

### ਭੱਟੀ ਬਣੇ ਡਿਪਟੀ ਸਪੀਕਰ:

ਵਿਧਾਨ ਸਭਾ ਹਲਕਾ ਮਲੋਟ ਦੇ ਵਿਧਾਇਕ ਅਜੈਬ ਸਿੰਘ ਭੱਟੀ ਨੂੰ ਵਿਧਾਨ ਸਭਾ ਦਾ ਡਿਪਟੀ ਸਪੀਕਰ ਚੁਣਿਆ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਭੱਟੀ ਦਾ ਨਾਮ ਤਜਵੀਜ਼ ਕੀਤਾ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਇਸ ਦੀ ਤਾਈਦ ਕੀਤੀ। ਸ੍ਰੀ ਭੱਟੀ ਦੀ ਚੋਣ ਸਰਬਸੰਮਤੀ ਨਾਲ ਹੋਈ ਐਲਾਨੀ ਗਈ। ਮੁੱਖ ਮੰਤਰੀ ਅਤੇ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਭੱਟੀ ਨੂੰ ਡਿਪਟੀ ਸਪੀਕਰ ਬਣਨ 'ਤੇ ਵਧਾਈ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਭੱਟੀ ਚੰਗਾ ਪ੍ਰਸ਼ਾਸਨਿਕ ਤਜਰਬਾ ਰੱਖਦੇ ਹਨ ਤੇ ਸਿਆਸਤ ਸ੍ਰੀ ਭੱਟੀ ਦੇ ਖ਼ੂਨ ਵਿੱਚ ਹੈ ਜੋ ਉਨ੍ਹਾਂ ਨੂੰ ਆਪਣੇ ਪਿਤਾ ਮਰਹੂਮ ਅਰਜਨ ਸਿੰਘ ਕੋਲੋਂ ਵਿਰਸੇ ਵਿੱਚ ਮਿਲੀ ਹੈ, ਜਿਨ੍ਹਾਂ ਨੇ 1957 ਵਿੱਚ ਨਿਹਾਲ ਸਿੰਘ ਵਾਲਾ ਦੇ ਤਤਕਾਲੀ ਸਾਂਝੇ ਹਲਕੇ ਤੋਂ ਵਿਧਾਨ ਸਭਾ ਚੋਣ ਲੜੀ ਸੀ। ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਸ੍ਰੀ ਭੱਟੀ ਖ਼ਾਸ ਕਰਕੇ ਸਮਾਜ ਦੇ ਕਮਜ਼ੋਰ ਤਬਕਿਆਂ ਦੀ ਭਲਾਈ ਲਈ ਡਟ ਕੇ ਕੰਮ ਰੱਖਣ ਵਿੱਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਭੱਟੀ ਇਸ ਵੱਕਾਰੀ ਅਹੁਦੇ ਦਾ ਮਾਣ ਵਧਾਉਣਗੇ। ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ, ਭਾਜਪਾ ਆਗੂ ਸੋਮ ਪ੍ਰਕਾਸ਼, ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਤੇ ਚਰਨਜੀਤ ਸਿੰਘ ਚੰਨੀ ਨੇ ਸ੍ਰੀ ਭੱਟੀ ਨੂੰ ਵਧਾਈ ਦਿੱਤੀ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ ਤੇ ਨਵਜੋਤ ਸਿੰਘ ਸਿੱਧੂ ਸ੍ਰੀ ਭੱਟੀ ਨੂੰ ਡਿਪਟੀ ਸਪੀਕਰ ਦੇ ਕੁਰਸੀ ਤੱਕ ਲੈ ਕੇ ਗਏ।



### ਅਮਰਿੰਦਰ ਸਿੰਘ ਨੇ ਬੈਂਸ ਤੇ 'ਆਪ' ਦੀ ਕੀਤੀ ਆਲੋਚਨਾ:

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਅੰਦਰ ਆਪ' ਦੇ ਵਿਧਾਇਕਾਂ ਵਲੋਂ ਕੀਤੇ ਪ੍ਰਦਰਸ਼ਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਵਲੋਂ ਸਪੀਕਰ ਵੱਲ ਕਾਗਜ਼ ਸੁੱਟਣ ਦੀ ਨਿੰਦਾ ਕੀਤੀ। ਵਿਧਾਨ ਸਭਾ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਆਪ' ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਨੇ ਸਪੀਕਰ ਦੀ ਮਾਣ-ਮਰਿਆਦਾ ਨੂੰ ਠੇਸ ਪਹੁੰਚਾਈ ਹੈ ਤੇ ਇਹ ਕਦਮ ਪੂਰੀ ਤਰ੍ਹਾਂ ਗੈਰਜਮਹੂਰੀ ਹੈ।



## ਕੈਪਟਨ ਨੇ ਆਪਣਾ ਖੂੰਡਾ ਪਤਾ ਨਹੀਂ ਕਿੱਥੇ ਲੁਕਾ ਦਿੱਤਾ : ਵੜਿੰਗ

**ਚੰਡੀਗੜ੍ਹ/ਬਿਊਰੋ ਨਿਊਜ਼ :** ਗਿੱਦੜਬਾਹਾ ਹਲਕੇ ਦੇ ਵਿਧਾਇਕ ਰਾਜਾ ਵੜਿੰਗ ਨੇ ਵਿਧਾਨ ਸਭਾ ਵਿੱਚ ਜਿੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ, ਉਥੇ ਮਿੱਠੇ ਮਿਹਣੇ ਵੀ ਮਾਰੇ। ਖੂੰਡੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੈਪਟਨ ਨੇ ਆਪਣਾ ਖੂੰਡਾ ਪਤਾ ਨਹੀਂ, ਕਿੱਥੇ ਲੁਕਾ ਦਿੱਤਾ ਹੈ। ਉਸ ਤੋਂ ਬਿਨਾਂ ਕੰਮ ਨਹੀਂ ਚੱਲਣਾ। ਉਨ੍ਹਾਂ ਦਾ ਭਾਵ ਸੀ ਕਿ ਅਕਾਲੀਆਂ ਤੋਂ ਵਧੀਕੀਆਂ ਦਾ ਬਦਲਾ ਲਿਆ ਜਾਵੇ। ਲੰਬੀ ਹਲਕੇ ਦੇ ਬਾਦਲਾਂ ਦੇ ਕਰੀਬੀ ਦਿਆਲ ਸਿੰਘ ਕੋਲਿਆਂਵਾਲੀ ਬਾਰੇ ਕੈਪਟਨ ਨੂੰ ਮਿੱਠੀ ਮਸ਼ਕਰੀ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਦੇ ਕਾਰੋਬਾਰ ਬਾਰੇ ਤਾਂ ਸਾਰੇ ਜਾਣਦੇ ਹਨ ਪਰ ਸਾਡੇ ਮੁੱਖ ਮੰਤਰੀ ਏਨੇ ਨਰਮ ਦਿਲ ਹਨ ਕਿ ਕੋਲਿਆਂਵਾਲੀ ਨੂੰ ਖਤਰੇ' ਦੇ ਮੱਦੇਨਜ਼ਰ ਉਸ ਦੀ ਸੁਰੱਖਿਆ ਵਾਪਸ ਨਹੀਂ ਲਈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਸ ਵਿਰੁੱਧ ਕਾਰਵਾਈ ਨਹੀਂ ਕੀਤੀ ਜਾਵੇਗੀ। ਜਦੋਂ ਉਹ ਜਾੜ੍ਹ ਥੱਲੇ ਆ ਗਿਆ ਤਾਂ ਉਸ ਦਿਨ ਛੱਡਿਆ ਨਹੀਂ ਜਾਵੇਗਾ। ਜਦੋਂ ਰਾਜਾ ਵੜਿੰਗ ਮਿੱਠੀਆਂ ਟਕੋਰਾਂ ਲਾ ਰਿਹਾ ਸੀ ਤਾਂ ਕੁਝ ਕਾਂਗਰਸੀ ਵਿਧਾਇਕ ਮਨ ਹੀ ਮਨ ਮੁਸਕਰਾ ਰਹੇ ਸਨ। ਸਾਬਕਾ ਅਕਾਲੀ ਵਜ਼ੀਰ ਅਜੀਤ ਸਿੰਘ ਕੋਹਾੜ ਜਦੋਂ ਅਚਾਨਕ ਸਦਨ ਵਿੱਚ ਖੜ੍ਹੇ ਹੋ ਗਏ ਤਾਂ ਰਾਜਾ ਵੜਿੰਗ ਨੇ ਉਨ੍ਹਾਂ ਨੂੰ ਆਪਣੇ ਲਪੇਟੇ ਵਿੱਚ ਲੈਂਦਿਆਂ ਕਿਹਾ ਕਿ ਤੁਹਾਡਾ ਤਾਂ ਜ਼ਿਕਰ ਹੀ ਨਹੀਂ ਕੀਤਾ ਪਰ ਤੁਹਾਡੇ ਬਾਰੇ ਤਾਂ ਇਕ ਅਖਬਾਰ ਨੇ ਲਿਖਿਆ ਸੀ ਕਿ ਤੁਹਾਡੇ ਸੁੱਤਿਆਂ ਵੀ ਤੁਹਾਡੀ ਗੱਡੀ ਚਲਦੀ ਰਹੀ, ਜਿਸ ਦੀ ਤੇਲ ਖਪਤ ਬਹੁਤ ਜ਼ਿਆਦਾ ਸੀ।



## ਵਿਰੋਧੀ ਧਿਰਾਂ ਵਲੋਂ ਸਪੀਕਰ ਉੱਤੇ ਪੱਖਪਾਤ ਤੇ ਤਾਨਾਸ਼ਾਹੀ ਰੁਖ਼ ਅਪਣਾਉਣ ਦੇ ਦੋਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਆਪ' ਦੇ ਵਿਧਾਇਕ ਸੁਖਪਾਲ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਆਗੂ ਸਿਮਰਜੀਤ ਬੈਂਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ 'ਤੇ ਵਿਰੋਧੀ ਧਿਰ ਦੇ ਵਿਧਾਇਕਾਂ ਨਾਲ ਪੱਖਪਾਤ ਅਤੇ ਤਾਨਾਸ਼ਾਹੀ ਰੁਖ਼ ਅਪਣਾਉਣ ਦੇ ਦੋਸ਼ ਲਾਏ ਹਨ। ਆਪ' ਵਿਧਾਇਕ ਸ੍ਰੀ ਖਹਿਰਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਸਦਨ ਦੀ ਕਾਰਵਾਈ ਮੁਲਤਵੀ ਹੋਣ 'ਤੇ ਸਦਨ ਦੀ ਵੀਡੀਓ ਬਣਾਈ ਸੀ, ਜਿਸ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕੀਤਾ ਸੀ ਤੇ ਅਜਿਹਾ ਪਹਿਲੀ ਵਾਰ ਨਹੀਂ ਹੋਇਆ। ਪਿਛਲੀ ਸਰਕਾਰ ਦੇ ਆਖਰੀ ਵਿਧਾਨ ਸਭਾ ਸੈਸ਼ਨ ਦੌਰਾਨ ਉਸ ਵੇਲੇ ਦੇ ਵਿਰੋਧੀ ਧਿਰ ਦੇ ਨੇਤਾ ਚਰਨਜੀਤ ਚੰਨੀ, ਕੁਲਜੀਤ ਨਾਗਰਾ, ਰਾਜਾ ਵੜਿੰਗ ਨੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਈਆਂ ਸਨ। ਸਦਨ ਦੀ ਕਾਰਵਾਈ ਨਾ ਚੱਲਣ ਵੇਲੇ ਵੀਡੀਓ ਬਣਾਉਣਾ ਕੋਈ ਗ਼ਲਤ ਗੱਲ ਨਹੀਂ ਹੈ ਪਰ ਸਪੀਕਰ ਨੇ ਉਨ੍ਹਾਂ ਦਾ ਪੱਖ ਨਹੀਂ ਸੁਣਿਆ ਤੇ ਪੂਰੇ ਸੈਸ਼ਨ ਲਈ ਮੁਅੱਤਲ ਕਰਨ ਦਾ ਫ਼ਰਮਾਨ ਸੁਣਾ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦੀ ਸੰਸਦ ਦੀ ਕਾਰਵਾਈ ਦਾ ਸਿੱਧਾ ਪ੍ਰਾਸਰਨ ਹੁੰਦਾ ਹੈ ਤਾਂ ਵਿਧਾਨ ਸਭਾ ਦੀ ਕਾਰਵਾਈ ਦਾ ਵੀ ਸਿੱਧਾ ਪ੍ਰਸਾਰਨ ਹੋਣਾ ਚਾਹੀਦਾ ਹੈ। ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ ਜਿਨ੍ਹਾਂ ਨੂੰ ਇੱਕ ਦਿਨ ਪਹਿਲਾਂ ਹੀ ਪੂਰੇ ਸੈਸ਼ਨ ਲਈ ਮੁਅੱਤਲ ਕੀਤਾ ਗਿਆ ਸੀ, ਨੇ ਵੀ ਸਪੀਕਰ ਦੇ ਪੱਖਪਾਤੀ ਵਤੀਰੇ' ਦੀ ਨਿਖੇਧੀ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਪੀਕਰ ਵਲੋਂ ਰਾਜਪਾਲ ਦੇ ਧੰਨਵਾਦ ਮਤੇ 'ਤੇ ਬਹਿਸ ਦੌਰਾਨ ਪੂਰਾ ਸਮਾਂ ਨਾ ਦਿੱਤੇ ਜਾਣ ਕਾਰਨ ਖ਼ਫ਼ਾ ਸਨ ਤੇ ਉਨ੍ਹਾਂ ਨੇ ਸਦਨ 'ਚੋਂ ਵਾਕਆਊਟ ਕਰਨ ਤੋਂ ਬਾਅਦ ਵਿਧਾਨ ਸਭਾ ਕੰਪਲੈਕਸ ਵਿੱਚ ਸਪੀਕਰ ਵਿਰੁੱਧ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਸਪੀਕਰ ਵਲੋਂ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ ਜਾ ਰਿਹਾ। ਅਕਾਲੀ ਵਿਧਾਇਕਾਂ ਪਰਮਿੰਦਰ ਸਿੰਘ ਢੀਂਡਸਾ, ਐਨ.ਕੇ ਸ਼ਰਮਾ, ਅਜੀਤ ਸਿੰਘ ਕੋਹਾੜ ਨੇ ਕਿਹਾ ਕਿ ਉਹ ਕਰਜ਼ਾ ਮੁਆਫ਼ੀ ਤੇ ਹੋਰ ਮੁੱਦਿਆਂ ਨੂੰ ਲੈ ਕੇ ਸਰਕਾਰ ਵਿਰੁੱਧ ਸਦਨ ਦੇ ਅੰਦਰ ਤੇ ਬਾਹਰ ਸੰਘਰਸ਼ ਕਰਨਗੇ।





# ਨਾ ਜੁਰਾਬ ਤੇ ਨਾ ਨਕਾਬ ਪਾਉਣ ਵਾਲਾ ਔਲਖ

**ਡਾ. ਸਾਹਿਬ ਸਿੰਘ**
(ਸੰਪਰਕ : 98880-11096)



ਮਾਲਵੇ ਦਾ 'ਬਾਈ' ਦੁਆਬੇ ਪਹੁੰਚ ਕੇ 'ਵੀਰ' ਬਣ ਜਾਂਦੈ। ਮਾਲਵੇ 'ਚ ਉਠ ਤੇ ਦੁਆਬੇ 'ਚ ਊਠ ਬਣ ਜਾਂਦੈ। ਦੁਆਬੇ 'ਚ ਚਰਖਾ ਘੂਕਦਾ ਹੈ ਪਰ ਮਾਲਵੇ ਵਾਲੇ ਇਸ ਨੂੰ ਘੂਕਣ ਲਾ ਦਿੰਦੇ ਨੇ। ਇਹੋ ਮੇਰੀ ਬੋਲੀ ਦੀ ਰੰਗੀਨੀ ਹੈ। ਇਹ ਰੰਗੀਨੀ ਚੰਗੀ ਵੀ ਲੱਗਦੀ ਐ। ਪਰ ਕੁਝ ਇਨਸਾਨ ਹੁੰਦੇ ਨੇ ਜੋ ਹੱਦਾਂ-ਸਰਹੱਦਾਂ, ਖ਼ਿੱਤਿਆਂ-ਉਪ ਖ਼ਿੱਤਿਆਂ ਅਤੇ ਉਪ-ਬੋਲੀਆਂ ਤੋਂ ਉੱਪਰ ਉੱਠ ਕੇ 'ਸਭ ਦੇ' ਹੋ ਜਾਂਦੇ ਹਨ। ਉਨ੍ਹਾਂ ਵਿੱਚੋਂ ਇੱਕ ਸ਼ਖ਼ਸੀਅਤ ਦਾ ਨਾਂਅ ਸੀ – ਅਜਮੇਰ ਸਿੰਘ ਔਲਖ। ਜਾਂ ਪ੍ਰੋ. ਅਜਮੇਰ ਔਲਖ। ਕਦੇ ਉਹ ਭੀਖੀ ਦੀ ਕਿਸੇ ਕੱਚੀ ਗਲੀ 'ਚ ਬਣਾਈ ਆਰਜ਼ੀ ਸਟੇਜ 'ਤੇ ਨਾਟਕ ਕਰ ਰਿਹਾ ਹੁੰਦਾ, ਕਦੇ ਤਰਨ ਤਾਰਨ ਦੇ ਕਿਸੇ ਮਝੈਲੀ ਸੱਦੇ 'ਤੇ ਮੰਚ ਮਘਾਈ ਬੈਠਾ ਹੁੰਦਾ, ਜਾਂ ਚਰਨ ਦਾਸ ਸਿੱਧੂ ਵਾਲੇ ਹੁਸ਼ਿਆਰਪੁਰ ਦੇ ਕਿਸੇ ਪਿੰਡ 'ਚ ਨਾਟ-ਕਲਾ ਦੀ ਅਲਖ ਜਗਾ ਰਿਹਾ ਹੁੰਦਾ। ਪਰ ਉਹਦਾ ਚਰਖਾ ਘੂਕਣੋਂ ਨਾ ਉੱਕਦਾ। ਇੱਕ ਪੂਣੀ ਛੋਹਦਾ, ਫਿਰ ਦੂਜੀ, ਫਿਰ ਤੀਜੀ। ਨਵੇਂ ਨਕੋਰ ਸੱਜਰੇ ਧਾਗਿਆਂ ਤੋਂ ਬਣੇ ਗਲੋਟਿਆਂ ਨਾਲ ਛਾਬਾ ਭਰ ਜਾਂਦਾ ਤੇ ਦਰਸ਼ਕ ਦੇ ਮਨਾਂ 'ਚ ਕੁਝ ਕਰ ਗੁਜ਼ਰਨ ਦੀ ਦਰੀ ਬੁਣਨ ਦਾ ਸੁਪਨਾ ਉੱਘੜ ਪੈਂਦਾ।

ਉਹ ਕਦੀ ਓਪਰਾ ਨਹੀਂ ਸੀ ਲੱਗਾ। ਕਿਸੇ ਪੇਂਡੂ ਦਰਸ਼ਕ ਨੂੰ ਇਹ ਨਹੀਂ ਸੀ ਲੱਗਾ ਕਿ ਕੋਈ ਪੜ੍ਹਿਆ-ਲਿਖਿਆ ਸਿਆਣਪ ਝਾੜਦਾ, ਦੂਰੋਂ ਆਇਆ ਮਨੁੱਖ ਕੁਝ ਸਮਝਾ ਰਿਹੈ। ਬਲਕਿ ਇਹ ਲੱਗਦਾ ਜਿਵੇਂ ਉਹਦੇ ਆਪਣੇ ਹੀ ਪਿੰਡ ਦੀ ਕਿਸੇ ਪੱਤੀ 'ਚ ਰਹਿੰਦਾ ਨੰਗੇ ਪੈਰਾਂ ਵਾਲਾ ਅੱਧਖੜ ਤੇ ਅਣਘੜ ਕਰਮਾ, ਨਿਹਾਲਾ, ਪੀਤਾ ਜਾਂ ਧਰਮਾ ਜ਼ਿੰਦਗੀ ਦੀ ਕੋਈ ਬਾਤ ਪਾ ਰਿਹਾ ਹੈ। ਉਹਦੇ ਸ਼ਬਦ ਕਿਤੋਂ ਬਾਹਰੋਂ ਨਾ ਆਉਂਦੇ। ਉਹਦੇ ਵਾਕਾਂ ਦੀ ਘਾੜਤ ਬਨਾਵਟੀ ਨਾ ਲੱਗਦੀ। ਉਹਦੇ ਰਚੇ ਸੰਵਾਦ ਇਉਂ ਲੱਗਦੇ ਜਿਵੇਂ ਤੂੜੀ ਵਾਲੇ ਕੋਠੇ 'ਚ ਛੱਤ 'ਤੇ ਲੱਗੇ ਮਖਿਆਲ ਤੋਂ ਬਚਣ ਲਈ ਝੁੰਬੜਮਾਟਾ ਕਰੀ ਬੈਠੇ ਕਿਸੇ ਕਰਮਯੋਗੀ ਦੇ ਮੂੰਹੋਂ ਫੁੱਟੇ ਆਪਮੁਹਾਰੇ ਬੋਲ ਹੋਣ। ਉਹਦਾ ਪਾਤਰ ਗਾਲ੍ਹ ਕੱਢਦਾ ਤਾਂ ਕੱਚੀ ਮਿੱਟੀ ਦੇ ਢੇਰ 'ਤੇ ਬੈਠੇ ਕਿਸੇ ਕਰੜ-ਬਰੜੀ ਦਾਹੜੀ ਵਾਲੇ ਕਿਰਤੀ ਦੇ ਮੂੰਹੋਂ ਆਪਮੁਹਾਰੇ ਨਿਕਲੇ 'ਐਥੇ ਰੱਖ!' ਉਹਦੇ ਅੰਦਰਲੀ ਹਿਰਖ ਤੇ ਗੁੱਸੇ ਦੀ ਅੱਗ ਦਾ ਨਿਕਾਸ ਕਰਦੇ ਜਾਪਦੇ। ਉਹ ਮੈਨੂੰ ਬਾਪੂ ਲੱਗਦਾ ਸੀ ਹਮੇਸ਼ਾਂ। ਬਿਨ ਜੁਰਾਬੋਂ ਜੁੱਤੀ ਪਾਉਣ ਵਾਲਾ ਬਾਪੂ। ਸ਼ਾਇਦ ਇਹ ਉਸ ਦਾ ਸੁਚੇਤ ਫ਼ੈਸਲਾ ਸੀ ਕਿ ਜੁਰਾਬਾਂ ਨਾਲ ਢੱਕੇ ਪੈਰ ਕਿਤੇ ਮੈਨੂੰ ਆਪਣੀ ਮਿੱਟੀ ਦੀ ਕੋਸੀ ਛੋਹ ਤੋਂ ਦੂਰ ਨਾ ਲੈ ਜਾਣ। ਉਹ ਕਦੀ ਜੁਰਾਬ ਨਹੀਂ ਸੀ ਪਾਉਂਦਾ ਤੇ ਉਹ ਕਦੀ ਨਕਾਬ ਵੀ ਨਹੀਂ ਸੀ ਪਾਉਂਦਾ।

ਕੁਝ ਸਾਲ ਪਹਿਲਾਂ ਭਿਆਨਕ ਬਿਮਾਰੀ ਨੇ ਘੇਰਾ ਪਾ ਲਿਆ। ਮਹਿੰਗੇ ਇਲਾਜ ਦੀਆਂ ਕਣਸੋਆਂ ਗਲੀ, ਬਾਜ਼ਾਰ, ਕੰਧਾਂ ਟੱਪਦੀਆਂ ਲੋਕ ਵਿਹੜਿਆਂ 'ਚ ਫੈਲ ਗਈਆਂ। ਪੰਜਾਬ ਦਾ ਹਰ ਬਸ਼ਿੰਦਾ ਚਿੰਤਤ। ਔਲਖ ਦੇ ਨਾਟਕਾਂ ਵਿਚਲੇ ਪਾਤਰ ਸਾਕਾਰ ਹੋ ਉੱਠੇ। ਪੀਤੇ ਅਮਲੀ ਨੇ ਸੱਦ ਮਾਰੀ, ਧਰਮੇ-ਕਰਮੇ ਨੇ ਹੁੰਗਾਰਾ ਭਰਿਆ। ਲੱਛਾ ਤੇ ਰਾਮਾ ਉੱਠ ਖਲੋਤੇ। ਸੀਤੇ ਨੇ ਖੀਸੇ 'ਚ ਹੱਥ ਮਾਰਿਆ। ਕਿਤੋਂ ਦਸ, ਕਿਤੋਂ ਪੰਜਾਹ, ਕਿਤੋਂ ਸੌ ਤੇ ਹਜ਼ਾਰ। ਲੋਕ ਖ਼ਜ਼ਾਨਾ ਭਰਦਾ ਗਿਆ, ਔਲਖ ਦਾ ਦਰਦ ਚੂਸਣ ਲਈ। ਪੰਜਾਬੀਆਂ ਨੇ ਵੇਲਾ ਸੰਭਾਲਿਆ। ਔਲਖ ਨੂੰ ਬਚਾ ਲਿਆ। ਕਿਉਂ ? ੩ ਇਹ ਸਵਾਲ ਨਾ ਛੋਟਾ ਹੈ, ਨਾ ਸਿੱਧਰਾ ਹੈ ਤੇ ਨਾ ਪੱਧਰਾ ਹੈ। ਇਹੀ ਤਾਂ ਕਲਾ ਦੀ ਸਾਰਥਕ ਭੂਮਿਕਾ ਦਾ ਥੀਸਿਜ਼ ਹੈ। ਇਹੀ ਤਾਂ ਹੈ ਉਹ ਥਿਊਰੀ ਜਿਹੜੀ ਕਲਾ ਕਲਾ ਲਈ ਜਾਂ ਕਲਾ ਲੋਕਾਂ ਲਈ ਦੇ ਗੁੰਝਲਦਾਰ ਵਰਤਾਰੇ ਨੂੰ ਡੀਕੋਡ ਕਰ ਸਕਦੀ ਹੈ। ਲੋਕਾਂ ਦੇ ਪਿੜ ਅੰਦਰ ਔਲਖ ਸੂਰਮਾ ਕਲਾਕਾਰ ਬਣਕੇ ਵਿਚਰਿਆ। ਤੇ ਪੰਜਾਬੀ ਆਪਣੇ ਸੂਰਮੇ ਪੁੱਤਾਂ ਦੀ ਹਮੇਸ਼ਾ ਕਦਰ ਕਰਦੇ ਹਨ। ਇਹ ਇੱਕੋ ਵਿਕੋਲਿੱਤਰੀ ਘਟਨਾ ਜਿਸ ਦਾ ਸੂਤਰਧਾਰ ਅਜਮੇਰ ਔਲਖ ਹੈ, ਕਲਾ ਦੇ ਖੇਤਰ ਵਿੱਚ, ਖ਼ਾਸ ਕਰਕੇ ਰੰਗਮੰਚ ਕਲਾ ਦੇ ਖੇਤਰ ਅੰਦਰ ਹਮੇਸ਼ਾ ਲਈ ਇੱਕ ਸੰਪਰਕ ਸੂਤਰ ਬਣਕੇ ਜ਼ਿੰਦਾ ਰਹੇਗੀ ਤੇ ਇਸ ਦੀ ਮਿਸਾਲ ਅਨੇਕਾਂ ਪ੍ਰਤੀਬੱਧ ਤੇ ਸਮਰੱਥ ਕਲਾਕਾਰਾਂ ਨੂੰ ਹੌਸਲਾ ਦਿੰਦੀ ਰਹੇਗੀ।

ਅਜਮੇਰ ਔਲਖ ਸਮਾਜ ਅੰਦਰ ਵਾਪਰ ਰਹੇ ਕਿਸੇ ਅਣਮਨੁੱਖੀ ਵਰਤਾਰੇ ਨੂੰ ਪਹਿਲਾਂ ਆਪਣੇ ਤਜਰਬੇ 'ਚੋਂ ਨਿਕਲੀ ਕਿਸੇ ਘਟਨਾ ਜਾਂ ਪਾਤਰ ਨਾਲ ਜੋੜਦਾ, ਫਿਰ ਇਸ ਨੂੰ ਨਵਿਆਉਂਦਾ ਤੇ ਫਿਰ ਸਮੇਂ ਦਾ ਹਾਣੀ ਬਣਾ ਕੇ ਪੇਸ਼ ਕਰਦਾ। 'ਝਨਾ ਦੇ ਪਾਣੀ', 'ਸੱਤ ਬਗਾਨੇ', 'ਬਗਾਨੇ ਬੋਹੜ ਦੀ ਛਾਂ' ਆਦਿ ਨਾਟਕ ਇਸ ਦੀ ਪ੍ਰਤੱਖ ਉਦਾਹਰਣ ਹਨ। ਸੱਤਰਵਿਆਂ ਵਿੱਚ ਲਿਖਿਆ ਉਨ੍ਹਾਂ ਦਾ ਨਾਟਕ 'ਬਗਾਨੇ ਬੋਹੜ ਦੀ ਛਾਂ' ਅੱਜ ਵੀ ਪੰਜਾਬ ਦੀਆਂ ਪੇਂਡੂ ਸਟੇਜਾਂ 'ਤੇ ਖੇਡਿਆ ਜਾਂਦਾ ਹੈ। ਕਾਰਨ ਇਸ ਨਾਟਕ ਦੇ ਵਿਸ਼ੇ ਦੀ ਪ੍ਰਾਸੰਗਿਕਤਾ ਵੀ ਹੈ ਅਤੇ ਇਸ ਦੀ ਬਣਤਰ ਵੀ ਹੈ। ਨਾਟਕਕਾਰ ਆਪਣੇ ਨਾਟਕ ਨੂੰ ਨਾਟਕੀ ਤਣਾਅ ਅਤੇ ਟੱਕਰ ਪ੍ਰਦਾਨ ਕਰਨ ਲਈ ਇੱਕ ਅਜਿਹੇ ਸਥਾਨ ਦੀ ਚੋਣ ਕਰਦਾ ਹੈ ਜਿੱਥੇ ਮੁੱਖ ਪਾਤਰ ਇੱਕ ਸਥਿਰ ਥਾਂ 'ਤੇ ਬੈਠਿਆਂ ਵੀ ਅਸਥਿਰ ਮਹਿਸੂਸ ਕਰ ਰਿਹਾ ਹੈ। ਉਸ ਨੂੰ ਆਪਣੀ ਛਾਂ ਨਸੀਬ ਨਹੀਂ ਪਰ ਉਹ ਜ਼ਿੰਦਗੀ ਨਾਲ ਲੜਦਾ ਭਿੜਦਾ ਪ੍ਰਤੀਤ ਹੁੰਦਾ ਹੈ। ਪਾਤਰ ਆ ਜਾ ਰਹੇ ਹਨ ਤੇ ਉਨ੍ਹਾਂ ਦੇ ਆਪਸੀ ਵਾਰਤਾਲਾਪ ਵਿੱਚੋਂ ਸਮੁੱਚੇ ਪਿੰਡ ਦੀ ਤਸਵੀਰ ਦਿਖਾਈ ਦੇ ਰਹੀ ਹੈ। ਇੱਕ ਦਿਲਚਸਪ ਨਾਟਕੀ ਘਾੜਤ ਰਾਹੀਂ ਪ੍ਰੋਫੈਸਰ ਸਾਹਿਬ ਪਿੱਠਵਰਤੀ ਆਵਾਜ਼ਾਂ ਰਾਹੀਂ ਨਾਟਕ ਨੂੰ ਦਰਸ਼ਕ ਸਾਹਮਣੇ ਇਉਂ ਰੱਖਦੇ ਹਨ ਜਿਵੇਂ ਉਸ ਨੂੰ ਪਿੰਡ ਦੀਆਂ ਗਲੀਆਂ, ਖੇਤਾਂ ਅਤੇ ਹੋਰ ਘਰਾਂ 'ਚ ਵਾਪਰ ਰਿਹੈ ਸਭ ਕੁਝ ਦਿਖਾਈ ਦੇ ਰਿਹਾ ਹੈ। ਪੇਂਡੂ ਮੁਹਾਵਰੇ ਨਾਲ ਸ਼ਿੰਗਾਰਿਆ ਇਹ ਨਾਟਕ ਜਦੋਂ ਮਲਵਈ ਅਦਾਕਾਰ ਆਪਣੇ ਪੂਰੇ ਜਲੌਅ ਨਾਲ ਮੰਚ 'ਤੇ ਪੇਸ਼ ਕਰਦੇ ਹਨ ਤਾਂ ਰੰਗ ਬੰਨ੍ਹਿਆ ਜਾਂਦਾ ਹੈ। ਇਹ ਨਾਟਕ ਜਦੋਂ ਮਾਰਚ, 1979 ਨੂੰ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ ਖੇਡਿਆ ਗਿਆ ਤਾਂ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਨੂੰ ਜਿਵੇਂ ਮਲਵਈ ਨਸ਼ਾ ਚੜ੍ਹ ਗਿਆ ਹੋਵੇ। ਠੁੱਕਦਾਰ ਬੋਲੀ ਤੇ ਸੰਘਣੀ ਨਾਟ-ਘੜਤ। ਇਹੀ ਇੱਕ ਸੁੱਘੜ ਨਾਟਕਾਰ ਅਤੇ ਨਿਰਦੇਸ਼ਕ ਦੀ ਕਾਬਲੀਅਤ ਦਾ ਪ੍ਰਮਾਣ ਹੈ ਕਿ ਉਹ ਆਪਣੀ ਪੇਸ਼ਕਾਰੀ ਰਾਹੀਂ ਜਿਹੜੀ ਗੱਲ ਆਪਣੇ ਦਰਸ਼ਕ ਦੇ ਮਨ ਅੰਦਰ ਬੀਜਣੀ ਚਾਹੁੰਦਾ ਹੈ, ਉਸ ਪ੍ਰਤੀ ਸ਼ੁਰੂ ਤੋਂ ਲੈ ਕੇ ਅੰਤ ਤਕ ਧਿਆਨ ਕੇਂਦਰਿਤ ਕਰਕੇ ਰੱਖਦਾ ਹੈ ਜਾਂ ਨਹੀਂ। ਇਹ ਇਕਾਗਰਤਾ ਔਲਖ ਦੇ ਨਾਟਕਾਂ ਨੂੰ ਮਹਾਨ ਬਣਾਉਂਦੀ ਹੈ। ਇਸੇ ਤਰ੍ਹਾਂ 'ਇੱਕ ਰਮਾਇਣ ਹੋਰ' ਨਾਟਕ ਆਰੰਭ ਵਿੱਚ ਹੀ ਪਾਠਕ ਦਰਸ਼ਕ ਦੇ ਅੰਦਰ ਜੋ ਚੁਆਤੀ ਲਾ ਦਿੰਦਾ ਹੈ, ਨਾਟਕਕਾਰ ਅੰਤ ਤੱਕ ਉਸ ਨੂੰ ਮਘਾਈ ਰੱਖਦਾ ਹੈ ਅਤੇ ਭਾਂਬੜ ਬਣਾ ਦਿੰਦਾ ਹੈ।

ਜਿਸ ਨਾਟਕ ਲਈ ਅਜਮੇਰ ਔਲਖ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਉਹ ਨਾਟਕ ਵਿਸ਼ੇਸ਼ ਜ਼ਿਕਰ ਦੀ ਮੰਗ ਕਰਦਾ ਹੈ। 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਨਾਟਕ ਧਾਰਮਿਕ ਸੰਕੀਰਣਤਾ ਅਤੇ ਕੱਟੜਪੰਥੀ ਦੇ ਪ੍ਰਭਾਵ ਅਧੀਨ ਉੱਪਰੋਂ ਦਿਸਦੇ ਅਤਿ-ਧਾਰਮਿਕ ਬੰਦਿਆਂ ਅੰਦਰਲਾ ਕੱਚ ਦਿਖਾਉਂਦਾ ਹੈ। ਅਸੀਂ ਪੰਜਾਬੀ ਸਾਹਿਤਕਾਰ ਅਤੇ ਕਲਾਕਾਰ ਆਮ ਤੌਰ 'ਤੇ ਅਤੇ ਨਾਟਕ ਖ਼ਾਸ ਤੌਰ 'ਤੇ ਜਦੋਂ ਫਿਰਕੂ ਫਾਸ਼ੀਵਾਦ ਦੀ ਗੱਲ ਕਰਨਾ ਚਾਹੁੰਦੇ ਹਾਂ ਤਾਂ ਉਦਾਹਰਣ ਹਿੰਦੂ-ਮੁਸਲਮਾਨ ਤਣਾਉ ਦੀ ਦਿੰਦੇ ਹਾਂ। ਪੰਜਾਬ 'ਚ ਰਹਿੰਦਿਆਂ ਅਸੀਂ ਸਿੱਧੇ ਤੌਰ 'ਤੇ ਸਿੱਖੀ ਭੇਸ ਅੰਦਰ ਛੁਪੇ ਫ਼ਿਰਕੂ ਜ਼ਹਿਰ ਨੂੰ ਪੇਸ਼ ਕਰਨ ਲੱਗਿਆਂ ਡਰ ਜਾਂਦੇ ਹਾਂ ਅਤੇ ਹਿੰਦੂ-ਮੁਸਲਮਾਨ ਪਾਤਰਾਂ ਰਾਹੀਂ ਸੌਖਾ ਤਰੀਕਾ ਲੱਭਦੇ ਹਾਂ। ਪਰ ਔਲਖ ਨੇ ਇਸ ਨਾਟਕ ਰਾਹੀਂ ਇਸ ਮਸਲੇ ਨੂੰ ਗਿੱਚੀਉਂ ਹੱਥ ਪਾਇਆ ਹੈ।

ਔਲਖ, ਸਾਡਾ ਬਾਪੂ, ਬਹੁਤ ਸੰਘਰਸ਼ਸ਼ੀਲ ਸੀ। ਉਹ ਪਹਿਲਾਂ ਜ਼ਿੰਦਗੀ ਬਣਾਉਣ ਲਈ ਲੜਿਆ, ਫਿਰ ਇਸ ਦੇ ਪ੍ਰਤੀਬੱਧ ਰੂਪ ਨੂੰ ਉਜਾਗਰ ਕਰਨ ਲਈ ਲੜਿਆ ਅਤੇ ਫਿਰ ਨਾਮੁਰਾਦ ਬਿਮਾਰੀ ਤੇ ਇਸ ਦੇ ਦਰਦ ਨਾਲ। ਆਖ਼ਰੀ ਲੜਾਈ ਉਹਨੇ ਉਸੇ ਚੰਡੀਗੜ੍ਹ ਦੀ ਵੱਖੀ 'ਚ ਪੈਂਦੇ ਫੋਰਟਿਸ ਹਸਪਤਾਲ ਅੰਦਰ ਲੜੀ ਜਿਸ ਚੰਡੀਗੜ੍ਹ ਨੇ ਉਸ ਦੇ ਨਾਟਕਕਾਰ ਹੋਣ 'ਤੇ ਮੋਹਰ ਲਾਈ ਸੀ। ਪਰ ਆਖ਼ਰੀ ਲੜਾਈ ਵੇਲੇ ਜੋ ਬਚਿੱਤਰ ਨਾਟਕ ਰਚਿਆ ਗਿਆ, ਉਸ ਨੂੰ ਯਾਦ ਕਰਕੇ ਮਾਣ ਹੁੰਦਾ ਹੈ। ਬਾਪੂ ਦਾ ਅਪਰੇਸ਼ਨ ਹੋਣਾ ਹੈ। ਡਾਕਟਰ ਅਵਤਾਰ ਮਠਾਰੂ ਮੇਰਾ ਜਾਣਕਾਰ ਹੈ। ਸਥਿਤੀ ਪੁੱਛਦਾ ਹਾਂ, ਉਹ ਬੋਚ-ਬੋਚ ਕੇ ਸਭ ਦੱਸ ਦਿੰਦਾ ਹੈ ਪਰ ਆਸ ਦਾ ਪੱਲਾ ਨਹੀਂ ਛੱਡਦਾ। ਪੰਜਾਬ ਤੋਂ ਫੋਨ ਖੜਕ ਰਿਹਾ ਹੈ, "ਸਾਨੂੰ ਦੱਸੋ ਅਪਰੇਸ਼ਨ ਕੱਲ੍ਹ ਹੋਣਾ ਹੈ ਜਾਂ ਪਰਸੋਂ। ਅਸੀਂ ਇਲਾਜ ਲਈ ਪੰਜ ਲੱਖ ਜੇਬ੍ਹ 'ਚ ਪਾਈ ਫਿਰਦੇ ਆਂ।" ਆਪਣੀ ਕਲਮ ਰੋਕ ਕੇ ਕੁਝ ਦੇਰ ਲਈ ਅੱਖਾਂ 'ਚ ਆਏ ਹੰਝੂਆਂ ਦਾ ਨਿੱਘ ਮਾਨਣਾ ਚਾਹੁੰਦਾ ਹਾਂ੩ ਪਰ ਕਲਮ ਨੂੰ ਰੋਕ ਨਹੀਂ ਸਕਦਾ ੩ ਉਹ ਪੰਜ ਲੱਖ ਵਾਲੇ ਕੋਈ ਸੂਬੇ ਦੀ ਜਾਂ ਦੇਸ਼ ਦੀ ਸਰਕਾਰ ਵਾਲੇ ਨਹੀਂ ਸਨ। ਉਹ ਔਲਖ ਦੇ ਨਾਟਕਾਂ ਦੀ ਸੁਰ ਨਾਲ ਸੁਰ ਮਿਲਾ ਕੇ ਸੰਗਰਾਮ ਦਾ ਹੋਕਾ ਦੇਣ ਵਾਲੇ ਕਿਸਾਨ ਮਜ਼ਦੂਰ ਆਗੂ ਸਨ। ਆਪਣੇ ਔਲਖ ਨੂੰ ਬਚਾਉਣ ਲਈ ਉਹ ਪੱਬਾਂ ਭਾਰ ਹੋਏ ਪਏ ਸਨ। "ਇਹ ਪਹਿਲੀ ਕਿਸ਼ਤ ਐ। ਪਾਸੇ ਹੋ ਜਾਣ ਸਭ ਸਰਕਾਰਾਂ ਸਰਕੂਰਾਂ। ਅਸੀਂ ਸਾਰਾ ਈ ਖਰਚਾ ਚੁੱਕ ਲਵਾਂਗੇ।" ਇਹ ਹੈ ਲੋਕ ਪੱਖੀ ਨਾਟਕ ਦੀ ਤਾਕਤ; ਤੇ ਲੋਕਾਂ ਦੇ ਸਾਹਾਂ 'ਚ ਸਾਹ ਲੈਣ ਵਾਲੇ ਕਲਾਕਾਰ ਦੀ ਸ਼ਖ਼ਸੀ ਬੁਲੰਦੀ। ਸਲਾਮ ਐ ਤੈਨੂੰ ਬਾਪੂ। ਸਲਾਮ ਐ ਤੇਰੇ ਸਿਰੜ ਨੂੰ। ਸਲਾਮ ਐ ਤੇਰੇ ਨਿੱਕੇ ਤੇ ਵੱਡੇ ਪਰਿਵਾਰ ਨੂੰ। ਤੂੰ ਕੰਮੀਆਂ ਦੇ ਵਿਹੜਿਆਂ ਵਿੱਚ ਮੱਘਦਾ ਸੂਰਜ ਐਂ। ਬਾਪੂ, ਤੇਰੀ ਚਿਖ਼ਾ ਠੰਢੀ ਹੋ ਜਾਏਗੀ – ਪਰ ਤੇਰੇ ਵਿਚਾਰਾਂ ਦਾ ਨਿੱਘ ਠੰਢਾ ਨਹੀਂ ਹੋਵੇਗਾ।

## ਇਨਕਲਾਬੀ ਨਾਟਕਕਾਰ ਅਜਮੇਰ ਸਿੰਘ ਔਲਖ ਨੂੰ ਸੇਜਲ ਅੱਖਾਂ ਅਤੇ ਨਾਅਰਿਆਂ ਦੀ ਗੂੰਜ ਵਿੱਚ ਅੰਤਿਮ ਵਿਦਾਈ

**ਮਾਨਸਾ/ਬਿਊਰੋ ਨਿਊਜ਼ :** ਇਨਕਲਾਬੀ ਨਾਟਕਕਾਰ ਅਤੇ ਪੰਜਾਬੀ ਰੰਗਮੰਚ ਦੇ ਥੰਮ੍ਹ ਪ੍ਰੋਫੈਸਰ ਅਜਮੇਰ ਸਿੰਘ ਔਲਖ ਨੂੰ ਹਜ਼ਾਰਾਂ ਕਿਰਤੀਆਂ, ਕਿਸਾਨਾਂ ਤੇ ਕਲਮਕਾਰਾਂ ਦੇ ਕਾਫ਼ਲੇ ਨੇ ਨਮ ਅੱਖਾਂ ਅਤੇ ਨਾਅਰਿਆਂ ਦੀ ਗੂੰਜ ਵਿੱਚ ਅੰਤਿਮ ਵਿਦਾਈ ਦਿੱਤੀ। ਪੰਜਾਬ ਦੇ ਕੋਨੇ-ਕੋਨੇ 'ਚੋਂ ਪੁੱਜੇ ਖੇਤ ਮਜ਼ਦੂਰਾਂ, ਕਿਸਾਨਾਂ ਤੇ ਹੋਰ ਮਿਹਨਤਕਸ਼ ਤਬਕਿਆਂ ਤੋਂ ਇਲਾਵਾ ਵੱਖ-ਵੱਖ ਵੰਨਗੀ ਦੇ ਲੇਖਕਾਂ ਨੇ ਨਾਟਕਕਾਰ ਅਜਮੇਰ ਔਲਖ ਦੀ ਦੇਹ ਦੇ ਅੰਤਿਮ ਦਰਸ਼ਨ ਕੀਤੇ। ਦਰਜਨਾਂ ਜਨਤਕ, ਸਾਹਿਤਕ ਅਤੇ ਸਭਿਆਚਾਰਕ ਜਥੇਬੰਦੀਆਂ ਅਤੇ ਜਮਹੂਰੀ ਹੱਕਾਂ ਦੇ ਕਾਰਕੁਨਾਂ ਨੇ ਆਪੋ-ਆਪਣੇ ਝੰਡਿਆਂ, ਮਾਟੋਆਂ ਨਾਲ ਫੁੱਲਾਂ ਦੀ ਵਰਖਾ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਉਪਰੰਤ ਕਾਫ਼ਲੇ ਦੇ ਰੂਪ ਵਿੱਚ ਦੇਹ ਨੂੰ ਸ਼ਮਸ਼ਾਨ ਘਾਟ ਤੱਕ ਲਿਜਾਇਆ ਗਿਆ। ਇਸ ਮਾਰਚ ਦੌਰਾਨ ਨਾਅਰਿਆਂ ਰਾਹੀਂ ਉਨ੍ਹਾਂ ਦੀ ਸੋਚ 'ਤੇ ਡਟਣ ਦੇ ਇਰਾਦਿਆਂ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰੋ. ਔਲਖ ਦੀ ਅਰਥੀ ਨੂੰ ਮੋਢਾ ਉਨ੍ਹਾਂ ਦੀਆਂ ਤਿੰਨਾਂ ਧੀਆਂ ਸੁਪਨਦੀਪ, ਸੁਹਜਦੀਪ ਤੇ ਅਜਮੀਤ ਨੇ ਦਿੱਤਾ। ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਚਿਖਾ ਨੂੰ ਅਗਨੀ ਵੀ ਤਿੰਨਾਂ ਧੀਆਂ ਨੇ ਵਿਖਾਈ। ਸਸਕਾਰ ਮੌਕੇ ਸਭਿਆਚਾਰਕ ਮੰਚ ਦੇ ਆਗੂ ਅਮੋਲਕ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਝੰਡਾ ਸਿੰਘ ਜੇਠੂਕੇ, ਰਾਮ ਸਿੰਘ ਭੈਣੀਬਾਘਾ, ਬੀ.ਕੇ.ਯੂ ਕ੍ਰਾਂਤੀਕਾਰੀ ਦੇ ਸੁਰਜੀਤ ਸਿੰਘ ਫੂਲ, ਪੰਜਾਬ ਕਿਸਾਨ ਯੂਨੀਅਨ ਦੇ ਰੁਲਦੂ ਸਿੰਘ, ਡਾ. ਅਰੀਤ, ਸੀ.ਪੀ.ਆਈ (ਐਮ.ਐਲ) ਦੇ ਰਾਜਵਿੰਦਰ ਸਿੰਘ ਰਾਣਾ, ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਬੀ.ਕੇ.ਯੂ ਡਕੌਂਦਾ ਦੇ ਮਨਜੀਤ ਸਿੰਘ ਧਨੇਰ, ਐਸਜੀਪੀਸੀ ਮੈਂਬਰ ਮਿੱਠੂ ਸਿੰਘ ਕਾਹਨੇਕੇ, ਹਰਸ਼ਰਨ ਕੌਰ, ਬਲਦੇਵ ਸਿੰਘ ਸੜਕਨਾਮਾ, ਪ੍ਰੋ. ਸਾਹਿਬ ਸਿੰਘ, ਕਹਾਣੀਕਾਰ ਅਤਰਜੀਤ ਸਿੰਘ, ਕੇਵਲ ਧਾਲੀਵਾਲ, ਸੈਮੂਅਲ ਜੌਨ, ਡਾ. ਸੁਰਜੀਤ ਸਿੰਘ ਭੱਟੀ, ਡਾ. ਸਤਨਾਮ ਸਿੰਘ ਜੱਸਲ, ਪ੍ਰੋ. ਸਰਬਜੀਤ ਸਿੰਘ, ਡਾ. ਸੁਰਜੀਤ, ਪ੍ਰੋ. ਬਲਦੀਪ ਸਿੰਘ, ਸਵਰਨ ਸਿੰਘ ਵਿਰਕ, ਪ੍ਰੋ. ਮਨਜੀਤ ਸਿੰਘ, ਦਰਸ਼ਨ ਸਿੰਘ ਮਸਤਾਨਾ, ਜਸਪਾਲ ਮਾਨ ਖੇੜਾ, ਸੁਰਿੰਦਰ ਘਣੀਆ, ਨਰਭਿੰਦਰ, ਹਰਬੰਤ ਸਿੰਘ ਦਾਤੇਵਾਸ ਅਤੇ ਹੋਰ ਸਖ਼ਸ਼ੀਅਤਾਂ ਮੌਜੂਦ ਸਨ।



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਡਿਪਟੀ ਕਮਿਸ਼ਨਰ ਧਰਮ ਪਾਲ ਗੁਪਤਾ, ਸਭਿਆਚਾਰਕ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਐਸ.ਐਸ.ਪੀ. ਪਰਮਬੀਰ ਸਿੰਘ ਪਰਮਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਐਸ.ਡੀ.ਐਮ. ਮਾਨਸਾ ਲਤੀਫ਼ ਅਹਿਮਦ ਨੇ ਪ੍ਰੋ. ਔਲਖ ਦੀ ਦੇਹ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪ੍ਰੋ. ਔਲਖ ਦੀ ਵੱਡੀ ਧੀ ਪ੍ਰੋ. ਸੁਪਨਦੀਪ ਕੌਰ ਨੇ ਦੱਸਿਆ ਕਿ ਪਰਿਵਾਰ ਅਤੇ ਕੇਂਦਰੀ ਲੇਖਕ ਸਭਾ ਵਲੋਂ ਸ਼ਰਧਾਂਜਲੀ ਸਮਾਗਮ ਨਵੀਂ ਦਾਣਾ ਮੰਡੀ, ਮਾਨਸਾ ਵਿੱਚ 25 ਜੂਨ ਨੂੰ ਕੀਤਾ ਜਾਵੇਗਾ। ਇਸ ਮੌਕੇ ਨਾ ਕੋਈ ਸਿਆਸੀ ਆਗੂ ਬੁਲਾਰਾ ਹੋਵੇਗਾ ਅਤੇ ਨਾ ਹੀ ਧਾਰਮਿਕ ਰਸਮਾਂ ਹੋਣਗੀਆਂ।

## ਸਿੱਖ ਵਿਦਵਾਨ ਹਰਜਿੰਦਰ ਸਿੰਘ ਦਿਲਗੀਰ ਸਿੱਖ ਇਤਿਹਾਸ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਮਾਮਲੇ 'ਚ ਦੋਸ਼ੀ ਕਰਾਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿੱਖ ਇਤਿਹਾਸ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਮਾਮਲੇ 'ਚ ਸਿੱਖ ਵਿਦਵਾਨ ਹਰਜਿੰਦਰ ਸਿੰਘ ਦਿਲਗੀਰ ਦੀਆਂ ਸਾਰੀਆਂ ਰਚਨਾਵਾਂ ਦੀ ਘੋਖ ਪੜਤਾਲ ਕਰਨ ਲਈ ਬਣਾਈ ਗਈ 11 ਮੈਂਬਰੀ ਸਬ-ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਸਿੰਘ ਸਾਹਿਬ ਨੂੰ ਸੌਂਪੀ ਗਈ ਰਿਪੋਰਟ 'ਚ ਦਿਲਗੀਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਗੱਲ ਦਾ ਪ੍ਰਗਟਾਵਾ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਗ ਉਨ੍ਹਾਂ ਕਿਹਾ ਕਿ ਸੰਗਤਾਂ ਵਲੋਂ ਆਈਆਂ ਸ਼ਿਕਾਇਤਾਂ 'ਚ ਹਰਜਿੰਦਰ ਸਿੰਘ ਦਿਲਗੀਰ ਦੀਆਂ ਲਿਖਤਾਂ 'ਤੇ ਇਤਰਾਜ਼ ਜਿਤਾਇਆ ਗਿਆ ਸੀ, ਜਿਸ ਸਬੰਧੀ ਸਬ ਕਮੇਟੀ ਬਣਾਈ ਗਈ ਸੀ।ਗ ਉਨ੍ਹਾਂ ਕਿਹਾ ਕਿ ਕਮੇਟੀ ਵਲੋਂ ਦਿੱਤੀ ਗਈ ਰਿਪੋਰਟ 'ਤੇ ਵਿਚਾਰ ਕਰਨ ਲਈ ਪੰਥਕ ਜਥੇਬੰਦੀਆਂ ਦੀ ਰਾਇ ਲੈ ਕੇ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਜਲਦੀ ਹੀ ਬੁਲਾਈ ਜਾਵੇਗੀ ਤੇ ਬਣਦੀ ਧਾਰਮਿਕ ਕਾਰਵਾਈ ਕੀਤੀ ਜਾਵੇਗੀ।ਗ ਇਸ ਸਬ-ਕਮੇਟੀ 'ਚ ਡਾ. ਰੂਪ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਹਰਭਜਨ ਸਿੰਘ ਮਨਾਵਾਂ, ਭਾਈ ਪ੍ਰਤਾਪ ਸਿੰਘ ਸਿੱਖ ਮਿਸ਼ਨਰੀ ਕਾਲਜ, ਵਰਿਆਮ ਸਿੰਘ ਅਤੇ ਭਾਈ ਹਰਸਿਮਰਨ ਸਿੰਘ ਸ੍ਰੀ ਅਨੰਦਪੁਰ ਸਾਹਿਬ, ਇੰਦਰਪਾਲ ਸਿੰਘ ਅਤੇ ਸੁਖਦੇਵ ਸਿੰਘ ਸ਼ਾਮਲ ਸਨ ਅਤੇ ਇਸ ਕਮੇਟੀ ਦੇ ਕੋਆਰਡੀਨੇਟਰ ਸੁਖਦੇਵ ਸਿੰਘ ਭੂਰਾਕੋਹਨਾ ਸਨ।

## ਸਿਰ 'ਤੇ ਬੰਨ੍ਹਣ ਵਾਲੇ ਰੁਮਾਲਾਂ 'ਤੇ ਸਿੱਖੀ ਦੇ ਚਿੰਨ੍ਹ ਨਾ ਬਣਾਉਣ ਦੀ ਹਦਾਇਤ

ਸਿੰਘ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਦੁਕਾਨਦਾਰਾਂ ਵਲੋਂ ਵੇਚੇ ਜਾਂਦੇ ਸਿਰ 'ਤੇ ਬੰਨਣ ਵਾਲੇ ਰੁਮਾਲਾਂ 'ਤੇ ਸਿੱਖੀ ਚਿੰਨ੍ਹ ਨਾ ਬਣਾਏ ਜਾਣ ਦੀ ਹਦਾਇਤ ਕਰਦਿਆਂ ਕਿਹਾ ਕਿ ਵਰਤੋਂ ਤੋਂ ਬਾਅਦ ਇਨ੍ਹਾਂ ਰੁਮਾਲਾਂ ਨੂੰ ਕਈ ਸ਼ਰਧਾਲੂ ਜ਼ਮੀਨ 'ਤੇ ਸੁੱਟ ਜਾਂਦੇ ਹਨ, ਜਿਸ ਕਾਰਨ ਸਿੱਖੀ ਚਿੰਨ੍ਹਾਂ ਦੀ ਬੇਅਦਬੀ ਹੁੰਦੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ 'ਚ ਬਣੇ ਸ਼ਹੀਦੀ ਅਸਥਾਨ 'ਤੇ ਸ਼ਹੀਦੀ ਗੈਲਰੀ ਬਣਾਏ ਜਾਣ ਲਈ ਪ੍ਰਵਾਨਗੀ ਦੇਣ ਦੀ ਸ਼ਲਾਘਾ ਕੀਤੀ।

## ਭਾਈ ਜਗਤਾਰ ਸਿੰਘ ਤਾਰਾ ਦੀ ਐਮ.ਆਰ.ਆਈ ਹੋਈ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ ਜੇਲ੍ਹ 'ਚ ਬੰਦ ਭਾਈ ਜਗਤਾਰ ਸਿੰਘ ਤਾਰਾ ਦੀ ਜੇਲ੍ਹ ਪ੍ਰਸ਼ਾਸਨ ਵਲੋਂ ਐਮ.ਆਰ.ਆਈ ਕਰਵਾ ਦਿੱਤੀ ਗਈ ਹੈ। ਬਚਾਅ ਪੱਖ ਦੇ ਵਕੀਲ ਸਿਮਰਨਜੀਤ ਸਿੰਘ ਐਡਵੋਕੇਟ ਨੇ ਕਿਹਾ ਕਿ ਭਾਈ ਜਗਤਾਰ ਸਿੰਘ ਤਾਰਾ ਨੂੰ ਜੇਲ੍ਹ ਪ੍ਰਸ਼ਾਸਨ ਉਨ੍ਹਾਂ ਦੀ ਐਮ.ਆਰ. ਆਈ ਕਰਵਾਉਣ ਲਈ ਤਕਰੀਬਨ ਇਕ ਘੰਟੇ ਲਈ ਸੈਕਟਰ 32 ਹਸਪਤਾਲ ਵਿਚ ਲੈ ਕੇ ਆਏ ਸਨ, ਜਿਸ ਦੀ ਸਿਹਤ ਰਿਪੋਰਟ ਪੰਜ ਜੁਲਾਈ ਨੂੰ ਜੇਲ੍ਹ ਪ੍ਰਸ਼ਾਸਨ ਬੁੜੈਲ ਜੇਲ੍ਹ ਵਿਚ ਲੱਗਣ ਵਾਲੀ ਵਿਸ਼ੇਸ਼ ਅਦਾਲਤ ਨੂੰ ਸੌਂਪ ਦੇਵੇਗਾ। ਜੇਲ੍ਹ ਪ੍ਰਸ਼ਾਸਨ ਸੀ.ਆਰ.ਪੀ.ਸੀ. ਦੀ ਧਾਰਾ 268 ਅਧੀਨ ਭਾਈ ਜਗਤਾਰ ਸਿੰਘ ਤਾਰਾ ਨੂੰ ਜੇਲ੍ਹ ਤੋਂ ਬਾਹਰ ਲੈ ਜਾਣ ਲਈ ਯੂ.ਟੀ ਦੇ ਗ੍ਰਹਿ ਸਕੱਤਰ ਦੀ ਇਜਾਜ਼ਤ ਬਿਨਾਂ ਨਹੀਂ ਲਿਜਾ ਸਕਦਾ ਸੀ, ਜਿਸ ਲਈ ਜੇਲ੍ਹ ਪ੍ਰਸ਼ਾਸਨ ਨੇ ਯੂ.ਟੀ ਪ੍ਰਸ਼ਾਸਨ ਦੇ ਗ੍ਰਹਿ ਸਕੱਤਰ ਨੂੰ ਇੱਕ ਚਿੱਠੀ ਰਾਹੀਂ ਇਸ ਦੀ ਇਜਾਜ਼ਤ ਮੰਗੀ ਸੀ। ਸੂਤਰਾਂ ਮਿਲੀ ਜਾਣਕਾਰੀ ਮੁਤਾਬਿਕ ਯੂ.ਟੀ ਪ੍ਰਸ਼ਾਸਨ ਦੇ ਗ੍ਰਹਿ ਸਕੱਤਰ ਵਲੋਂ ਦੁਬਾਰਾ ਇਸ ਸਬੰਧੀ ਆਗਿਆ ਮਿਲਣ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਭਾਈ ਜਗਤਾਰ ਸਿੰਘ ਤਾਰਾ ਦੀ ਐਮ.ਆਰ.ਆਈ ਕਰਵਾ ਦਿੱਤੀ ਹੈ।

# ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀਆਂ ਤਸਵੀਰਾਂ ਗੈਲਰੀ ਵਿੱਚ ਹੋਣਗੀਆਂ ਸਥਾਪਤ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀਆਂ ਤਸਵੀਰਾਂ ਦਰਬਾਰ ਸਾਹਿਬ ਵਿਖੇ ਬਣਾਈ ਯਾਦਗਾਰ ਦੀ ਬੇਸਮੇਂਟ ਵਿੱਚ ਫੋਟੋ ਗੈਲਰੀ ਬਣਾ ਕੇ ਲਾਈਆਂ ਜਾਣਗੀਆਂ। ਅੰਤ੍ਰਿੰਗ ਕਮੇਟੀ ਦੀ ਅੱਜ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਇਹ ਮੰਗ ਦਮਦਮੀ ਟਕਸਾਲ ਵਲੋਂ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕਈ ਅਹਿਮ ਫ਼ੈਸਲੇ ਕੀਤੇ ਗਏ ਹਨ। ਮੀਟਿੰਗ ਦੌਰਾਨ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਮਹਾਰਾਸ਼ਟਰ ਵਿੱਚ ਵੱਸਦੇ ਸਿਕਲੀਗਰ ਸਿੱਖਾਂ ਦੀਆਂ ਬੁਨਿਆਦੀ ਲੋੜਾਂ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕਰਨ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਿਕਲੀਗਰ ਪਰਿਵਾਰਾਂ ਦੇ 100 ਬੱਚਿਆਂ ਨੂੰ ਪੰਜਾਬ ਵਿੱਚ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਤਕਨੀਕੀ ਕਾਲਜਾਂ ਵਿੱਚ ਕਿੱਤਾਮੁਖੀ ਕੋਰਸਾਂ ਦੀ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ। ਇਨ੍ਹਾਂ ਪਰਿਵਾਰਾਂ ਦੀਆਂ ਲੜਕੀਆਂ ਵਾਸਤੇ ਉਨ੍ਹਾਂ ਰਾਜਾਂ ਵਿੱਚ ਵੱਖ ਵੱਖ ਥਾਵਾਂ 'ਤੇ 10 ਸਿਲਾਈ ਸੈਂਟਰ ਖੋਲ੍ਹੇ ਜਾਣਗੇ। ਪਿਛਲੇ ਦਿਨਾਂ ਵਿੱਚ ਜਿਨ੍ਹਾਂ ਸਿਕਲੀਗਰ ਸਿੱਖਾਂ 'ਤੇ ਕੇਸ ਦਰਜ ਹੋਏ ਹਨ, ਉਨ੍ਹਾਂ ਦੇ ਕੇਸ ਸ਼੍ਰੋਮਣੀ ਕਮੇਟੀ ਵਲੋਂ ਲੜੇ ਜਾਣਗੇ। ਸ਼੍ਰੋਮਣੀ ਕਮੇਟੀ ਵਲੋਂ ਹਰ ਸਾਲ ਤਿੰਨ ਦਿਨਾਂ ਧਾਰਮਿਕ ਸਮਾਗਮ ਵੀ ਕਰਵਾਇਆ ਜਾਵੇਗਾ ਅਤੇ ਰਾਏਪੁਰ ਵਿੱਚ ਸਿੱਖ ਮਿਸ਼ਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਕਾਂਗਰਸ ਸਰਕਾਰ ਦੇ ਕੁਝ ਆਗੂਆਂ ਅਤੇ ਵਿਧਾਇਕਾਂ ਵਲੋਂ ਪੰਜਾਬ ਵਿੱਚ ਵੱਖ ਵੱਖ ਥਾਵਾਂ 'ਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਉਪਰ ਕਥਿਤ ਕਬਜ਼ਾ ਕਰਨ ਅਤੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਿੱਚ ਦਖ਼ਲਅੰਦਾਜ਼ੀ ਕਰਨ ਦੀਆਂ ਕੋਸ਼ਿਸ਼ਾਂ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਵਾਲਿਆਂ ਵਿਰੁੱਧ 20 ਜੂਨ ਤੱਕ ਕਾਰਵਾਈ ਕਰਨ ਲਈ ਸਮਾਂ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਸਖ਼ਤ ਕਦਮ ਚੁੱਕੇਗੀ। ਉਨ੍ਹਾਂ ਦੱਸਿਆ ਕਿ 1994 ਵਿੱਚ ਪੀਲੀਭੀਤ ਜੇਲ੍ਹ ਕਾਂਡ ਵਿੱਚ ਮਾਰੇ ਸਿੱਖਾਂ ਦੇ ਵਾਰਸਾਂ ਨੂੰ ਇਕ-ਇਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਹਰਿਆਣਾ ਦੇ ਪਿੰਡ ਹੋਂਦ ਚਿੱਲੜ ਦੀ ਸਿੱਖ ਨਸਲਕੁਸ਼ੀ ਦੇ ਮਾਮਲੇ ਨੂੰ ਜਨਤਕ ਕਰਨ ਵਾਲੇ ਮਨਵਿੰਦਰ ਸਿੰਘ ਗਿਆਸਪੁਰਾ ਦੇ ਬੱਚਿਆਂ ਦੀ 2017-2018 ਸੈਸ਼ਨ ਦੀ ਫ਼ੀਸ ਅਦਾ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਪਾਨੀਪਤ ਦੇ ਗੁਰਦੁਆਰੇ ਵਿੱਚ ਵਾਪਰੀ ਘਟਨਾ ਵਿੱਚ ਮਾਰੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਇਕ ਇਕ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ ਪੰਜਾਹ ਪੰਜਾਹ ਹਜ਼ਾਰ ਰੁਪਏ ਦੇਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਸਾਬਕਾ ਡੀਜੀਪੀ ਕੇ.ਪੀ.ਐਸ. ਗਿੱਲ ਬਾਰੇ ਸ਼ਰਧਾਂਜਲੀ ਮਤਾ ਪਾਉਣ 'ਤੇ ਕੈਪਟਨ ਸਰਕਾਰ ਦੀ ਨਿਖੇਧੀ ਕੀਤੀ।



## 'ਸ਼ਹੀਦ ਗੈਲਰੀ' ਬਾਰੇ ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆ ਨੇ ਇਤਰਾਜ਼ ਪ੍ਰਗਟਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਸਥਾਪਤ ਸ਼ਹੀਦੀ ਯਾਦਗਾਰ ਦੇ ਜ਼ਮੀਨਦੋਜ਼ ਹਾਲ ਵਿੱਚ ਸ਼ਹੀਦ ਗੈਲਰੀ' ਬਣਾਉਣ ਦੇ ਫ਼ੈਸਲੇ 'ਤੇ ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆ ਨੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸ਼ਹੀਦ ਗੈਲਰੀ, ਹਰਿਮੰਦਰ ਸਾਹਿਬ ਸਮੂਹ ਤੋਂ ਬਾਹਰ ਬਣਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਯਾਦਗਾਰ ਸਮੂਹ ਅੰਦਰ ਨਹੀਂ ਬਣਨੀ ਚਾਹੀਦੀ। ਉਨ੍ਹਾਂ ਆਖਿਆ ਕਿ ਹਰਿਮੰਦਰ ਸਾਹਿਬ ਸਮੂਹ ਵਿੱਚ ਸ਼ਹੀਦੀ ਯਾਦਗਾਰ ਜੋ ਕੁਝ ਵਰ੍ਹੇ ਪਹਿਲਾਂ ਬਣਾਈ ਗਈ ਹੈ, ਉਹ ਵੀ ਅਕਾਲ ਤਖ਼ਤ ਤੋਂ ਕੁਝ ਫੁੱਟ ਉਚੀ ਹੈ, ਜੋ ਅਕਾਲ ਤਖ਼ਤ ਦੇ ਸਨਮਾਨ ਨੂੰ ਢਾਹ ਲਾਉਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦ ਗੈਲਰੀ ਦੀ ਸਥਾਪਨਾ ਦੀ ਜ਼ਿੰਮੇਵਾਰੀ ਇਕ ਸੰਪਰਦਾ ਨੂੰ ਸੌਂਪ ਦਿੱਤੀ ਗਈ ਹੈ, ਜੋ ਕਮੇਟੀ ਵਲੋਂ ਆਪਣੇ ਫ਼ਰਜ਼ਾਂ ਤੋਂ ਭੱਜਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਜ਼ਿੰਮੇਵਾਰੀ ਡੇਰੇਦਾਰਾਂ ਨੂੰ ਸੌਂਪਣਾ ਗਲਤ ਪ੍ਰੰਪਰਾ ਨੂੰ ਤੋਰਨਾ ਹੈ।



# ਸਿਆਸੀ ਧਰਨਿਆਂ ਵਿੱਚ ਬਡੂੰਗਰ ਦੀ ਸ਼ਮੂਲੀਅਤ ਬਾਰੇ ਸਫ਼ਾਈ ਤੋਂ ਗਿਆਨੀ ਗੁਰਬਚਨ ਸਿੰਘ ਸੰਤੁਸ਼ਟ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੂੰ ਸਿਆਸੀ ਜਮਾਤ ਦੇ ਧਰਨਿਆਂ ਵਿੱਚ ਸ਼ਾਮਲ ਨਾ ਹੋਣ ਦੀ ਦਿੱਤੀ ਨਸੀਹਤ ਕਾਰਨ ਪੈਦਾ ਹੋਇਆ ਵਿਵਾਦ ਖ਼ਤਮ ਹੋ ਗਿਆ। ਇਸ ਸਬੰਧੀ ਪ੍ਰੋ. ਬਡੂੰਗਰ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ ਕੀਤੀ ਅਤੇ ਆਪਣੀ ਸਥਿਤੀ ਸਪਸ਼ਟ ਕੀਤੀ। ਦੂਜੇ ਪਾਸੇ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ 'ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਹੈ।



ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਸੂਬੇ ਦੀ ਮੌਜੂਦਾ ਕਾਂਗਰਸ ਸਰਕਾਰ ਖ਼ਿਲਾਫ਼ 12 ਜੂਨ ਨੂੰ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਧਰਨੇ ਦਿੱਤੇ ਗਏ ਸਨ। ਧਰਨਿਆਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਵੀ ਸ਼ਾਮਲ ਹੋਏ ਸਨ। ਇਸ ਮਾਮਲੇ ਵਿੱਚ ਗਿਆਨੀ ਗੁਰਬਚਨ ਸਿੰਘ ਨੇ ਆਪਣੀ ਨਿੱਜੀ ਰਾਇ ਪੇਸ਼ ਕਰਦਿਆਂ ਆਖਿਆ ਸੀ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸਿਆਸੀ ਧਰਨਿਆਂ ਵਿੱਚ ਸ਼ਾਮਲ ਹੋਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਨਸੀਹਤ ਨਾਲ ਨਵਾਂ ਵਿਵਾਦ ਸ਼ੁਰੂ ਹੋ ਗਿਆ ਸੀ।

ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਗਿਆਨੀ ਗੁਰਬਚਨ ਸਿੰਘ ਨਾਲ ਸਕੱਤਰੇਤ ਵਿਖੇ ਮੁਲਾਕਾਤ ਕੀਤੀ। ਮਗਰੋਂ ਪ੍ਰੋ. ਬਡੂੰਗਰ ਨੇ ਮੀਡੀਆ ਨੂੰ ਦੱਸਿਆ ਕਿ ਜਦੋਂ ਦੀ ਸੂਬੇ ਵਿੱਚ ਕਾਂਗਰਸ ਸਰਕਾਰ ਆਈ ਹੈ, ਉਦੋਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ। ਇਹ ਕਬਜ਼ੇ ਕਾਂਗਰਸੀਆਂ ਦੀ ਸ਼ਹਿ 'ਤੇ ਹੋ ਰਹੇ ਹਨ। ਇਨ੍ਹਾਂ ਮਾਮਲਿਆਂ ਦਾ ਸਿੱਧਾ ਸਬੰਧ ਸ਼੍ਰੋਮਣੀ ਕਮੇਟੀ ਨਾਲ ਹੈ। ਇਸ ਤੋਂ ਇਲਾਵਾ ਕੁਦਰਤੀ ਸਰੋਤਾਂ ਨਾਲ ਛੇੜਛਾੜ ਤੇ ਕਿਸਾਨ ਖ਼ੁਦਕੁਸ਼ੀਆਂ ਵਿੱਚ ਵੀ ਵਾਧਾ ਹੋਇਆ ਹੈ ਅਤੇ ਇਹ ਸਾਰੇ ਮਾਮਲੇ ਆਮ ਲੋਕਾਂ ਨਾਲ ਜੁੜੇ ਹੋਏ ਹਨ। ਇਸੇ ਲਈ ਉਨ੍ਹਾਂ ਨੇ ਧਰਨੇ ਵਿੱਚ ਸ਼ਮੂਲੀਅਤ ਕਰਕੇ ਸਿੱਖ ਭਾਈਚਾਰੇ ਦੀ ਮੰਗ ਨੂੰ ਉਭਾਰਿਆ ਹੈ। ਉਨ੍ਹਾਂ ਕਿਹਾ ਕਿ ਉਂਜ ਵੀ ਸਿੱਖ ਧਰਮ ਵਿੱਚ ਮੀਰੀ ਪੀਰੀ ਦੇ ਸਿਧਾਂਤ ਮੁਤਾਬਕ ਸਿਆਸਤ ਅਤੇ ਧਰਮ ਇਕੱਠੇ ਹਨ। ਉਨ੍ਹਾਂ ਨੇ ਇੱਕ ਨਿਮਾਣੇ ਸਿੱਖ ਵਜੋਂ ਜਥੇਦਾਰ ਨੂੰ ਮਿਲ ਕੇ ਸਮੁੱਚੀ ਸਥਿਤੀ ਸਪਸ਼ਟ ਕੀਤੀ ਹੈ। ਉਹ ਸ੍ਰੀ ਅਕਾਲ ਤਖ਼ਤ ਅਤੇ ਜਥੇਦਾਰ ਦਾ ਪੂਰਾ ਮਾਣ ਸਤਿਕਾਰ ਕਰਦੇ ਹਨ।

ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿਆਸੀ ਧਰਨਿਆਂ ਵਿੱਚ ਸ਼ਾਮਲ ਹੋਣ ਤੋਂ ਰੋਕਣ ਬਾਰੇ ਬੀਤੇ ਦਿਨ ਉਨ੍ਹਾਂ ਆਪਣੇ ਨਿੱਜੀ ਵਿਚਾਰ ਦਿੱਤੇ ਸਨ, ਜਿਨ੍ਹਾਂ ਕਰਕੇ ਕੁਝ ਸ਼ੰਕੇ ਪੈਦਾ ਹੋਏ ਸਨ। ਇਸ ਬਾਰੇ ਪ੍ਰੋ. ਬਡੂੰਗਰ ਨੇ ਸਥਿਤੀ ਸਪਸ਼ਟ ਕੀਤੀ ਹੈ। ਉਨ੍ਹਾਂ ਆਖਿਆ ਕਿ ਉਹ ਇਸ ਮੁਲਾਕਾਤ ਤੋਂ ਅਤੇ ਦਿੱਤੇ ਗਏ ਕਾਰਨਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਅਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ਿਆਂ ਦੇ ਮਾਮਲਿਆਂ ਦਾ ਵਿਰੋਧ ਡਟ ਕੇ ਕਰਨਾ ਜ਼ਰੂਰੀ ਹੈ।

# ਪੰਜਾਬੀ ਲੇਖਕ ਇਕਬਾਲ ਸਿੰਘ ਰਾਮੂਵਾਲੀਆ ਦਾ ਲੰਬੀ ਬਿਮਾਰੀ ਬਾਅਦ ਦੇਹਾਂਤ

**ਚੰਡੀਗੜ੍ਹ/ਬਿਊਰੋ ਨਿਊਜ਼ :**
ਕੈਨੇਡਾ ਰਹਿੰਦੇ ਉੱਘੇ ਪੰਜਾਬੀ ਲਿਖਾਰੀ ਇਕਬਾਲ ਸਿੰਘ ਰਾਮੂਵਾਲੀਆ ਦਾ ਲੰਬੀ ਬਿਮਾਰੀ ਬਾਅਦ ਅੱਜ ਬਰੈਂਪਟਨ ਵਿੱਚ ਦੇਹਾਂਤ ਹੋ ਗਿਆ। ਉਹ 68 ਵਰ੍ਹਿਆਂ ਦੇ ਸਨ। ਉਹ ਗਦੂਦਾਂ ਦੇ ਕੈਂਸਰ ਤੋਂ ਪੀੜਤ ਸਨ। ਇਕਬਾਲ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੇ ਛੋਟੇ ਭਰਾ ਸਨ ਪਰ ਜਾਇਦਾਦ ਦੇ ਝਗੜੇ ਕਾਰਨ ਦੋਵੇਂ ਭਰਾਵਾਂ ਵਿੱਚ ਫਿੱਕ ਪੈ ਗਿਆ। ਉਨ੍ਹਾਂ ਦਾ ਪਿਤਾ ਕਰਨੈਲ ਰਾਮੂਵਾਲੀਆ, ਜੋ ਕਰਨੈਲ ਸਿੰਘ ਪਾਰਸ ਦੇ ਨਾਂ ਨਾਲ ਮਸ਼ਹੂਰ ਸੀ, ਉਘਾ ਕਵੀਸ਼ਰ ਸੀ।



ਸ੍ਰੀ ਰਾਮੂਵਾਲੀਆ ਮੋਗਾ ਜ਼ਿਲ੍ਹੇ ਦੇ ਪਿੰਡ ਰਾਮੂਵਾਲ ਦੇ ਵਸਨੀਕ ਸਨ ਅਤੇ ਉਹ 1970 ਵਿੱਚ ਕੈਨੇਡਾ ਪਰਵਾਸ ਕਰ ਗਏ ਸਨ। ਇਸ ਤੋਂ ਪਹਿਲਾਂ ਉਹ ਸਰਕਾਰੀ ਕਾਲਜ, ਗੁਰੂਸਰ ਸੁਧਾਰ (ਲੁਧਿਆਣਾ) 'ਚ ਅੰਗਰੇਜ਼ੀ ਪੜ੍ਹਾਉਂਦੇ ਰਹੇ। 70ਵਿਆਂ ਵਿੱਚ ਉਨ੍ਹਾਂ ਦੀ ਸ਼ਾਇਰ ਵਜੋਂ ਪਛਾਣ ਬਣ ਗਈ ਸੀ। ਉਨ੍ਹਾਂ ਨੂੰ ਕੈਨੇਡਾ ਵਿੱਚ ਖ਼ਾਲਿਸਤਾਨ ਲਹਿਰ ਖ਼ਿਲਾਫ਼ ਸਖ਼ਤ ਸਟੈਂਡ ਲੈਣ ਲਈ ਜਾਣਿਆ ਜਾਂਦਾ ਸੀ। ਇਕਬਾਲ ਰਾਮੂਵਾਲੀਆ ਵਲੋਂ ਸੁਲਘਦੇ ਅਹਿਸਾਸ', 'ਕੁਝ ਵੀ ਨਹੀਂ', ਪਾਣੀ ਦਾ ਪ੍ਰਛਾਵਾਂ' ਅਤੇ ਕਵਿਤਾ ਮੈਨੂੰ ਲਿਖਦੀ ਹੈ' ਕਾਵਿ-ਸੰਗ੍ਰਹਿ ਲਿਖੇ। ਉਨ੍ਹਾਂ ਨੇ ਕਾਵਿ-ਨਾਟ ਪਲੰਘ ਪੰਘੂੜਾ' ਅਤੇ ਅੰਗਰੇਜ਼ੀ ਨਾਵਲ ਡੈੱਥ ਆਫ ਏ ਪਾਸਪੋਰਟ' ਅਤੇ ਦਿ ਮਿਡਏਅਰ ਫਰਾਊਨ' ਲਿਖਿਆ। ਉਨ੍ਹਾਂ ਦੀ ਸਵੈਜੀਵਨੀ ਦੋ ਭਾਗਾਂ ਵਿੱਚ ਸੜਦੇ ਸਾਜ਼ ਦੀ ਸਰਗਮ' ਅਤੇ ਬਰਫ ਵਿੱਚੋਂ ਉਗਦਿਆਂ' ਨਾਂ ਹੇਠ ਛਪੀ ਹੈ।

ਉਘੇ ਕਹਾਣੀਕਾਰ ਵਰਿਆਮ ਸੰਧੂ ਨੇ ਇਕਬਾਲ ਰਾਮੂਵਾਲੀਆ ਨੂੰ ਵਧੀਆ ਸ਼ਾਇਰ, ਚੰਗਾ ਗਲਪਕਾਰ ਤੇ ਖ਼ੂਬਸੂਰਤ ਇਨਸਾਨ ਦੱਸਿਆ। ਉਨ੍ਹਾਂ ਦੱਸਿਆ, ਮੈਂ ਇਕਬਾਲ ਨੂੰ ਆਪਣੇ ਪਰਚੇ ਸੀਰਤ' ਲਈ ਆਪਣੀ ਸਵੈਜੀਵਨੀ ਲਿਖਣ ਲਈ ਮਨਾਇਆ ਸੀ। ਉਹਨੇ ਸੜਦੇ ਸਾਜ਼ ਦੀ ਸਰਗਮ' ਲਿਖੀ ਅਤੇ ਦੱਸ ਦਿੱਤਾ ਕਿ ਵਾਰਤਕ ਲਿਖਣ ਦਾ ਹੁਨਰ ਕੋਈ ਉਸਤੋਂ ਸਿੱਖੇ। ਫਿਰ ਦੂਜਾ ਭਾਗ ਲਿਖਿਆ ਤੇ ਉਹ ਵੀ ਪੁਸਤਕ ਰੂਪ 'ਚ ਛਪਣ ਤੋਂ ਪਹਿਲਾਂ ਸੀਰਤ' ਵਿੱਚ ਛਪਿਆ। ਹੁਣ ਉਹਨੇ ਵਾਅਦਾ ਕੀਤਾ ਸੀ ਕਿ ਉਹ ਤੀਜਾ ਭਾਗ ਵੀ ਲਿਖੇਗਾ। ਪਰ ਉਹ ਵਾਅਦਾ ਤੋੜ ਗਿਆ।

## ਕਲੋਰਾਡੋ ਦੇ ਬਜ਼ੁਰਗ ਸ. ਫਕੀਰ ਸਿੰਘ ਦੀ ਸੜਕ ਹਾਦਸੇ 'ਚ ਮੌਤ

**ਕਲੋਰਾਡੋ /ਬਿਊਰੋ ਨਿਊਜ਼ :** 80 ਦੇ ਦਹਾਕੇ 'ਚ ਪੰਜਾਬ ਦੇ ਪਿੰਡ ਕੰਗ ਸਾਬੋ ਤੋਂ ਅਮਰੀਕਾ ਜਾ ਕੇ ਵਸੇ ਸਿੱਖ ਪਰਿਵਾਰ ਦੇ ਬਜ਼ੁਰਗ ਸ. ਫਕੀਰ ਸਿੰਘ ਦੀ ਇਕ ਸੜਕ ਹਾਦਸੇ ਕਾਰਨ ਮੌਤ ਹੋ ਗਈ। ਉਨ੍ਹਾਂ ਦੀ ਪੋਤੀ ਸੰਦੀਪ ਕੌਰ ਨੇ ਦੱਸਿਆ, "6 ਜੂਨ ਨੂੰ ਉਸ ਦੇ ਦਾਦਾ ਜੀ ਆਪਣੇ ਕੰਮ ਤੋਂ ਵਾਪਸ ਆ ਰਹੇ ਸਨ ਅਤੇ ਸਾਹਮਣਿਓਂ ਆ ਰਹੀ ਇਕ ਗੱਡੀ ਨਾਲ ਉਨ੍ਹਾਂ ਦੀ ਜ਼ਬਰਦਸਤ ਟੱਕਰ ਹੋ ਗਈ। ਡਰਾਇਵਰ ਤੇ ਉਸ ਦਾ ਦੋਸਤ ਪੂਰੀ ਤਰ੍ਹਾਂ ਨਾਲ ਸ਼ਰਾਬ 'ਚ ਟੱਲੀ ਸਨ। ਉਸ ਦੇ ਦਾਦਾ ਜੀ ਹਾਦਸੇ 'ਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਸ ਦੇ ਬਾਵਜੂਦ ਉਹ ਕਾਰ 'ਚੋਂ ਬਾਹਰ ਨਿਕਲੇ ਅਤੇ ਸ਼ਰਾਬੀ ਡਰਾਇਵਰਾਂ ਨੂੰ ਜਾ ਕੇ ਪੁੱਛਿਆ ਕਿ ਕੀ ਉਹ ਠੀਕ ਹਨ ? ਇਸ ਮਗਰੋਂ ਉਹ ਆਪਣਾ ਟਿਫਨ ਹੈਲਮਟ ਤੇ ਹੋਰ ਸਾਮਾਨ ਇਕੱਠਾ ਕਰਨ ਲੱਗ ਗਏ।" ਇਸ ਮਗਰੋਂ ਉਥੇ ਇਕ ਟਰੱਕ ਪੁੱਜਾ। ਟਰੱਕ ਡਰਾਇਵਰ ਨੇ ਕਿਹਾ ਕਿ ਕੁੜੀ ਵਾਰ-ਵਾਰ ਕਹਿ ਰਹੀ ਸੀ ਕਿ ਉਹ ਹਸਪਤਾਲ ਚੱਲਣ ਪਰ ਸਿੰਘ ਨੇ ਕਿਹਾ ਕਿ ਉਹ ਜਲਦੀ ਠੀਕ ਹੋ ਜਾਣਗੇ। ਉਹ ਇਸ ਤਰ੍ਹਾਂ ਸਾਮਾਨ ਇਕੱਠਾ ਕਰਨ ਲੱਗੇ ਜਿਵੇਂ ਅਗਲੇ ਦਿਨ ਉਨ੍ਹਾਂ ਕੰਮ 'ਤੇ ਜਾਣਾ ਹੋਵੇ। ਪੁਲੀਸ ਨੇ ਦਬਾਅ ਪਾ ਕੇ ਸਿੰਘ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਪਰ ਉਹ ਨਾ ਬਚ ਸਕੇ। ਇਸ ਮਗਰੋਂ ਪੁਲੀਸ ਨੇ ਦੋਸ਼ੀ ਡਰਾਈਵਰ ਹੈਕਟਰ ਜੋਸ ਟੋਰਸ ਤੇ ਉਸ ਦੇ ਦੋਸਤ ਰਿਵਰਜਡੇਲ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਦੋਸ਼ੀ ਪਹਿਲਾਂ ਵੀ ਕਿਸੇ ਹੋਰ ਕੇਸ 'ਚ ਸ਼ਾਮਲ ਸਨ।

79 ਸਾਲਾਂ ਦੀ ਉਮਰ ਹੋਣ ਦੇ ਬਾਵਜੂਦ ਉਹ ਹਿੰਮਤ ਨਾਲ ਮਿਹਨਤ ਕਰਦੇ ਰਹੇ। ਉਹ ਆਪਣੀ ਪਤਨੀ ਤੇ ਪੋਤਾ-ਪੋਤੀ ਨਾਲ ਇੱਥੇ ਰਹਿ ਸਨ ਤੇ ਉਨ੍ਹਾਂ ਦਾ ਪੁੱਤਰ ਓਰਗਨ 'ਚ ਰਹਿ ਰਿਹਾ ਸੀ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001 ਈਸਟ, ਵਾਲਨਟ ਡ੍ਰਾਇਵ ਸਾਊਥ, ਵਾਲਨਟ ਕੈਲੀਫੋਰਨੀਆ 91789, ਸੰਪਰਕ ਫੋਨ : (909) 869-6165



## ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ

## 411ਵਾਂ ਸ਼ਹੀਦੀ ਦਿਵਸ

### ਮੰਗਲਵਾਰ, 04 ਜੁਲਾਈ 2017

ਸਵੇਰੇ 06:00 ਵਜੇ ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਗੁਰਦੁਆਰਾ ਸਾਹਿਬ ਵਾਲਨਟ ਵਿਖੇ ਮਨਾਇਆ ਜਾ ਰਿਹਾ ਹੈ

- ਆਸਾ ਦੀ ਵਾਰ ਦਾ ਰਸਭਿੰਨਾ ਕੀਰਤਨ ਲਾਸ ਏਂਜਲਸ ਦੇ ਅਖੰਡ ਕੀਰਤਨੀ ਜਥੇ ਦੁਆਰਾ ਕੀਤਾ ਜਾਵੇਗਾ।
- ਕੀਰਤਨੀ ਜਥਿਆਂ ਦਾ ਵਿਸ਼ੇਸ਼ ਪ੍ਰਬੰਧ ਹੈ ਜਿਸ ਵਿੱਚ ਭਾਰਤ ਅਤੇ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਦੇ ਰਾਗੀ ਜਥੇ ਤੋਂ ਇਲਾਵਾ ਗਿਆਨੀ ਹਰਜਿੰਦਰ ਸਿੰਘ ਸਾਭਰਾ (ਕਥਾਵਾਚਕ) ਅਤੇ ਪ੍ਰੋਫੈਸਰ ਸੁਰਿੰਦਰ ਸਿੰਘ ਯੂ.ਕੇ. ਕੀਰਤਨ ਸਮਾਗਮ ਵਿਚ ਹਾਜ਼ਰੀ ਭਰਨਗੇ।
- ਪੰਜਾਬੀ ਅਤੇ ਗੁਰਮਤਿ ਸਕੂਲ ਕੈਲੀਫੋਰਨੀਆ ਦੇ ਨੌਜਵਾਨ ਅਤੇ ਬੱਚੇ ਵੀ ਕੀਰਤਨ ਕਰਨਗੇ।


ਗਿਆਨੀ ਹਰਜਿੰਦਰ ਸਿੰਘ ਸਾਭਰਾ


ਪ੍ਰੋਫੈਸਰ ਸੁਰਿੰਦਰ ਸਿੰਘ ਯੂ.ਕੇ.

ਦੱਖਣੀ ਕੈਲੀਫੋਰਨੀਆ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਪਰਿਵਾਰਾਂ ਅਤੇ ਮਿੱਤਰਾਂ ਨਾਲ ਇਸ ਸਮਾਗਮ ਵਿੱਚ ਹਾਜ਼ਰੀ ਭਰਨ। ਆਓ ਇਸ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਆਪਣੇ ਬੱਚਿਆਂ ਨੂੰ ਉਹਨਾਂ ਦੇ ਮਹਾਨ ਸਿੱਖ ਵਿਰਸੇ, ਸਿੱਖ ਸਿਧਾਂਤਾਂ, ਸਿੱਖ ਵਿਸ਼ਵਾਸ਼ ਤੇ ਮਾਨਵਤਾ ਲਈ ਗੁਰੂ ਸਹਿਬਾਨ ਦੀਆਂ ਅਦੁੱਤੀ ਕੁਰਬਾਨੀਆਂ ਦੀ ਜਾਣਕਾਰੀ ਦੇਈਏ।

*ਸਵੇਰ ਤੋਂ ਦੁਪਹਿਰ ਤੱਕ ਚਾਹ, ਨਾਸ਼ਤਾ, ਛਬੀਲ (ਕੱਚੀ ਲੱਸੀ) ਅਤੇ ਤਾਜ਼ਾ ਗੰਨੇ ਦੇ ਰਸ ਦਾ ਪ੍ਰਬੰਧ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

**ਲੰਗਰ ਦੀ ਸੇਵਾ : ਭਾਈ ਪਰਮਜੀਤ ਸਿੰਘ ਅਤੇ ਸਾਥੀ**

ਸੇਵਾਦਾਰ ਗੁਰਦੁਆਰਾ ਵਾਲਨਟ : ਸਤਪਾਲ ਸਿੰਘ ਗੋਤਰਾ (909) 569-9545, ਸੁਰਿੰਦਰ ਸਿੰਘ ਭੋਗਲ (909) 861-5767
ਗੁਰਬਚਨ ਸਿੰਘ ਜੁਨੇਜਾ (909) 228-1556, ਕੁਲਬੀਰ ਸਿੰਘ ਭੁੱਲਰ (626) 675-2233, ਜਗਜੀਤ ਸਿੰਘ ਇਰਾਨੀ (626) 239-5621
*ਕੀਰਤਨ ਅਤੇ ਲੰਗਰ ਸੇਵਾ ਲਈ ਸੰਪਰਕ ਕਰੋ : ਹਨਵੰਤਬੀਰ ਸਿੰਘ ਸਾਹਨੀ (626) 369-3305, ਭਾਈ ਰਘਬੀਰ ਸਿੰਘ ਜੀ (626) 833-8240*

ਵਿਸ਼ੇਸ਼ ਨੋਟ : ਗਿਆਨੀ ਹਰਜਿੰਦਰ ਸਿੰਘ ਜੀ ਸਾਭਰਾ ਵਲੋਂ 05 ਜੁਲਾਈ 2017 ਤੋਂ 12 ਜੁਲਾਈ 2017 ਤੱਕ ਰੋਜ਼ਾਨਾ ਗੁਰਮਤਿ ਵਿਚਾਰ ਕਥਾ ਸ਼ਾਮ 07 ਵਜੇ ਤੋਂ ਰਾਤ 8:15 ਵਜੇ ਤੱਕ ਹੋਵੇਗੀ ਅਤੇ ਐਤਵਾਰ ਵਾਲੇ ਦਿਨ ਬਾਅਦ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਹੋਵੇਗੀ



## ਜ਼ਿੰਦਗੀ ਨੂੰ ਸੁਹਾਵਣੀ ਬਣਾਓ
## 'ਦ ਕੰਪਨੀ ਯੂ ਕੀਪ' ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

**ਸਿਮਰਨ ਕੌਰ ਅਟਵਾਲ**
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
MasterCard
DISCOVER NETWORK
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at 317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਕਥਾ ਵਿਆਖਿਆ ਅਤੇ ਕੀਰਤਨ ਸਮਾਗਮ

### ਕਥਾ ਵਿਆਖਿਆ

**ਭਾਈ ਸਾਹਿਬ ਸਿੰਘ ਕੈਨੇਡਾ ਵਾਲੇ**

21 ਜੂਨ (ਬੁੱਧਵਾਰ) : ਸ਼ਾਮ 7:50 ਤੋਂ 8:30 ਵਜੇ ਤੱਕ

22 ਜੂਨ (ਵੀਰਵਾਰ) : ਸ਼ਾਮ 7:30 ਤੋਂ 8:30 ਵਜੇ ਤੱਕ

23 ਜੂਨ (ਸ਼ੁੱਕਰਵਾਰ) : ਸ਼ਾਮ 7:50 ਤੋਂ 8:30 ਵਜੇ ਤੱਕ

24 ਜੂਨ (ਸ਼ਨਿੱਚਰਵਾਰ) : ਸ਼ਾਮ 7:50 ਤੋਂ 8:30 ਵਜੇ ਤੱਕ

**25 ਜੂਨ 2017 (ਐਤਵਾਰ)**

**ਕੀਰਤਨੀ ਜਥਾ ਭਾਈ ਅਜੀਤ ਸਿੰਘ ਇੰਡੀਆਨਾ ਵਾਲੇ**

ਸਵੇਰੇ 11:00 ਤੋਂ 11:50 ਵਜੇ ਤੱਕ

ਕਥਾਵਾਚਕ ਭਾਈ ਸਾਹਿਬ ਸਿੰਘ ਕੈਨੇਡਾ ਵਾਲੇ

ਸਵੇਰੇ11:50 ਤੋਂ 12:50 ਵਜੇ ਤੱਕ





ਭਾਈ ਸਾਹਿਬ ਸਿੰਘ ਕੈਨੇਡਾ



ਕੀਰਤਨੀ ਜਥਾ ਭਾਈ ਅਜੀਤ ਸਿੰਘ ਇੰਡੀਆਨਾ

ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਅਤੇ ਕੀਰਤਨੀ ਜਥਾ ਭਾਈ ਰਜਿੰਦਰ ਸਿੰਘ ਵੀ ਇਨ੍ਹਾਂ ਦੀਵਾਨਾਂ ਵਿਚ ਹਾਜ਼ਰੀ ਭਰਨਗੇ।

**ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਾਜ਼ਰੀ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

SIKH Religious Society
PALATINE GURDWARA

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

**1280 Winnetka Street, Palatine, IL 60067 Ph: (847) 358-1117**

Website: www.srschicago.org Email: contactus@srschicago.org



# ਸ੍ਰੀ ਗੁਰੂ ਸਿੰਘ ਸਭਾ ਵਾਲਨਟ ਵਿਖੇ

**20001, E Walnut Drive South, Walnut CA 91789 • Ph: 909.869.6165**

## ਮਹਾਨ ਗੁਰਮਤਿ ਸਮਾਗਮ

### ਮਨਾਇਆ ਜਾ ਰਿਹਾ ਹੈ



ਸੰਤ ਬਾਬਾ ਸੇਵਾ ਸਿੰਘ ਜੀ



ਸੰਤ ਬਾਬਾ ਘਨੱਈਆ ਸਿੰਘ ਜੀ

ਗੁਰੂ ਪਿਆਰੀ ਸਾਧ ਸੰਗਤ ਜੀ,

ਨਗਰ ਨੌਰਾ ਅਤੇ ਇਲਾਕਾ ਨਿਵਾਸੀ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਸੰਤ ਬਾਬਾ ਸੇਵਾ ਸਿੰਘ ਜੀ (ਕਾਰ ਸੇਵਾ ਆਨੰਦਪੁਰ ਸਾਹਿਬ) ਆਨੰਦਗੜ੍ਹ ਵਾਲੇ ਅਤੇ ਸੰਤ ਬਾਬਾ ਘਨਈਆ ਸਿੰਘ ਜੀ ਪਠਲਾਵੇ ਵਾਲਿਆਂ ਦੀ ਯਾਦ ਅੰਦਰ 23, 24 ਅਤੇ 25 ਜੂਨ 2017 ਨੂੰ ਵਿਸ਼ੇਸ਼ ਦੀਵਾਨ ਸਜ ਰਹੇ ਹਨ, ਜਿਸ ਵਿਚ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਹਾਜ਼ਰੀਆਂ ਭਰੀਆਂ ਜਾਣਗੀਆਂ, ਜਿਸ ਵਿਚ ਭਾਈ ਸੁਖਦੇਵ ਸਿੰਘ, ਭਾਈ ਰਘਬੀਰ ਸਿੰਘ ਅਤੇ ਬੀਬੀ ਬਲਬੀਰ ਕੌਰ ਐਤਵਾਰ 25 ਜੂਨ 2017 ਨੂੰ ਦਿਨ ਦੇ ਦੀਵਾਨਾਂ ਵਿਚ ਹਾਜ਼ਰੀਆਂ ਭਰਨਗੇ। ਆਪ ਸੰਗਤ ਨੂੰ ਪਹੁੰਚਣ ਲਈ ਸਨਿਮਰ ਬੇਨਤੀ ਹੈ ਜੀ। ਸ੍ਰੀ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਮਹਿੰਦਰ ਸਿੰਘ ਬੋਲਾ ਅਤੇ ਪਰਿਵਾਰ ਵਲੋਂ ਹੋਵੇਗੀ। ਲੰਗਰਾਂ ਦੀ ਸੇਵਾ ਸ. ਮਨਜੀਤ ਸਿੰਘ ਜੀ, ਦਲਜੀਤ ਸਿੰਘ, ਜਗਤ ਸਿੰਘ, ਨੌਰਾ ਨਿਵਾਸੀ ਸਾਧ ਸੰਗਤ ਅਤੇ ਸਹਿਯੋਗੀ ਸੰਗਤ ਵਲੋਂ ਹੋਵੇਗੀ।



ਸੰਤ ਬਾਬਾ ਲਾਭ ਸਿੰਘ ਜੀ
(ਮੌਜੂਦਾ ਸੰਚਾਲਕ)

### ਪ੍ਰੋਗਰਾਮ

**ਆਰੰਭ ਸ੍ਰੀ ਅਖੰਡਪਾਠ ਸਾਹਿਬ... 23 ਜੂਨ, 2017 ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ**

**ਭੋਗ ਸ੍ਰੀ ਅਖੰਡਪਾਠ ਸਾਹਿਬ .... 25 ਜੂਨ, 2017 ਦਿਨ ਐਤਵਾਰ ਸਵੇਰੇ 9:30 ਵਜੇ**

*ਹੋਰ ਜਾਣਕਾਰੀ ਲਈ ਫੋਨ ਕਰੋ*

| ਭਾਈ ਰਘਬੀਰ ਸਿੰਘ ਜੀ | ਸ. ਮਨਜੀਤ ਸਿੰਘ ਜੀ | ਗੁਰਦੁਆਰਾ ਸਾਹਿਬ |
|---|---|---|
| ਫੋਨ (626) 833-8240 | ਫੋਨ (626) 677-6789 | ਫੋਨ (909) 869-6165 |

# 'ਦਿ ਬਲੈਕ ਪ੍ਰਿੰਸ' ਫਿਲਮ ਵਿਚ ਮਹਾਰਾਜਾ ਦਲੀਪ ਸਿੰਘ ਦੀ ਭੂਮਿਕਾ ਨਿਭਾਉਣੀ ਮੇਰੇ ਭਾਗਾਂ ਵਿਚ ਹੀ ਲਿਖਿਆ ਸੀ : ਸਤਿੰਦਰ ਸਰਤਾਜ

**"ਬਹੁਤ ਸਾਰੇ ਸਿੱਖ ਸਮਝਦੇ ਹਨ ਕਿ ਉਸਨੇ (ਮਹਾਰਜ ਦਲੀਪ ਸਿੰਘ) ਸਾਨੂੰ ਕੰਡ ਦੇ ਦਿੱਤੀ ਅਤੇ ਆਪਣੇ ਧਰਮ ਨੂੰ ਭੁੱਲ ਬੈਠਾ। ਇਹ ਸਚਾਈ ਨਹੀਂ ਹੈ ਕਿਉਂਕਿ ਉਹ ਬਹੁਤ ਛੋਟਾ ਬੱਚਾ ਦੀ ਜਦ ਉਸ ਨੂੰ ਉਸ ਦੀ ਮਾਂ ਨਾਲੋਂ ਵੱਖ ਕਰ ਲਿਆ ਅਤੇ ਉਸ ਦਾ ਧਰਮ ਤਬਦੀਲ ਕਰ ਕੇ ਉਸ ਨੂੰ ਈਸਾਈ ਬਣਾ ਦਿੱਤਾ। ਇਹ ਫਿਲਮ ਸਿੱਖ ਭਾਈਚਾਰੇ ਨੂੰ ਵਿਖਾਏਗੀ ਕਿ ਅਸਲ ਵਿਚ ਉਹ ਕੀ ਸੀ। ਇਹ ਫਿਲਮ ਬਹੁਤ ਹੀ ਖੋਜ ਕਰਕੇ ਬਣਾਈ ਗਈ ਹੈ ਅਤੇ ਅਸੀਂ ਉਹ ਸਚਾਈ ਲੱਭੀ ਹੈ ਜੋ ਉਸ ਸਮੇਂ ਬਰਤਾਨੀਆ ਨੇ ਦਫ਼ਨ ਕਰ ਦਿੱਤੀ ਸੀ। ਹੁਣ ਲੋਕ ਮਹਾਰਾਜ ਦਲੀਪ ਸਿੰਘ ਬਾਰੇ ਬਿਲਕੁਲ ਵੱਖਰੇ ਦ੍ਰਿਸ਼ਟੀਕੋਣ ਤੋਂ ਸੋਚਣਗੇ।"**



ਪੰਜਾਬੀ ਗਾਇਕ ਅਤੇ ਸ਼ਾਇਰ ਸਤਿੰਦਰ ਸਰਤਾਜ ਨੇ 'ਦ ਬਲੈਕ ਪ੍ਰਿੰਸ ਫਿਲਮ ਵਿਚ ਪੰਜਾਬ ਦੇ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਵਜੋਂ ਨਾਇਕ ਦੀ ਭੂਮਿਕਾ ਨਿਭਾਈ ਹੈ। ਸਰਤਾਜ ਨੇ ਆਪਣੀ ਅਦਾਕਾਰੀ ਦੇ ਜੌਹਰ ਵਿਖਾਉਂਦਿਆਂ 19ਵੀਂ ਸਦੀ ਦੇ ਇਸ ਨਾਟਕ ਵਿਚ ਜਬਰਦਸਤ ਪੇਸ਼ਕਰੀ ਦਿੱਤੀ ਹੈ। ਇਹ ਫਿਲਮ ਉਸ ਨਾਬਾਲਗ ਬੱਚੇ ਦੀ ਕਹਾਣੀ ਹੈ ਜਿਸ ਨੂੰ ਬਚਪਨ ਵਿਚ ਉਸ ਦੀ ਮਾਂ ਤੋਂ ਵੱਖ ਕਰਕੇ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਜਬਰਦਸਤੀ ਉਸ ਨੂੰ ਇੰਗਲੈਂਡ ਭੇਜਿਆ ਗਿਆ। ਸੱਚੀ ਕਹਾਣੀ 'ਤੇ ਅਧਾਰਿਤ ਕਵੀ ਰਾਜ ਵੱਲੋਂ ਨਿਰਦੇਸ਼ਤ ਇਹ ਫਿਲਮ ਦਸਦੀ ਹੈ ਕਿ ਕਿਵੇਂ ਇਕ ਸੰਵੇਦਨਸ਼ੀਲ ਅਤੇ ਬੁੱਧੀਮਾਨ ਨੌਜਵਾਨ ਨੇ ਬਰਤਾਨਵੀ ਸਭਿਆਚਾਰ ਵਿਚ ਆਪਣੀ ਜਵਾਨੀ ਦੇ ਦਿਨ ਬਿਤਾਏ ਅਤੇ ਮਹਾਰਾਣੀ ਵਿਕਟੋਰੀਆ ਨਾਲ ਨੇੜਲੇ ਸਬੰਧ ਰਹੇ ਪਰ ਅਖ਼ੀਰ ਉਹ ਆਪਣੀ ਤਾਕਤ ਨਾਲ ਆਪਣੀ ਜੜ੍ਹਾਂ ਅਤੇ ਹੋਣੀ ਨਾਲ ਜਾ ਮਿਲਿਆ। ਆਪਣੀ ਸਲਤਨਤ ਅਤੇ ਵਿਰਾਸਤ ਮੁੜ ਹਾਸਲ ਕਰਨ ਲਈ ਲੜਦੇ ਹੋਏ ਦਲੀਪ ਸਿੰਘ ਨੇ ਬਰਤਾਨਵੀ ਸਾਮਰਾਜ ਦੀ ਵੱਡੀ ਤਾਕਤ ਦਾ ਸਾਹਮਣਾ ਕੀਤਾ। ਇਹ ਸਾਡੇ ਸਮਿਆਂ ਦੀ ਅਜਿਹੀ ਕਥਾ ਹੈ ਜਿਸ ਵਿਚ ਇਕ ਵਿਅਕਤੀ ਵਿਸ਼ੇਸ਼ ਨੇ ਸਾਰੀਆਂ ਔਕੜਾਂ ਦੇ ਖਿਲਾਫ਼ ਹੌਂਸਲੇ ਦਾ ਪ੍ਰਗਟਾਵਾ ਕੀਤਾ ਅਤੇ ਜਿਸ ਨੂੰ ਉਹ ਸਹੀ ਸਮਝਦਾ ਸੀ ਉਸ ਲਈ ਸਭ ਕੁਝ ਕੁਰਬਾਨ ਕਰ ਦਿੱਤਾ।



ਸਤਿੰਦਰ ਸਰਤਾਜ ਨੇ 'ਦ ਬਲੈਕ ਪ੍ਰਿੰਸ' ਫਿਲਮ ਵਿਚ ਬਾਖੂਬੀ ਭੂਮਿਕਾ ਨਿਭਾਈ ਜੋ ਵਿਸ਼ਵ ਭਰ 'ਚ 21 ਜੁਲਾਈ ਨੂੰ ਰਲੀਜ਼ ਹੋ ਰਹੀ ਹੈ।

ਸਤਿੰਦਰ ਸਰਤਾਜ ਸਮਝਦਾ ਹੈ ਕਿ ਦਿ ਬਲੈਕ ਪ੍ਰਿੰਸ ਫਿਲਮ ਵਿਚ ਮਹਾਰਾਜਾ ਦਲੀਪ ਸਿੰਘ ਦੀ ਭੂਮਿਕਾ ਨਿਭਾਉਣੀ ਉਸ ਦੇ ਭਾਗਾਂ ਵਿਚ ਹੀ ਲਿਖਿਆ ਸੀ। ਭਾਵੇਂ ਉਸ ਨੇ ਪਹਿਲਾਂ ਕਦੀ ਐਕਟਿੰਗ ਨਹੀਂ ਸੀ ਕੀਤੀ ਪਰ ਇਕ ਸੰਗੀਤਕਾਰ, ਸ਼ਾਇਰ ਅਤੇ ਕਲਾਕਾਰ ਵਜੋਂ ਉਸ ਸਮੇਂ ਹੀ ਇਸ ਪਾਤਰ ਬਾਰੇ ਮਹਿਸੂਸ ਕਰਨ ਲੱਗਾ ਜਦ ਉਸ ਨੇ ਇਸ ਬਾਰੇ ਸੁਣਿਆ। ਇਹ ਫਿਲਮ ਪੰਜਾਬ ਦੇ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਉਪਰ ਸੱਚੀ ਕਹਾਣੀ ਨਾਲ ਸਬੰਧਤ ਹੈ ਜਿਸ ਦਾ ਜਨਮ ਸੰਨ 1838 ਵਿਚ ਹੋਇਆ ਸੀ ਅਤੇ ਬਚਪਨ ਵਿਚ ਹੀ ਉਸ ਦੇ ਪਿਤਾ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋ ਗਿਆ। ਉਸ ਨੂੰ ਬਚਪਨ ਵਿਚ ਹੀ ਤਖ਼ਤ ਤੋਂ ਲਾਹ ਦਿੱਤਾ ਗਿਆ ਅਤੇ ਉਸ ਦੀ ਮਾਂ ਮਹਾਰਾਣੀ ਜਿੰਦਾ ਤੋਂ ਵੀ ਵੱਖ ਕਰ ਦਿੱਤਾ ਗਿਆ ਅਤੇ ਉਸ ਨੂੰ ਰਾਜ ਤੋਂ ਵਾਂਝਾ ਕਰਕੇ ਪੰਜਾਬ ਨੂੰ ਬਰਤਾਨਵੀ ਸਾਮਰਾਜ ਵਿਚ ਮਿਲਾ ਲਿਆ ਗਿਆ। ਸਿਆਸੀ ਉਥਲ ਪੁਥਲ ਅਤੇ ਖਾਨਾਜੰਗੀ ਵਿਚ ਉਸ ਦੇ ਸਾਹਮਣੇ ਉਸ ਦੇ ਭਰਾਵਾਂ ਦਾ ਕਤਲ ਕਰ ਦਿੱਤਾ ਗਿਆ ਅਤੇ ਉਸ ਨੂੰ ਨਾਬਾਲਗ ਉਮਰੇ ਹੀ ਇੰਗਲੈਂਡ ਭੇਜ ਦਿੱਤਾ ਗਿਆ ਤੇ ਉਸ ਦਾ ਭਵਿੱਖ ਬਾਰੇ ਉਸ ਨੂੰ ਕੋਈ ਖਾਹਿਸ਼ ਨਹੀਂ ਪੁੱਛੀ ਗਈ।

ਸੰਨ 1854 ਵਿਚ ਦਲੀਪ ਸਿੰਘ ਦੇ ਲੰਡਨ ਵਿਚ ਪਹੁੰਚਣ ਤੇ ਇਹ ਕਹਾਣੀ ਸ਼ੁਰੂ ਹੁੰਦੀ ਹੈ ਜਦ ਉਹ ਇਕ ਈਸਾਈ ਦੇ ਤੌਰ ਤੇ ਸਾਹਮਣੇ ਆਉਂਦਾ ਹੈ। ਮਹਾਰਾਣੀ ਵਿਕਟੋਰੀਆ ਅਤੇ ਉਸ ਦੇ ਸਾਥੀ ਪ੍ਰਿੰਸ ਐਲਬਰਟ ਦੇ ਨੇੜੇ ਹੁੰਦਿਆਂ ਉਸ ਕੋਲ ਸਾਰੀਆਂ ਸੁਖ ਸਹੂਲਤਾਂ ਹਨ ਪਰ ਦਲੀਪ ਸਿੰਘ ਨਾ ਹੀ ਖੁਸ਼ ਹੈ ਤੇ ਨਾ ਉਸ ਨੂੰ ਤਸੱਲੀ ਹੈ। ਇੰਗਲੈਂਡ ਇਸ ਨੌਜਵਾਨ ਦਾ ਅਸਲੀ ਘਰ ਨਹੀਂ ਹੈ। ਆਪਣੇ ਅਤੀਤ ਅਤੇ ਬਚਪਨ ਦੀਆਂ ਯਾਦਾਂ ਵਿਚ ਖੋਇਆ ਉਹ ਆਪਣੀ ਅਸਲੀ ਪਛਾਣ ਦੀ ਖੋਜ ਵਿਚ ਭਟਕ ਰਿਹਾ ਹੈ। ਇੱਥੋਂ ਤੱਕ ਕਿ ਉਸ ਦਾ ਵਿਆਹ ਹੋਣ ਅਤੇ ਪਰਿਵਾਰਕ ਜੀਵਨ ਵਿਚ ਰੁੱਝ ਜਾਣ ਦੇ ਬਾਵਜੂਦ ਉਹ ਆਪਣਾ ਖੁੱਸਿਆ ਰਾਜ ਭਾਗ ਮੁੜ ਹਾਸਲ ਕਰਨ ਮੁੜ ਆਪਣੇ ਲੋਕਾਂ ਵਿਚ ਜਾਂਦਾ ਹੈ।

ਜਿਉਂ ਜਿਉਂ ਕਹਾਣੀ ਦੀਆਂ ਪਰਤਾਂ ਖੁਲ੍ਹਦੀਆਂ ਹਨ, ਸਾਨੂੰ ਪਤਾ ਲਗਦਾ ਹੈ ਕਿਵੇਂ ਉਹ ਦੁਬਾਰਾ ਆਪਣੀ ਮਾਂ ਮਹਾਰਾਣੀ ਜਿੰਦਾਂ ਨੂੰ ਮਿਲਦਾ ਹੈ। ਉਹ ਉਸ ਨੂੰ ਉਸ ਦੇ ਅਤੀਤ ਬਾਰੇ ਦਸਦੀ ਹੈ ਅਤੇ ਮੁੜ ਆਪਣੀ ਸਲਤਨਤ ਹਾਸਲ ਕਰਨ ਲਈ ਪ੍ਰੇਰਦੀ ਹੈ।

ਦਲੀਪ ਸਿੰਘ ਇਕ ਖਤਰਨਾਕ ਯਾਤਰਾ, ਜੋ ਕਿ ਬਿਲਕੁਲ ਨਾਮੁਮਕਿਨ ਲਗਦੀ ਹੈ, ਤੈਅ ਕਰਨ ਲਈ ਦ੍ਰਿੜ੍ਹ ਹੌਂਸਲਾ ਵਿਖਾਉਂਦਾ, ਉਮੀਦ ਛੱਡਣ ਤੋਂ ਇਨਕਾਰ ਕਰ ਦਿੰਦਾ ਹੈ। ਇਹ ਉਹ ਵਿਅਕਤੀ ਹੈ ਜਿਸ ਨੇ ਆਪਣੇ ਇਤਿਹਾਸ ਵਿਚ ਬਹੁਤ ਹੀ ਔਖੀ ਭੂਮਿਕਾ ਨਿਭਾਈ ਹੈ ਪਰ ਉਸ ਦੀ ਕਹਾਣੀ ਭੂਗੋਲਿਕ ਹੱਦ ਬੰਨੇ ਪਾਰ ਕਰ ਜਾਂਦੀ ਹੈ। ਇਹ ਹੋਰ ਵੀ ਹੈਰਾਨੀਕੁਨ ਗੱਲ ਹੈ ਕਿ ਇਹ ਕਹਾਣੀ ਦੁਨੀਆਂ ਤੋਂ ਗੁੱਝੀ ਰਹੀ ਹੈ।

ਇਹ ਕਹਾਣੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਬਾਰੇ ਉਦਾਸੀ ਨਾਲ ਭਰਪੂਰ ਹੈ ਪਰ ਉਂਜ ਇਹ ਹਾਂ ਪੱਖੀ ਅਤੇ ਪ੍ਰੇਰਨਾਦਾਇਕ ਹੈ। ਉਸ ਦਾ ਸੰਘਰਸ਼ ਉਦੋਂ ਤੱਕ ਸਿੱਖਾਂ ਨੂੰ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਣ ਵਾਸਤੇ ਪ੍ਰੇਰਨਾ ਦਿੰਦਾ ਰਿਹਾ ਜਦ ਤੱਕ ਸੰਨ 1947 ਵਿਚ ਆਜ਼ਾਦੀ ਮਿਲੀ। 1947 ਵਿਚ ਉਸ ਦੀ ਸਲਤਨਤ ਭਾਰਤ ਅਤੇ ਪਾਕਿਸਤਾਨ ਦੇ ਹਿੱਸਿਆਂ ਵਿਚ ਵੰਡੀ ਗਈ।

ਇਸ ਫਿਲਮ ਵਿਚ ਜੈਸਨ ਫਲੈਮਿੰਗ, ਸ਼ਬਾਨਾ ਆਜ਼ਮੀ, ਆਮੰਡਾ ਰੂਟ, ਕੀਥ ਡਫੀ, ਡੇਵਿਡ ਐਸੈਕਸ ਅਤੇ ਰੂਪ ਮੈਗਨ ਨੇ ਵੀ ਰੋਲ ਕੀਤਾ ਹੈ। ਇਸ ਫਿਲਮ ਦੇ ਪ੍ਰੋਡਿਊਸਰ ਕਵੀ ਰਾਜ ਅਤੇ ਜੈ ਖੰਨਾ ਹਨ। ਜਸਜੀਤ ਸਿੰਘ ਫਿਲਮ ਦੇ ਐਗਜੈਕਟਿਵ ਪ੍ਰੋਡਿਊਸਰ ਹਨ।

ਸਤਿੰਦਰ ਸਰਤਾਜ ਉਘੇ ਪੰਜਾਬੀ ਗਾਇਕ, ਗੀਤਕਾਰ ਅਤੇ ਸ਼ਾਇਰ ਹਨ। ਉਸ ਦੀ ਪਹਿਲੀ ਐਲਬਮ 'ਸਾਈਂ' 2010 ਵਿਚ ਹਿੱਟ ਹੋਈ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਪੂਰੀ ਦੁਨੀਆਂ 'ਚ ਪ੍ਰੋਗਰਾਮ ਦਿੱਤੇ। ਦੁਨੀਆਂ ਭਰ 'ਚ ਭਾਰਤੀ ਅਤੇ ਪੰਜਾਬੀ ਸਭਿਆਚਾਰ ਦੀ ਵਕਾਲਤ ਕਰਨ ਨੂੰ ਕੌਮਾਂਤਰੀ ਪੱਧਰ ਤੇ ਪੰਜਾਬੀ ਜੁਦੀ ਸੇਵਾ ਕਰਨ ਵਜੋਂ ਮਾਨਤਾ ਮਿਲੀ ਹੈ। ਫਿਲਮ ਬਾਰੇ ਸਤਿੰਦਰ ਸਰਤਾਜ ਨਾਲ ਮੁਲਾਕਾਤ ਹੋਈ ਜੋ ਹੇਠਾਂ ਦਿੱਤੀ ਜਾ ਰਹੀ ਹੈ:

---

**ਸੁਆਲ: ਤੁਹਾਨੂੰ ਰੋਲ ਕਿਵੇਂ ਮਿਲਿਆ?**

**ਜੁਆਬ:** ਅਮਰੀਕਾ ਦੇ ਸਿੱਖ ਭਾਈਚਾਰੇ ਵਿਚੋਂ ਬਹੁਤ ਸਾਰੇ ਫਿਲਮ ਨਿਰਮਾਤਾ ਹਨ ਜੋ ਹਾਲੀਵੁੱਡ ਵਿਚ ਕੰਮ ਕਰ ਰਹੇ ਹਨ ਅਤੇ ਉਹ ਦਲੀਪ ਸਿੰਘ ਦੇ ਜੀਵਨ ਬਾਰੇ ਫਿਲਮ ਬਣਾਉਣਾ ਚਾਹੁੰਦੇ ਸਨ। ਕਿਉਂਕਿ ਮੈਂ ਅਮਰੀਕਾ ਵਿਚ ਪ੍ਰੋਗਰਾਮ ਪੇਸ਼ ਕੀਤੇ ਹਨ ਅਤੇ ਮੈਂ ਅਮਰੀਕਾ ਦੇ ਸਿੱਖ ਭਾਈਚਾਰੇ ਵਿਚ ਚੰਗੀ ਤਰ੍ਹਾਂ ਜਣਿਆ ਪਛਾਣਿਆ ਨਾਂ ਹਾਂ। ਲੋਕਾਂ ਦੀ ਅਕਸਰ ਟਿੱਪਣੀ ਸੀ ਕਿ ਮੇਰਾ ਚਿਹਰਾ ਮੋਹਰਾ ਮਹਾਰਾਜਾ ਦਲੀਪ ਸਿੰਘ ਨਾਲ ਬਹੁਤ ਮਿਲਦਾ ਜੁਲਦਾ ਹੈ। ਇਸ ਲਈ ਨਿਰਮਾਤਾਵਾਂ ਨੇ ਮੈਨੂੰ ਬੁਲਾਇਆ ਅਤੇ ਇਸ ਫਿਲਮ ਬਾਰੇ ਵਿਚਾਰ ਵਟਾਂਦਰਾ ਕੀਤਾ। ਮੈਂ ਲਾਸ ਏਂਜਲਸ ਗਿਆ ਅਤੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਮੈਂ ਫਿਲਮ ਅਦਾਕਾਰ ਨਹੀਂ ਹਾਂ। ਮੈਂ ਇਕ ਸ਼ਾਇਰ ਅਤੇ ਸੰਗੀਤਕਾਰ ਹਾਂ। ਉਨ੍ਹਾਂ ਕਿਹਾ ਕਿ ਪਰ ਸਾਨੂੰ ਪਤਾ ਹੈ ਕਿ ਤੁਸੀਂ ਇਹ ਕਰ ਸਕਦੇ ਹੋ। ਤੁਹਾਨੂੰ ਸਿਰਫ ਐਕਟਿੰਗ ਸਿੱਖਣੀ ਪਵੇਗੀ ਇਸ ਲਈ ਮੈਂ ਰਾਜ਼ੀ ਹੋ ਗਿਆ ਅਤੇ ਮੁੰਬਈ 'ਚ ਆ ਕੇ ਐਕਟਿੰਗ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ। ਜਦੋਂ ਫਿਲਮ ਦੀ ਸ਼ੂਸ਼ੁਰੂ ਹੋਈ ਮੈਂ ਬਹੁਤ ਹੀ ਮਹਾਨ ਐਕਟਿੰਗ/ਡਾਇਲਾਗ ਕੋਚ ਡੀ ਕੈਨਨ ਨਾਲ ਕੰਮ ਕੀਤਾ ਅਤੇ ਸਭ ਕੁਝ ਠੀਕ ਠਾਕ ਹੋ ਗਿਆ। ਮੈਨੂੰ ਇਸ ਫਿਲਮ ਵਿਚ ਬਹੁਤ ਮਾਣ ਸਤਿਕਾਰ ਮਿਲਿਆ।

**ਸੁਆਲ: ਤੁਹਾਨੂੰ ਇਸ ਕਹਾਣੀ ਵਿਚ ਖ਼ਾਸ ਦਿਲਚਸਪੀ ਕੀ ਸੀ?**

**ਜੁਆਬ:** ਮੇਰੀ ਦਿਲਚਸਪੀ ਦਾ ਸਭ ਤੋਂ ਵੱਡਾ ਕਾਰਨ ਇਤਿਹਾਸ ਅਤੇ ਭਵਨ ਨਿਰਮਾਣ ਕਲਾ ਪ੍ਰਤੀ ਮੇਰਾ ਪਿਆਰ ਸੀ ਅਤੇ ਇਹ ਤਾਂ ਮੇਰੇ ਆਪਣੇ ਸਭਿਆਚਾਰ ਦਾ ਇਤਿਹਾਸ ਹੈ ਇਸ ਲਈ ਇਸ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਮੈਂ ਇਕ ਪੁਰਾਣੀ ਆਤਮਾ ਵਜੋਂ ਮਹਿਸੂਸ ਕਰਦਾ ਹਾਂ। ਮੈਂ ਇਕ ਸ਼ਾਇਰ, ਸੰਗੀਤਕਾਰ, ਗਾਇਕ ਅਤੇ ਕਲਾਕਾਰ ਹਾਂ ਅਤੇ ਇਹ ਕਹਾਣੀ ਮੇਰੇ ਭਾਈਚਾਰੇ ਲਈ ਅਹਿਮ ਹੈ।

2010 ਵਿਚ, ਮੈਂ ਪਹਿਲੀ ਵਾਰ ਇੰਗਲੈਂਡ ਗਿਆ, ਕਿਸੇ ਨੇ ਮੈਨੂੰ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਇਤਿਹਾਸ ਦੀ ਇਕ ਕਿਤਾਬ ਦਿੱਤੀ। ਇਸ ਤਰ੍ਹਾਂ ਇਹ ਮੇਰਾ ਪਹਿਲਾ ਪ੍ਰਭਾਵ ਸੀ ਕਿ ਉਹ ਕੀ ਸਨ। ਮੈਂ ਉਸ ਵਕਤ ਉਨ੍ਹਾਂ ਬਾਰੇ ਪੜ੍ਹਨਾ ਅਤੇ ਸਿੱਖਣਾ ਸ਼ੁਰੂ ਕੀਤਾ ਸੀ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਰੋਲ ਮੇਰੇ ਭਾਗਾਂ ਵਿੱਚ ਲਿਖਿਆ ਸੀ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਕਿਉਂਕਿ ਸਿੱਖ ਇਤਿਹਾਸ ਬਾਰੇ ਇਹ ਪਹਿਲੀ ਹਾਲੀਵੁੱਡ ਫਿਲਮ ਹੈ।

**ਸੁਆਲ: ਇਸ ਇਤਿਹਾਸਕ ਹਸਤੀ ਦੀ ਭੂਮਿਕਾ ਨਿਭਾਉਣ ਸਮੇਂ ਤੁਹਾਨੂੰ ਅਨੁਭਵ ਕਿਹੋ ਜਿਹਾ ਰਿਹਾ?**

**ਜੁਆਬ:** ਅਸਲ ਵਿਚ ਇਹ ਮੇਰੇ ਮੋਢਿਆਂ ਉਪਰ ਭਾਰ ਸੀ ਕਿਉਂਕਿ ਮੈਂ ਆਪਣੇ ਸਭਿਆਚਾਰ ਦੀ ਪ੍ਰਤੀਨਿਧਤਾ ਕਰ ਰਿਹਾ ਸੀ। ਇਹ ਸਚਾਈ ਹੈ ਕਿ ਮੈਂ ਪਹਿਲਾਂ ਕਦੀ ਐਕਟਿੰਗ ਨਹੀਂ ਕੀਤੀ ਸੀ ਪਰ ਮੈਂ ਉਨ੍ਹਾਂ ਬੰਦਿਆਂ ਵਿਚੋਂ ਹਾਂ ਜੋ ਜਦ ਇਕ ਵਾਰ ਵਚਨ ਕਰ ਲੈਣ ਤਾਂ ਪੂਰੀ ਲਗਨ ਅਤੇ ਜਿੰਮੇਵਾਰੀ ਨਾਲ ਕੰਮ ਕਰਦੇ ਹਨ। ਮੈਂ ਇਸ ਕਾਰਜ ਲਈ 100 ਫ਼ੀਸਦੀ ਲਗਨ ਨਾਲ ਕੰਮ ਕੀਤਾ ਅਤੇ ਪੂਰੀ ਵਾਹ ਲਾਉਣ ਦੀ ਕੋਸ਼ਿਸ਼ ਕੀਤੀ। ਮੈਂ ਆਪਣੇ ਟੂਰ ਅਤੇ ਸ਼ੋਅ ਰੱਦ ਕਰ ਦਿੱਤੇ। ਇਹ ਬਹੁਤ ਹੀ ਅਦਭੁਤ ਤੇ ਪਿਆਰਾ ਜਿਹਾ ਅਨੁਭਵ ਰਿਹਾ। ਇਹ ਬਹੁਤ ਦਿਲਚਸਪ ਸੀ ਅਤੇ ਇਹ ਪਾਤਰ ਮੇਰੇ ਬਿਲਕੁਲ ਨੇੜੇ ਸੀ, ਮਹਾਰਾਜਾ ਦਾ ਕਿਰਦਾਰ ਬਿਲਕੁਲ ਮੇਰੇ ਵਰਗਾ ਸੀ, ਸਿਰਫ਼ ਸ਼ਕਲ ਪੱਖੋਂ ਨਹੀਂ। ਉਸ ਦਾ ਗੱਲਬਾਤ ਕਰਨ ਦਾ ਤਰੀਕਾ ਮੇਰੇ ਵਰਗਾ ਸੀ। ਮੈਂ ਬਹੁਤ ਹੀ ਦ੍ਰਿੜ੍ਹ ਇਰਾਦੇ ਵਾਲਾ ਹਾਂ ਅਤੇ ਸਾਡੇ ਵਿਚ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਹਨ। ਇਹ ਕਹਾਣੀ ਵੀ ਮੇਰੇ ਬਹੁਤ ਨੇੜੇ ਹੈ।

**ਸੁਆਲ: ਇਹ ਆਦਮੀ ਕੌਣ ਸੀ? ਉਹ ਕਿਸ ਵਰਗਾ ਸੀ?**

**ਜੁਆਬ:** ਉਹ ਇਕ ਨੌਜਵਾਨ ਦੇ ਤੌਰ ਤੇ ਬੌਂਦਲਿਆ, ਦਬਿਆ ਦਬਿਆ ਅਤੇ ਅੰਤਰਮੁਖੀ ਵਿਅਕਤੀ ਸੀ। ਉਹ ਆਪਣੀ ਮਾਤਾ, ਰਾਣੀ ਜਿੰਦਾਂ (ਸ਼ਬਾਨਾ ਆਜ਼ਮੀ) ਨੂੰ ਮਿਲਿਆ ਤਾਂ ਉਸ ਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੋਇਆ ਕਿ ਉਹ ਕੌਣ ਹੈ ਅਤੇ ਉਸ ਦੀ ਹੋਣੀ ਕੀ ਹੈ। ਜਦ ਉਸ ਨੇ ਆਪਣੇ ਪਿਤਾ ਜੀ (ਮਹਾਰਾਜਾ ਰਣਜੀਤ ਸਿੰਘ) ਬਾਰੇ, ਉਸ ਦੇ ਰਾਜ ਭਾਗ ਬਾਰੇ, ਜੋ ਉਸ ਨੇ ਗੁਆ ਲਿਆ, ਅਤੇ ਆਪਣੇ ਧਰਮ ਬਾਰੇ ਸੁਣਿਆ, ਤਾਂ ਉਹ ਬਾਹਰਮੁਖੀ ਅਤੇ ਬਹਾਦਰ ਬਣ ਗਿਆ। ਉਸ ਵਿਚ ਤਬਦੀਲੀ ਆ ਗਈ ਅਤੇ ਉਸ ਨੂੰ ਆਪਣੀ ਜਿੰਮੇਵਾਰੀ ਸਮਝ ਆ ਗਈ। ਇਹ ਇਕ ਉਦਾਸੀ ਵਾਲੀ ਕਥਾ ਹੈ ਪਰ ਦਲੀਪ ਸਿੰਘ ਅਸਲ ਵਿਚ ਸ਼ਾਂਤੀ ਨਾਲ ਇਕ ਆਜ਼ਾਦ ਵਿਅਕਤੀ ਅਤੇ ਇਕ ਸਿੱਖ ਵਜੋਂ ਮਰਦਾ ਹੈ, ਕਿਉਂਕਿ ਉਸ ਨੇ ਈਸਾਈ ਮੱਤ ਛੱਡ ਕੇ ਮੁੜ ਸਿੱਖ ਧਰਮ ਧਾਰਨ ਕਰ ਲਿਆ ਸੀ। ਪਰ ਬਰਤਾਨਵੀ ਸਾਮਰਾਜ ਹੋਣ ਕਾਰਨ, ਉਨ੍ਹਾਂ ਨੇ ਉਸ ਦਾ ਸਿੱਖ ਰੀਤਾਂ ਅਨੁਸਾਰ ਅੰਤਮ ਸੰਸਕਾਰ ਨਹੀਂ ਕੀਤਾ। ਉਨ੍ਹਾਂ ਨੂੰ ਇੰਗਲੈਂਡ ਵਿਚ ਐਲਵੇਡਨ ਅਸਟੇਟ ਵਿਚ ਇਕ ਈਸਾਈ ਦੇ ਤੌਰ ਤੇ ਦਫ਼ਨਾਇਆ ਗਿਆ।

**ਸੁਆਲ: ਇਹ ਰੋਲ ਕਰਨ ਵੇਲੇ ਕਿਹੜੀਆਂ ਵੱਡੀਆਂ ਚੁਣੌਤੀਆਂ ਸਨ?**

**ਜੁਆਬ:** ਮੇਰੇ ਲਈ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਮੈਂ ਫਿਲਮ ਇੰਡਸਟਰੀ ਵਿਚ ਨਵਾਂ ਸੀ। ਕਈ ਵਾਰ ਅਸੀਂ ਤਰਤੀਬ ਤੋਂ ਬਾਹਰ ਜਾ ਕੇ ਸ਼ੂਟਿੰਗ ਕਰਦੇ ਸੀ। ਇਕ ਤਜਰਬੇਕਾਰ ਐਕਟਰ ਲਈ ਇਹ ਗੱਲਾਂ ਸਾਧਾਰਨ ਹੋ ਸਕਦੀਆਂ ਹਨ ਪਰ ਮੇਰੇ ਵਰਗੇ ਨਵੇਂ ਕਲਾਕਾਰ ਲਈ ਬਿਲਕੁਲ ਔਖਾ ਕਾਰਜ ਸੀ। ਉਸ ਦੀ ਵੱਖ ਵੱਖ ਉਮਰ ਮੁਤਾਬਿਕ ਫਿੱਟ ਹੋਣਾ ਪੈਂਦਾ ਸੀ। ਕਈ ਵਾਰ ਉਹ ਸਵੇਰ ਵੇਲੇ 53 ਸਾਲ ਦਾ ਹੁੰਦਾ ਸੀ ਤੇ ਸ਼ਾਮ ਵੇਲੇ 33 ਸਾਲ ਦਾ। ਮੈਨੂੰ ਇਸ ਹਿਸਾਬ ਨਾਲ ਆਪਣਾ ਸਰੀਰਕ ਅਭਿਨੈ ਅਤੇ ਅੱਖਾਂ ਵਿਚ ਤਬਦੀਲੀ ਲਿਆਉਣੀ ਪੈਂਦੀ ਸੀ। ਇਹ ਮੇਰੇ ਲਈ ਔਖਾ ਕਾਰਜ ਇਸ ਲਈ ਵੀ ਸੀ ਕਿ ਮੈਂ ਉਸ ਦੀ 15 ਸਾਲ ਦੀ ਉਮਰ ਤੋਂ ਲੈ ਕੇ ਮੌਤ ਤੱਕ ਭੂਮਿਕਾ ਨਿਭਾਈ।

**ਸੁਆਲ: ਮੈਨੂੰ ਪਤਾ ਲੱਗਾ ਹੈ ਕਿ ਤੁਹਾਨੂੰ ਤੁਹਾਡੇ ਨਿਰਦੇਸ਼ਕ ਦੀ ਪੂਰੀ ਹਮਾਇਤ ਸੀ। ਕੀ ਤੁਸੀਂ ਕਵੀ ਰਾਜ ਨਾਲ ਆਪਣੇ ਅਨੁਭਵ ਸਾਂਝੇ ਕਰ ਸਕਦੇ ਹੋ?**

**ਜੁਆਬ:** ਇਹ ਬਹੁਤ ਹੀ ਮਹਾਨ ਤਜਰਬਾ ਸੀ ਕਿਉਂਕਿ ਕਵੀ ਰਾਜ ਇਕ ਤਜਰਬੇਕਾਰ ਅਭਿਨੇਤਾ ਹਨ ਅਤੇ ਉਨ੍ਹਾਂ ਨੇ ਹਾਲੀਵੁੱਡ ਵਿਚ 35 ਸਾਲ ਬਿਤਾਏ ਹਨ। ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿਖਿਆ ਹੈ ਅਤੇ ਉਹ ਜਾਣਦੇ ਹਨ ਕਿ ਪਾਤਰ ਉਸਾਰੀ ਲਈ ਮੇਰੀ ਮਦਦ ਕਿਵੇਂ ਕਰਨੀ ਹੈ। ਮੈਂ ਉਨ੍ਹਾਂ ਕੋਲੋਂ ਮੂਡ, ਸਮਾਂ ਅਤੇ ਹੋਰ ਬਹੁਤ ਕੁਝ ਪੁੱਛ ਸਕਦਾ ਸੀ। ਮੈਂ ਉਨ੍ਹਾਂ ਨੂੰ 100 ਫ਼ੀਸਦੀ ਸੁਣਦਾ ਸੀ। ਅਸੀਂ ਇਕ ਦੋ ਵਾਰ ਬਹਿਸ ਵੀ ਕਰ ਲੈਂਦੇ ਸੀ (ਹਸਦਾ)। ਮੈਂ ਉਨ੍ਹਾਂ ਨਾਲੋਂ ਜ਼ਿਆਦਾ ਉੱਚੀ ਬੋਲਦਾ ਸੀ ਕਿਉਂਕਿ ਮੇਰੀ ਪਰਵਰਿਸ਼ ਭਾਰਤ ਵਿਚ ਹੋਈ ਹੈ ਅਤੇ ਬਾਲੀਵੁੱਡ ਦੀ ਸੁਰ ਹਾਲੀਵੁੱਡ ਨਾਲੋਂ ਕੁਝ ਉੱਚੀ ਹੈ। ਪਰ ਉਹ ਮੇਰੇ ਨਾਲੋਂ ਜ਼ਿਆਦਾ ਜਾਣਦੇ ਹਨ, ਉਹ ਮੈਨੂੰ ਬਹੁਤ ਹੀ ਵਿਸਥਾਰ ਨਾਲ ਦਸਦੇ ਸਨ ਅਤੇ ਉਹ ਪੰਜਾਬੀ ਬੋਲ ਸਕਦੇ ਸਨ। ਉਹ ਮੈਨੂੰ ਸਿਰਫ਼ ਏਨਾ ਦਸਦੇ ਸਨ ਕਿ ਕਲਪਨਾ ਕਰੋ ਕਿ ਤੁਸੀਂ, ਮਹਾਰਾਜਾ ਦਲੀਪ ਸਿੰਘ ਹੋ। ਜੇ ਤੁਸੀਂ ਉੱਥੇ ਹੁੰਦੇ ਤਾਂ ਕੀ ਕਰਦੇ, ਤੁਸੀਂ ਕੀ ਮਹਿਸੂਸ ਕਰਦੇ? ਇਸ ਲਈ ਇਸ ਕਿਸਮ ਦੀ ਨਿਰਦੇਸ਼ਨਾ ਨੇ ਮੇਰੀ ਮਦਦ ਕੀਤੀ। ਅਤੇ ਮੈਂ ਇਹ ਕੋਸ਼ਿਸ਼ ਕੀਤੀ



PANNU'S
LEGAL SERVICES
G.S. Pannu
(Immigration Consultant, LDA)
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
(Owner)
VISA IN ONE DAY
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)




Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345




GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar

SAVE $2500
ON DIESEL PER TRUCK WITH
ONE CALL!



10¢




DISCOUNT PER GALLON

✓ No more Pre-Paid Cards ✓ Get Rid of Bank Wires ✓ Low Transaction Fee







TRANS-ALLIANCE
TOGETHER WE SAVE

(855) 641-6955 • (888) 795-7035
sales@trans-alliance.com • www.trans-alliance.com

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

# ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਰੋਡ ਯੂਬਾ ਸਿਟੀ

**1984 Tiera Buena Rd Yuba City, CA 95993**

## ਯੂਬਾ ਸਿਟੀ ਸੰਗਤ ਦੇ ਸਹਿਯੋਗ ਨਾਲ ਨਵੀਂ ਕਮੇਟੀ ਬਣਨ ਤੋਂ ਬਾਅਦ ਦੀਆਂ ਪ੍ਰਾਪਤੀਆਂ



ਸਾਧ ਸੰਗਤ ਜੀ 09-9-2016 ਵਿੱਚ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਰੋਡ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੇ ਚਾਰਜ ਸੰਭਾਲਿਆ ਜਿਸ ਵਿੱਚ ਪ੍ਰਧਾਨ ਸ: ਜਸਵੰਤ ਸਿੰਘ ਬੈਂਸ, ਸੈਕਟਰੀ ਸ: ਸਰਬਜੀਤ ਸਿੰਘ ਥਿਆੜਾ, ਖਜਾਨਚੀ ਸ: ਪਰਮਿੰਦਰ ਸਿੰਘ ਗਰੇਵਾਲ ਕਾਰਜਕਾਰੀ ਮੈਂਬਰ ਚੁਣੇ ਗਏ ਨਗਰ ਕੀਰਤਨ ਦਾ ਸਮਾਂ ਨਜਦੀਕ ਆ ਰਿਹਾ ਸੀ ਸਭ ਤੋਂ ਪਹਿਲਾਂ ਸ: ਸੁਰਜੀਤ ਸਿੰਘ ਬੈਂਸ ਵੱਲੋਂ ਜੰਗੀ ਪਧੱਰ ਤੇ ਗੁਰੂਘਰ ਦੇ ਚਾਰੇ ਪਾਸਿਉ ਸਖਤ ਮਿਹਨਤ ਕਰਕੇ ਹੋਰ ਸੁੰਦਰ ਬਣਾਇਆ ਗਿਆ।

* ਗੁਰੂ ਘਰ ਲਈ 400 ਕਾਰਾਂ ਦੀ ਪਾਰਕਿੰਗ ਨਵੀਂ ਬਣਵਾਈ ਜਿਸ ਦਾ ਸਾਰੀ ਸੇਵਾ ਸ: ਸਰਬਜੀਤ ਸਿੰਘ ਥਿਆੜਾ ਨੇ ਲਈ।

* ਐਤਕਾਂ ਨਗਰ ਕੀਰਤਨ ਦੌਰਾਨ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਹੋਈ ਜਿਸ ਵਿੱਚ ਨਵੀਂ ਕਮੇਟੀ ਦੇ ਪ੍ਰਬੰਧ ਹੇਠ ਪਹਿਲੀ ਵਾਰ ਲੜੀ ਵਿੱਚ 167 ਅਖੰਡ ਪਾਠ ਸਾਹਿਬ ਦੀ ਸੇਵਾ ਪਰਿਵਾਰਾਂ ਵੱਲੋਂ ਹੋਈ ਲੜੀ ਦੌਰਾਨ ਪੰਥ ਦੇ ਮਹਾਨ ਕੀਰਤਨੀ ਜਥੇ ਪ੍ਰਚਾਰਕ ਅਤੇ ਢਾਡੀ ਜਥੇ ਬੁਲਾਏ ਗਏ। ਨਗਰ ਕੀਰਤਨ ਵਾਲੇ ਦਿਨ ਹਰ ਸਾਲ ਦੀ ਤਰ੍ਹਾਂ ਕੋਈ ਵੀ ਵਾਧੂ ਸਿਆਸੀ ਸਪੀਚ ਨਹੀ ਹੋਈ ਸਵੇਰੇ 9:30 ਵਜੇ ਨਗਰ ਕੀਰਤਨ ਦੀ ਅਰੰਭਤਾ ਹੋਈ ਅਤੇ ਸਮੇਂ ਸਿਰ ਵਾਪਿਸ ਗੁਰੂਘਰ ਪਹੁੰਚਣ ਤੇ ਪਹਿਲੀ ਵਾਰ ਕੈਲੇਫੋਰਨੀਆ ਹਾਈਵੇ ਪੈਟਰੋਲ ਨੇ 8000 ਡਾਲਰ ਗੁਰੂਘਰ ਨੂੰ ਵਾਪਿਸ ਕੀਤਾ।

*ਨਵੰਬਰ 9-2016 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਖੰਡ ਪਾਠ ਸਾਹਿਬ ਦੀ ਲੜੀ ਆਪ ਸਾਧ ਸੰਗਤ ਦੇ ਸਹਿਯੋਗ ਨਾਲ ਅਰੰਭ ਕੀਤੀ ਗਈ 26 ਦਸੰਬਰ ਤੋਂ 31 ਦਸੰਬਰ ਤੱਕ ਭਾਈ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ ਪਹਿਲੀ ਵਾਰ ਗੁਰਦੁਆਰਾ ਸਾਹਿਬ ਆਏ ਅਤੇ ਸੰਗਤਾਂ ਨੂੰ ਕੀਰਤਨ ਅਤੇ ਇਤਿਹਾਸ ਸਰਵਣ ਕਰਵਾਇਆ।

*ਸਾਧ ਸੰਗਤ ਜੀ ਅੱਠਾਂ ਮਹੀਨਿਆਂ ਵਿੱਚ ਇਹ ਸਾਰੇ ਤਕਰੀਬਨ 124 ਪ੍ਰੋਗਰਾਮ, ਗੁਰਦੁਆਰਾ ਸਾਹਿਬ ਦੇ ਹੋਰ ਕਈ ਕਾਰਜ ਗੁਰੂ ਸਾਹਿਬ ਜੀ ਦੀ ਕ੍ਰਿਪਾ ਸਦਕਾ ਅਤੇ ਆਪ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਅਤੇ ਪਿਆਰ ਨਾਲ ਹੀ ਹੋਏ ਹਨ।

*ਵਿਸਾਖੀ ਦੇ ਦਿਹਾੜੇ ਤੇ ਅਖੰਡ ਪਾਠ ਸਾਹਿਬ ਦੀ ਸੇਵਾ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਸ.ਸਰਬਜੀਤ ਸਿੰਘ ਥਿਆੜਾ ਪਰਿਵਾਰ ਵੱਲੋਂ ਹੋਈ। ਥਿਆੜਾ ਪਰਿਵਾਰ ਵੱਲੋਂ ਇਸ ਮੌਕੇ ਤੇ ਗੁਰੂਘਰ ਲਈ ਇਲੈਕਟ੍ਰਿਕ ਜਨਰੇਟਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਘਰਾਂ ਵਿੱਚ ਲੈ ਕੇ ਜਾਣ ਲਈ ਨਵੀਂ ਕਾਰ ਭੇਟਾ ਕੀਤੀ।

*ਸਮੂਹ ਸੰਗਤ ਦੇ ਸਹਿਯੋਗ ਨਾਲ ਕੁਝ ਮਹੀਨਿਆਂ ਵਿੱਚ 124 ਪ੍ਰੋਗਰਾਮ ਗੁਰਦੁਆਰਾ ਸਾਹਿਬ ਅਤੇ ਘਰਾਂ ਵਿੱਚ ਹੋਏ। ਪਹਿਲੀ ਕਮੇਟੀ ਵਲੋਂ ਗੁਰੂਘਰ ਦਾ ਅਕਾਂਊਟ, ਜੋ ਨੈਗੇਟਿਵ ਛੱਡਿਆ ਸੀ, ਉਹ ਹੁਣ ਪਾਜੇਟਿਵ ਹੈ। ਇਹ ਸਾਰਾ ਆਪ ਸੰਗਤ ਦਾ ਸਹਿਯੋਗ ਅਤੇ ਪਿਆਰ ਸਦਕਾ ਹੀ ਸੰਭਵ ਹੋਇਆ ਹੈ ।

*ਸਾਧ ਸੰਗਤ ਨਾਲ ਕੀਤੇ ਵਾਅਦੇ ਮੁਤਾਬਿਕ ਗੁਰੂਘਰ ਦੇ ਪੀਣ ਵਾਲੇ ਪਾਣੀ ਨੂੰ ਸਿਟੀ ਦੇ ਸਾਫ ਪਾਣੀ ਨਾਲ ਜੋੜਨ ਲਈ ਸਾਰੀ ਕਾਗ਼ਜੀ ਕਾਰਵਾਈ ਮੁਕੰਮਲ ਹੋ ਚੁੱਕੀ ਹੈ ਕਿਉਂਕਿ ਸ਼ਟਰ ਕਾਊਟੀ ਦੇ ਅਫਸਰਾਂ ਦਾ ਕਹਿਣਾ ਸੀ ਕਿ ਗੁਰਦੁਆਰੇ ਦੇ ਖੂਹ ਦੇ ਪਾਣੀ ਵਿੱਚ ਨਾਈਟ੍ਰੇਟ ਦੀ ਮਾਤਰਾ ਜਿਆਦਾ ਹੈ ਜੋ ਸੰਗਤਾਂ ਦੀ ਸਿਹਤ ਲਈ ਠੀਕ ਨਹੀ ਹੈ, ਇਸ ਲਈ ਇਹ ਕੰਮ ਜਲਦੀ ਤੋਂ ਜਲਦੀ ਅਤੇ ਪਹਿਲ ਦੇ ਅਧਾਰ ਤੇ ਕੀਤਾ ਗਿਆ ਹੈ। ਜਲਦੀ ਹੀ ਇਹ ਕੰਮ ਵੀ ਸ਼ੁਰੂ ਹੋ ਜਾਵੇਗਾ।

* ਸਾਧ ਸੰਗਤ ਜੀ ਆਪ ਸੰਗਤਾਂ ਵਾਸਤੇ ਗੁਰੂਘਰ ਦੀ ਨਵੀਂ ਬਿਲਡਿੰਗ ਅਤੇ ਨਵੇਂ ਲੰਗਰ ਹਾਲ ਦੀ ਉਸਾਰੀ, ਗੁਰਦੁਆਰਾ ਸਾਹਿਬ ਦੇ ਸੀਵਰ ਸਿਸਟਮ ਨੂੰ ਲੀਚ ਲਾਇਨ ਪਾ ਕੇ ਸਿਟੀ ਨਾਲ ਵੀ ਜੋੜਨ ਦੀ ਯੋਜਨਾ ਬਣਾਈ ਗਈ ਹੈ, ਪਰ ਨਾਲ ਹੀ ਇਹ ਆਸ ਕਰਦੇ ਹਾਂ ਕਿ ਸਾਡੇ ਨਵੇਂ ਪ੍ਰਬੰਧਕ ਵੀਰ ਇਹ ਸਾਰੇ ਕਾਰਜ ਨੂੰ ਜਰੂਰ ਪੂਰਾ ਕਰਨਗੇ।

**ਅੰਤ ਇੰਨੇ ਕੁ ਸਮੇਂ ਦੌਰਾਨ ਜੇ ਪ੍ਰਬੰਧ ਵਿੱਚ ਕੋਈ ਵੀ ਗਲਤੀ ਹੋ ਗਈ ਹੋਵੇ ਜਾਂ ਸਾਧ ਸੰਗਤ ਨੂੰ ਕਿਸੇ ਤਰ੍ਹਾਂ ਦੀ ਮਨ ਨੂੰ ਠੇਸ ਲੱਗੀ ਹੋਵੇ ਤਾਂ ਖਿਮਾਂ ਦੇ ਜਾਚਿਕ ਹਾਂ, ਸਮੂਹ ਸਾਧ ਸੰਗਤ ਮਾਫ ਕਰਨ ਜੀ 9 ਗੁਰੂ ਸਾਹਿਬ ਜੀ ਆਪ ਸਭ ਨੂੰ ਚੜ੍ਹਦੀ ਕਲਾ ਵਿੱਚ ਰੱਖਣ।**

## ਦਿੱਤੇ ਸਹਿਯੋਗ ਲਈ ਧੰਨਵਾਦ ਕਰਤਾ:

ਜਸਵੰਤ ਸਿੰਘ ਬੈਂਸ, ਦਿਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਦਿਲਬਾਗ ਸਿੰਘ ਬੈਂਸ, ਕਰਮਦੀਪ ਸਿੰਘ ਬੈਂਸ, ਸਰਬਜੀਤ ਸਿੰਘ ਸ੍ਹਾਬੀ, ਜੋਗਾ ਸਿੰਘ ਥਿਆੜਾ, ਜਸਪ੍ਰੀਤ ਥਿਆੜਾ, ਪਾਲ ਗਿੱਲ, ਪਾਲਾ ਗਿੱਲ, ਗੁਰਚਰਨ ਰੰਧਾਵਾ, ਤਾਰਾ ਭੰਗਲ, ਅਜੈਬ ਸਿੰਘ ਮੱਲ੍ਹੀ, ਹਰਜੀਤ ਗਿੱਲ, ਧਰਮਿੰਦਰ ਬਸਰਾ, ਮਹਾਂ ਸਿੰਘ ਢਿਲੋਂ, ਰਵਿੰਦਰ ਸਹੋਤਾ, ਗੁਰਮੀਤ ਤੱਖਰ, ਬਲਬੀਰ ਬੈਂਸ, ਸੁਰਜੀਤ ਬੈਂਸ, ਰਜਿੰਦਰ ਚੌਹਾਨ, ਨਛੱਤਰ ਚੌਹਾਨ, ਸੰਦੀਪ ਡੇਲ, ਕੁਲਦੀਪ ਅਟਵਾਲ, ਹਰਦੀਪ ਢਾਡਲੀ, ਕੇਵਲ ਸਿੰਘ ਨਾਗਰਾ, ਹਰਭਜਨ ਸਿੰਘ ਸੰਧੂ, ਲਖਵੀਰ ਨਾਗਰਾ, ਜਗਦੀਸ਼ ਭੱਟੀ, ਗੁਰਕੰਵਲਜੀਤ ਕਾਲਕਟ, ਸੁਖਜੀਵਨ ਬਹਾਲਾ, ਨਰਿੰਦਰ ਸਿੰਘ ਅਟਵਾਲ, ਹਰਨੇਕ ਸਿੰਘ, ਰੇਸ਼ਮ ਪੁਰੇਵਾਲ, ਸੁਰਜੀਤ ਸਿੰਘ ਗਿਆਨੀ, ਸੁਖਵਿੰਦਰ ਸਿੰਘ ਤੰਬੜ ਤੇ ਯੂਬਾ ਸਿਟੀ ਸਿੱਖ ਸੰਗਤ।

# ਰਾਸ਼ਟਰਪਤੀ ਦੀ ਚੋਣ ਲਈ ਕੋਵਿੰਦ ਹੋਣਗੇ ਐਨਡੀਏ ਦੇ ਉਮੀਦਵਾਰ

## ਭਾਜਪਾ ਨੇ ਦਲਿਤ ਆਗੂ ਨੂੰ ਉਮੀਦਵਾਰ ਬਣਾ ਕੇ ਚੱਲੀ ਚਾਲ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਜਪਾ ਨੇ ਸਾਰਿਆਂ ਨੂੰ ਹੈਰਾਨ ਕਰਦਿਆਂ ਉਤਰ ਪ੍ਰਦੇਸ਼ ਦੇ ਦਲਿਤ ਆਗੂ ਰਾਮ ਨਾਥ ਕੋਵਿੰਦ ਨੂੰ ਰਾਸ਼ਟਰਪਤੀ ਚੋਣ ਲਈ ਐਨਡੀਏ ਦਾ ਉਮੀਦਵਾਰ ਐਲਾਨ ਦਿੱਤਾ, ਜੋ ਇਸ ਵਕਤ ਬਿਹਾਰ ਦੇ ਰਾਜਪਾਲ ਹਨ। ਪਾਰਟੀ ਦੇ ਸੰਸਦੀ ਬੋਰਡ ਦੀ ਅਚਾਨਕ ਸੱਦੀ ਮੀਟਿੰਗ ਤੋਂ ਬਾਅਦ ਪ੍ਰਧਾਨ ਅਮਿਤ ਸ਼ਾਹ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, "ਰਾਮ ਨਾਥ ਕੋਵਿੰਦ ਨੇ ਹਮੇਸ਼ਾ ਦਲਿਤਾਂ ਤੇ ਦੂਜੇ ਪਛੜੇ ਵਰਗਾਂ ਦੀ ਭਲਾਈ ਲਈ ਕੰਮ ਕੀਤਾ ਹੈ।" ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਸ੍ਰੀ ਕੋਵਿੰਦ ਨੂੰ ਸਾਰੀਆਂ ਵਿਰੋਧੀ ਪਾਰਟੀਆਂ ਦੀ ਹਮਾਇਤ ਵੀ ਹਾਸਲ ਹੋਵੇਗੀ। ਉਂਜ ਕਾਂਗਰਸ ਨੇ ਸਰਬਸੰਮਤੀ ਦੀਆਂ ਕੋਸ਼ਿਸ਼ਾਂ ਉਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਭਾਜਪਾ 'ਤੇ ਇਕਪਾਸੜ ਕਾਰਵਾਈ' ਦਾ ਦੋਸ਼ ਲਾਇਆ ਹੈ ਤੇ ਵਿਰੋਧੀ ਧਿਰ ਵਲੋਂ ਉਮੀਦਵਾਰ ਉਤਾਰੇ ਜਾਣ ਦਾ ਸੰਕੇਤ ਦਿੱਤਾ ਹੈ।



ਭਾਜਪਾ ਦੀ ਇਸ ਤੁਰਪ ਚਾਲ ਤੋਂ ਬਾਅਦ ਲੜੀਵਾਰ ਟਵੀਟਾਂ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਮੈਨੂੰ ਯਕੀਨ ਹੈ ਕਿ ਸ੍ਰੀ ਕੋਵਿੰਦ ਇਕ ਲਾਸਾਨੀ ਰਾਸ਼ਟਰਪਤੀ ਸਾਬਤ ਹੋਣਗੇ ਤੇ ਉਹ ਗ਼ਰੀਬਾਂ, ਦਲਿਤਾਂ ਤੇ ਪਛੜਿਆਂ ਦੀ ਮਜ਼ਬੂਤ ਆਵਾਜ਼ ਬਣੇ ਰਹਿਣਗੇ।" ਉਨ੍ਹਾਂ ਨਾਲ ਹੀ ਕਿਹਾ, "ਸ੍ਰੀ ਕੋਵਿੰਦ ਇਕ ਕਿਸਾਨ ਦੇ ਪੁੱਤਰ ਤੇ ਨਿਮਾਣੇ ਪਿਛੋਕੜ ਨਾਲ ਸਬੰਧਤ ਹਨ।" ਸ੍ਰੀ ਕੋਵਿੰਦ (71) ਵਲੋਂ 23 ਜੂਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ ਰਵਾਨਾ ਹੋਣ ਤੋਂ ਪਹਿਲਾਂ ਨਾਮਜ਼ਦਗੀ ਭਰੇ ਜਾਣ ਦੇ ਆਸਾਰ ਹਨ। ਸ੍ਰੀ ਸ਼ਾਹ ਨੇ ਕਿਹਾ ਕਿ ਐਨਡੀਏ ਵਲੋਂ ਰਾਸ਼ਟਰਪਤੀ ਉਮੀਦਵਾਰ ਵਜੋਂ ਅਨੇਕਾਂ ਨਾਵਾਂ ਨੂੰ ਵਿਚਾਰਿਆ ਗਿਆ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਹੋਰਨਾਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਦੌਰਾਨ ਟੀਆਰਐਸ, ਵਾਈਐਸਆਰ ਕਾਂਗਰਸ, ਅੰਨਾ ਡੀਐਮਕੇ ਦੇ ਦੋਵੇਂ ਧੜਿਆਂ ਨੇ ਸ੍ਰੀ ਕੋਵਿੰਦ ਨੂੰ ਹਮਾਇਤ ਦਾ ਐਲਾਨ ਕਰ ਦਿੱਤਾ ਹੈ। ਐਨਡੀਏ ਦੇ ਕਈ ਭਾਈਵਾਲ ਜਿਵੇਂ ਐਲਜੇਪੀ, ਆਰਐਲਐਸਪੀ, ਟੀਡੀਪੀ, ਆਰਪੀਆਈ ਤੇ ਅਕਾਲੀ ਦਲ ਪਹਿਲਾਂ ਹੀ ਹਮਾਇਤ ਐਲਾਨ ਚੁੱਕੇ ਹਨ। ਐਨਡੀਏ ਵਲੋਂ ਤਿਆਰ ਨਾਮਜ਼ਦਗੀ ਦੇ ਚਾਰ ਸੈੱਟਾਂ ਵਿਚੋਂ ਦੋ ਦੀ ਅਗਵਾਈ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਤੇ ਟੀਡੀਪੀ ਦੇ ਐਨ. ਚੰਦਰਬਾਬੂ ਨਾਇਡੂ ਨੇ ਹੀ ਕੀਤੀ ਹੈ। ਸ੍ਰੀ ਕੋਵਿੰਦ ਦੀ ਚੋਣ ਲਗਭਗ ਤੈਅ ਮੰਨੀ ਜਾ ਰਹੀ ਹੈ ਤੇ ਉਹ ਦੇਸ਼ ਦੇ 14ਵੇਂ ਤੇ ਸ੍ਰੀ ਕੇ.ਆਰ. ਨਰਾਇਣਨ ਤੋਂ ਬਾਅਦ ਦੂਜੇ ਦਲਿਤ ਰਾਸ਼ਟਰਪਤੀ ਹੋ ਸਕਦੇ ਹਨ।

ਉਧਰ ਕਾਂਗਰਸ ਨੇ ਕਿਹਾ ਕਿ ਉਸ ਵਲੋਂ 22 ਜੂਨ ਨੂੰ ਵਿਰੋਧੀ ਪਾਰਟੀਆਂ ਦੀ ਮੀਟਿੰਗ ਦੌਰਾਨ ਰਾਸ਼ਟਰਪਤੀ ਚੋਣ ਲੜਨ ਬਾਰੇ ਫ਼ੈਸਲਾ ਕੀਤਾ ਜਾਵੇਗਾ। ਭਾਜਪਾ ਉਤੇ ਇਕਪਾਸੜ ਫ਼ੈਸਲਾ' ਲੈਣ ਦਾ ਦੋਸ਼ ਲਾਉਂਦਿਆਂ ਪਾਰਟੀ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਯੂਪੀ ਦੇ ਸਹਾਰਨਪੁਰ ਵਿਚ ਪਿਛਲੇ ਦਿਨੀਂ ਦਲਿਤਾਂ ਉਤੇ ਹੋਏ ਜ਼ੁਲਮਾਂ ਤੋਂ ਜ਼ਾਹਰ ਹੈ ਕਿ ਭਾਜਪਾ ਨੂੰ ਦਲਿਤਾਂ ਦੀ ਕੋਈ ਫ਼ਿਕਰ ਨਹੀਂ' ਹੈ।

ਬਹੁਜਨ ਸਮਾਜ ਪਾਰਟੀ ਪ੍ਰਧਾਨ ਬੀਬੀ ਮਾਇਆਵਤੀ ਨੇ ਕਿਹਾ ਕਿ ਇਕ ਦਲਿਤ ਉਮੀਦਵਾਰ ਖ਼ਿਲਾਫ਼ ਉਨ੍ਹਾਂ ਦੀ ਪਾਰਟੀ ਨਾਂਹਪੱਖੀ ਸਟੈਂਡ ਨਹੀਂ ਲੈ ਸਕਦੀ। ਉਨ੍ਹਾਂ ਕਿਹਾ, "ਸਾਡਾ ਸਟੈਂਡ (ਸ੍ਰੀ ਕੋਵਿੰਦ ਲਈ) ਹਾਂਪੱਖੀ ਹੋਵੇਗਾ, ਬਸ਼ਰਤੇ ਵਿਰੋਧੀ ਧਿਰ ਵਲੋਂ ਕੋਈ ਦਲਿਤ ਆਗੂ ਮੈਦਾਨ ਵਿਚ ਨਹੀਂ ਉਤਾਰਿਆ ਜਾਂਦਾ।" ਉਨ੍ਹਾਂ ਕਿਹਾ ਕਿ ਜੇ ਵਿਰੋਧੀ ਧਿਰ ਕੋਈ ਵੱਧ ਮਕਬੂਲ ਦਲਿਤ ਆਗੂ ਲਿਆਉਂਦੀ ਹੈ ਤਾਂ ਪਾਰਟੀ ਵਿਚਾਰ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਅਹੁਦੇ ਲਈ ਇਕ ਗ਼ੈਰਸਿਆਸੀ ਦਲਿਤ ਉਮੀਦਵਾਰ ਦੀ ਉਮੀਦ ਕਰਦੇ ਸਨ।

**ਵਿਰੋਧੀ ਪਾਰਟੀਆਂ ਦੀ ਮੀਟਿੰਗ 22 ਨੂੰ:**

ਨਵੀਂ ਦਿੱਲੀ: ਵਿਰੋਧੀ ਪਾਰਟੀਆਂ ਵਲੋਂ ਰਾਸ਼ਟਰਪਤੀ ਦੀ ਚੋਣ ਲਈ ਸਰਬਸੰਮਤੀ ਨਾਲ ਉਮੀਦਵਾਰ ਉਤਾਰਨ ਸਬੰਧੀ 22 ਜੂਨ ਨੂੰ ਇਥੇ ਮੀਟਿੰਗ ਕੀਤੀ ਜਾਵੇਗੀ। ਵਿਰੋਧੀ ਪਾਰਟੀਆਂ ਮਿਲ ਕੇ ਫ਼ੈਸਲਾ ਕਰਨਗੀਆਂ ਕਿ ਉਮੀਦਵਾਰ ਉਤਾਰਨਾ ਹੈ ਜਾਂ ਨਹੀਂ। ਸੀਪੀਆਈ ਦੇ ਕੌਮੀ ਸਕੱਤਰ ਡੀ. ਰਾਜਾ ਨੇ ਕਿਹਾ, "ਭਾਜਪਾ ਨੇ ਅਚਾਨਕ ਆਰਐਸਐਸ ਪਿਛੋਕੜ ਵਾਲੇ ਆਗੂ ਨੂੰ ਉਮੀਦਵਾਰ ਐਲਾਨ ਦਿੱਤਾ ਹੈ, ਜਿਸ ਦੇ ਅਸੀਂ ਖ਼ਿਲਾਫ਼ ਹਾਂ।"

# ਰਾਸ਼ਟਰਪਤੀ ਚੋਣ 'ਚ ਵਿਰੋਧੀ ਪਾਰਟੀਆਂ ਭਾਜਪਾ ਦੇ ਉਮੀਦਵਾਰ ਕੋਵਿੰਦ ਨੂੰ ਦੇਣਗੀਆਂ ਟੱਕਰ

**ਨਵੀਂ ਦਿੱਲੀ/ਬਿਊਰੋ ਨਿਊਜ਼:** ਐਨਡੀਏ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਰਾਮ ਨਾਥ ਕੋਵਿੰਦ ਖ਼ਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਸਹਿਮਤੀ ਵਾਲਾ ਆਪਣਾ ਉਮੀਦਵਾਰ ਖੜ੍ਹਾ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਖੱਬੇਪੱਖੀ ਪਾਰਟੀਆਂ ਵਿਚਲੇ ਸੂਤਰਾਂ ਤੋਂ ਮਿਲੀ ਹੈ। ਇਸ ਮੁੱਦੇ 'ਤੇ ਵਿਚਾਰ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਐਨਸੀਪੀ ਪ੍ਰਧਾਨ ਸ਼ਰਦ ਪਵਾਰ ਅਤੇ ਸੀਪੀਆਈ (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਸਮੇਤ ਗ਼ੈਰ-ਐਨਡੀਏ ਪਾਰਟੀਆਂ ਦੇ ਆਗੂਆਂ ਦੀ 22 ਜੂਨ ਨੂੰ ਮੀਟਿੰਗ ਹੋਣੀ ਹੈ।

ਸੂਤਰਾਂ ਮੁਤਾਬਕ ਵਿਰੋਧੀ ਪਾਰਟੀਆਂ ਵੱਲੋਂ ਸਿਖ਼ਰਲੇ ਸੰਵਿਧਾਨਕ ਅਹੁਦੇ ਲਈ ਸਾਬਕਾ ਲੋਕ ਸਭਾ ਸਪੀਕਰ ਮੀਰਾ ਕੁਮਾਰ, ਸਾਬਕਾ ਕੇਂਦਰੀ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ, ਸੀਪੀਆਈ ਦੇ ਕੌਮੀ ਸਕੱਤਰ ਡੀ ਰਾਜਾ, ਭਾਰਿਪ ਬਹੁਜਨ ਮਹਾਂਸੰਘ ਆਗੂ ਤੇ ਡਾ. ਬੀਆਰ ਅੰਬੇਦਕਰ ਦੇ ਪੋਤਰੇ ਪ੍ਰਕਾਸ਼ ਅਤੇ ਸੇਵਾਮੁਕਤ ਰਾਜਦੂਤ ਗੋਪਾਲ ਕ੍ਰਿਸ਼ਨ ਗਾਂਧੀ ਦੇ ਨਾਂ ਉਤੇ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਭਾਜਪਾ ਵੱਲੋਂ ਕੋਵਿੰਦ ਨੂੰ ਉਮੀਦਵਾਰ ਐਲਾਨੇ ਜਾਣ ਨਾਲ 17 ਵਿਰੋਧੀ ਪਾਰਟੀਆਂ ਦੇ ਏਕੇ ਨੂੰ ਸੱਟ ਨਹੀਂ' ਵੱਜੀ ਹੈ। ਸੂਤਰਾਂ ਮੁਤਾਬਕ, ਇਹ ਬੇਹੱਦ ਅਹਿਮ ਚੋਣ ਹੈ ਅਤੇ ਸਾਨੂੰ ਸੰਵਿਧਾਨ ਦੀ ਰੱਖਿਆ ਯਕੀਨੀ ਬਣਾਉਣੀ ਪਵੇਗੀ।' ਇਸ ਦੌਰਾਨ ਅੱਜ ਸ਼ਿਵ ਸੈਨਾ ਆਗੂ ਊਧਵ ਠਾਕਰੇ ਨੇ ਕਿਹਾ ਕਿ ਉਨ੍ਹਾਂ ਵੱਲੋਂ ਐਨਡੀਏ ਉਮੀਦਵਾਰ ਕੋਵਿੰਦ ਦਾ ਸਮਰਥਨ ਕੀਤਾ ਜਾਵੇਗਾ।

ਇਸ ਦੌਰਾਨ ਸੀਪੀਆਈ ਦੇ ਜਨਰਲ ਸਕੱਤਰ ਐਸ ਸੁਧਾਕਰ ਰੈਡੀ ਨੇ ਕਿਹਾ, ਹਾਂ, ਅਸੀਂ ਯਕੀਨੀ ਤੌਰ 'ਤੇ ਉਮੀਦਵਾਰ ਖੜ੍ਹਾ ਕਰਾਂਗੇ। ਅਸੀਂ ਸਹਿਮਤੀ ਬਣਾਉਣ ਦਾ ਯਤਨ ਕਰ ਰਹੇ ਹਾਂ ਕਿਉਂਕਿ ਕਈ ਪਾਰਟੀਆਂ ਵੱਲੋਂ ਵੱਖ ਵੱਖ ਨਾਂ ਸੁਝਾਏ ਜਾ ਸਕਦੇ ਹਨ। ਇਸ ਲਈ ਜ਼ਿਆਦਾਤਰ ਪਾਰਟੀਆਂ ਨੂੰ ਪ੍ਰਵਾਨਿਤ ਉਮੀਦਵਾਰ ਬਾਰੇ ਫ਼ੈਸਲਾ ਕੀਤਾ ਜਾਵੇਗਾ। ਐਨਡੀਏ ਸਰਕਾਰ ਬਣਨ ਬਾਅਦ ਦੇਸ਼ ਭਰ ਵਿੱਚ ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਕਈ ਹਮਲੇ ਹੋਏ ਹਨ ਅਤੇ ਸਾਨੂੰ ਲੱਗਦਾ ਹੈ ਕਿ ਦੇਸ਼ ਦੇ ਮੌਜੂਦਾ ਜ਼ਖ਼ਮਾਂ ਨੂੰ ਭਰਨ ਲਈ ਇਕ ਧਰਮ ਨਿਰਪੱਖ ਉਮੀਦਵਾਰ ਵਧੇਰੇ ਅਹਿਮ ਹੈ।'

# ਬਰਾਬਰੀ ਦੇ ਹੱਕਾਂ ਦੀ ਇਬਾਰਤ ਲਿਖ ਰਹੀ 'ਦਿਸ਼ਾ'

### *ਦੋ ਰੋਜ਼ਾ ਕੌਮਾਂਤਰੀ ਨਾਰੀ ਕਾਨਫਰੰਸ 'ਚ ਔਰਤਾਂ ਦੇ ਮਸਲਿਆਂ ਬਾਰੇ ਅਹਿਮ ਵਿਚਾਰਾਂ*




**ਦਿਸ਼ਾ' ਵੱਲੋਂ ਕਰਵਾਈ ਗਈ ਦੂਜੀ ਕੌਮਾਂਤਰੀ ਮਹਿਲਾ ਕਾਨਫਰੰਸ ਦੀ ਝਲਕ।**

**ਕਮਲ ਦੁਸਾਂਝ**
ਬਰੈਂਪਟਨ(ਕਨੇਡਾ)

"ਮੈਂ ਔਰਤ ਹਾਂ... ਮੈਂ ਮਾਂ ਹਾਂ... ਉਮੰਗਾਂ, ਹਾਸੇ ਠੱਠਿਆਂ ਦੀਆਂ ਸਤਰੰਗੀਆਂ ਪੀਂਘਾਂ ਮੇਰੇ ਤੋਂ ਹੀ ਰੰਗ ਉਧਾਰੇ ਲੈਂਦੀਆਂ ਹਨ... ਤਨ-ਮਨ 'ਤੇ ਹਰ ਪੀੜਾ ਜਰਨ ਦਾ ਹੀਆ ਹੈ ਮੇਰੇ ਕੋਲ... ਮੈਨੂੰ ਤੇਰੇ ਪਿੱਛੇ ਤੁਰਨਾ ਮਨਜ਼ੂਰ ਨਹੀਂ... ਤੇਰੇ ਤੋਂ ਅੱਗੇ ਲੰਘਣਾ ਵੀ ਨਹੀਂ ਚਾਹੁੰਦੀ... ਤੇਰੇ ਕਦਮ ਨਾਲ ਕਦਮ ਮਿਲਾ ਕੇ ਇਸ ਦੁਨੀਆਂ ਨੂੰ ਆਉਣ ਵਾਲੀਆਂ ਨਸਲਾਂ ਲਈ ਖ਼ੂਬਸੂਰਤ ਬਣਾਉਣਾ ਚਾਹੁੰਦੀ ਹਾਂ...।"



ਇਹੋ ਜਿਹਾ ਹੀ ਸੁਨੇਹਾ ਦਿੰਦੀ ਦੂਜੀ ਦੋ ਰੋਜ਼ਾ ਕੌਮਾਂਤਰੀ ਨਾਰੀ ਕਾਨਫਰੰਸ (2nd International women conference on soues Asian women: Socio cultural Expression) ਬਰੈਂਪਟਨ ਦੇ ਸੈਂਚਰੀ ਗਾਰਡਨ ਰੀਕਰੀਏਸ਼ਨ ਸੈਂਟਰ ਵਿਖੇ ਸੰਪੰਨ ਹੋਈ। ਬੇਲੋੜੇ ਸ਼ੋਰ ਤੇ ਨਿਤ ਨਵੀਂ ਉਮੀਦ ਨਾਲ ਤੇਜ਼ ਰਫ਼ਤਾਰੀ ਦੌੜ ਰਹੀਆਂ ਜ਼ਿੰਦਗੀਆਂ ਜਦੋਂ ਆਪਣੀ ਆਪਣੀ ਮੰਜ਼ਿਲ ਵੱਲ ਵਧ ਰਹੀਆਂ ਸਨ ਤਾਂ ਸੈਂਚਰੀ ਗਾਰਡਨ 'ਚ ਕੋਨੇ ਕੋਨੇ ਤੋਂ ਆਈਆਂ ਸ਼ਖ਼ਸੀਅਤਾਂ ਔਕੜਾਂ ਨਾਲ ਜੂਝ ਰਹੀਆਂ ਔਰਤਾਂ, ਬੱਚੀਆਂ ਦੇ ਮਸਲੇ ਵਿਚਾਰ ਰਹੀਆਂ ਸਨ। ਇਨ੍ਹਾਂ ਦੁਸ਼ਵਾਰੀਆਂ ਤੋਂ ਪਾਰ ਜਾਣ ਦੇ ਹੱਲ ਤਲਾਸ਼ ਰਹੀਆਂ ਸਨ। ਇਨ੍ਹਾਂ ਵਿਚਾਰਾਂ ਦਾ ਮਕਸਦ ਵੱਖਰਾ ਸਮਾਜ, ਵੱਖਰੀ ਹੋਂਦ, ਵੱਧ ਅਧਿਕਾਰ ਹਾਸਲ ਕਰਨਾ ਨਹੀਂ, ਸਗੋਂ ਆਪਣੇ ਹਿੱਸੇ ਦੀ ਜ਼ਮੀਨ, ਬਰਾਬਰੀ ਦੇ ਹੱਕਾਂ ਦੀ ਮੰਗ ਕਰਨਾ ਸੀ।

ਇਸ ਕਾਨਫਰੰਸ ਦੀ ਹਾਸਲੀਅਤ ਉਹ ਨੌਜਵਾਨ ਪੀੜ੍ਹੀ ਸੀ, ਜੋ ਨਾ ਸਿਰਫ਼ ਆਪਣੇ ਹੱਕਾਂ ਪ੍ਰਤੀ ਸੁਚੇਤ ਸੀ, ਬਲਕਿ ਇਰਾਨ, ਸੀਰੀਆ ਵਰਗੇ ਮੁਲਕਾਂ ਵਿਚ ਛਿੜੀਆਂ ਜੰਗਾ, ਕਤਲੋਗਾਰਤ ਤੋਂ ਵੀ ਫਿਕਰਮੰਦ ਸੀ। ਇਹ ਬੱਚੀਆਂ ਸਿਰਫ਼ ਆਪਣੇ ਅਧਿਕਾਰਾਂ ਦੀ ਹੀ ਲੜਾਈ ਹੀ ਨਹੀਂ ਲੜਨਾ ਚਾਹੁੰਦੀਆਂ ਸਗੋਂ ਇਸ ਸਮਾਜ ਨੂੰ ਬਿਹਤਰ ਬਣਾਉਣਾ ਚਾਹੁੰਦੀਆਂ ਹਨ। 'ਦਿਸ਼ਾ' ਨੇ ਇਨ੍ਹਾਂ ਬੱਚੀਆਂ ਨੂੰ ਪਲੇਟ ਫਾਰਮ ਦੇ ਕੇ ਉਨ੍ਹਾਂ ਅੰਦਰ ਹੋਰ ਬਹੁਤ ਕੁਝ ਕਰਨ ਦੀ ਚਿਨਗ ਪੈਂਦਾ ਕੀਤੀ ਹੈ।

ਇਸ ਕਾਨਫਰੰਸ ਦੌਰਾਨ ਇਹ ਗੱਲ ਉਭਰ ਕੇ ਆਈ ਕਿ ਔਰਤ, ਔਰਤ ਦੀ ਦੁਸ਼ਮਣ ਨਹੀਂ, ਸਗੋਂ ਅਖੌਤੀ ਮਰਦ ਪ੍ਰਧਾਨ ਪ੍ਰਬੰਧ ਹੈ, ਜਿਸ ਨੇ ਹੀ ਇਹ ਫੁਰਨਾ ਘੁਮਾਇਆ ਹੈ। ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝੇ ਰੱਖਣ ਦੀਆਂ ਚਾਲਾਂ ਅਖੌਤੀ ਧਾਰਮਿਕ ਗੁਰੂਆਂ, ਬਾਜ਼ਾਰ, ਆਰਥਿਕ ਵਿਵਸਥਾ ਨੇ ਮਿਲ ਕੇ ਗੁੰਦੀਆਂ ਹਨ।

'ਦਿਸ਼ਾ' ਸੰਸਥਾ ਦੀ ਚੇਅਰਪਰਸਨ ਡਾ. ਕੰਵਲਜੀਤ ਢਿੱਲੋਂ ਨੇ ਕੈਨੇਡਾ ਜਾ ਕੇ ਉਥੋਂ ਦੀਆਂ ਔਰਤਾਂ ਨੂੰ ਇਕੱਤਰ ਕਰਕੇ ਇਹ ਸੰਸਥਾ ਕਾਇਮ ਕੀਤੀ ਹੈ। ਇਸ ਟੀਮ ਵਿਚ ਸ਼ਾਮਲ ਮੈਂਬਰਾਂ ਸੁਰਜੀਤ ਕੌਰ, ਕਮਲਜੀਤ ਨੱਤ ਦੁਸਾਂਝ, ਪਰਮਜੀਤ ਦਿਓਲ, ਰਾਜ ਘੁੰਮਣ, ਗੁਰਮੀਤ ਪਨਾਗ ਨੇ ਔਰਤਾਂ ਦੀਆਂ ਸਮੱਸਿਆਵਾਂ ਦੀ ਅਵਾਜ਼ ਕੌਮਾਂਤਰੀ ਪੱਧਰ ਤੇ ਉਠਾ ਕੇ ਨਵੀਆਂ ਦਿਸ਼ਾਵਾਂ ਤੈਅ ਕਰਨ ਲਈ ਸਰਗਰਮੀ ਨਾਲ ਯਤਨਸ਼ੀਲ ਹਨ।

ਦੋ ਦਿਨਾਂ ਦੌਰਾਨ 5-5 ਸੈਸ਼ਨਾਂ ਵਿਚ ਵੱਖ ਵੱਖ ਵਿਸ਼ੇ ਵਿਚਾਰੇ ਗਏ। ਇਨ੍ਹਾਂ ਸਿਹਤਮੰਦ ਬਹਿਸਾਂ ਵਿਚ ਨੁਜ਼ਹਤ ਸਟੀਟ ਸਦਿਕੀ, ਡਾ. ਅਰੁਣ ਪ੍ਰਭਾ ਮੁਖਰਜੀ (ਯੌਰਕ ਯੂਨੀਵਰਸਿਟੀ), ਪ੍ਰੀਮੀਅਰ ਕੈਥਲੀਮ ਵਿਨੀ, ਸੋਨੀਆ ਸਿੱਧੂ (ਐਮ ਪੀ ਲਿਬਰਲ), ਖਾਦੀਜਾ ਹੇਯਾਤ (ਵਾਈਸ ਕੌਂਸਲ ਜਨਰਲ, ਪਾਕਿਸਤਾਨ, ਟੋਰਾਂਟੋ), ਸੈਫ਼ਉਲਾਖਾਨ (ਡਿਪਟੀ ਕੌਂਸਲ ਜਨਰਲ, ਭਾਰਤ ਟੋਰਾਂਟੋ), ਡਾ. ਜੀਨ ਅਗਸਟੀਨ (ਸਾਬਕਾ ਕੈਬਨਿਟ ਮਨਿਸਟਰ), ਫਰਹਾ ਮਲਿਕ (ਪਾਕਿਸਤਾਨ), ਪਾਰਵਾਰੀ ਕੰਥਾਸਾਮੀ (ਸ੍ਰੀਲੰਕਾ), ਮਿਨਾਰਾ ਬੇਗਮ (ਬੰਗਲਾਦੇਸ਼), ਰਸਮੀ ਥਾਪਾ ਮੋਗਰ (ਨੇਪਾਲ), ਕੁਲਵਿੰਦਰ ਖਹਿਰਾ ਅਤੇ ਦੇਵ ਦੂਹੜੇ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਨੌਜਵਾਨ ਬੱਚੀਆਂ ਨਿੱਕੀ ਸਿੰਘ, ਸਾਰਾਹ ਅਲੀ, ਜੂਹੀ ਖਤਰੀ, ਕਮਲ ਗਰੇਵਾਲ, ਪਰਮ ਸਰਾ, ਨਵਨੀਤ ਔਜਲਾ, ਸੁਮੀਤ ਸਹੋਤਾ, ਅਨੂਪ ਬਾਬਰਾ, ਮੈਡੀ ਵਾਲੀਆ, ਤਹਿਨੀਆਤ, ਅਕਾਂਕਸਾ, ਡਾ. ਨਿਮਰਤਪ੍ਰੀਤ ਬਲ, ਤਨਵੀਰ ਗਰੇਵਾਲ, ਗੁਰਜੋਤ ਕੌਰ ਨੇ ਆਪਣੇ ਵਿਚਾਰਾਂ ਰਾਹੀਂ ਸਾਰਿਆਂ ਨੂੰ ਹੈਰਾਨ ਕੀਤਾ। ਵੂਮੈਨ, ਲਿਟਰੇਚਰ ਐਂਡ ਸੁਸਾਇਟੀ ਵਿਸ਼ੇ 'ਤੇ ਡਾ. ਵਨੀਤਾ (ਦਿੱਲੀ), ਡਾ. ਮਨਜੀਤ ਸਿੰਘ, ਜਸਪਾਲ ਕੌਰ, ਡਾ. ਸ਼ੈਲਜਾ ਸਕਸੈਨਾ, ਇਕਵਿੰਦਰ ਕੌਰ ਤਨਵੀ, ਅਮੀਆ ਕੁੰਵਰ, ਪਰਮਜੀਤ ਸਿੱਧੂ, ਸਇਦਾ ਹਸਨ ਅਤੇ ਪ੍ਰੋ. ਜਗੀਰ ਕਾਹਲੋਂ ਨੇ ਵਿਚਾਰਾਂ ਦੀ ਸਾਂਝ ਪਾਈ।

ਦੂਜੇ ਦਿਨ ਡਾ. ਬਲਵਿੰਦਰ ਕੌਰ ਭੱਟੀ, ਕੁਲਜੀਤ ਮਾਨ, ਜਗਦੀਸ਼ ਕੌਰ, ਜਸਪ੍ਰੀਤ ਬਲ, ਸੁਖਪਾਲ, ਸੋਮੀਨਾ ਤਬੁਸਰਾ, ਪਿਆਰਾ ਸਿੰਘ ਕੁਦੋਵਾਲ ਨੇ 'ਸਟੀਰੀਓ ਟਾਈਪ ਆਫ਼ ਸਾਊਥ ਏਸ਼ੀਅਨ ਕਲਚਰ ਐਂਡ ਕੈਨੇਡੀਅਨ ਲਾਈਫ਼ ਵੇਅ ਬਾਰੇ ਵਿਚਾਰ ਸਾਂਝੇ ਕੀਤੇ। ਇਸ ਦਾ ਸੰਚਾਲਨ ਕਮਲ ਨੱਤ ਦੁਸਾਂਝ ਨੇ ਕੀਤਾ। ਗੈਸਟ ਆਫ਼ ਆਨਰ ਮਲਕੀਤ ਤੇ ਬਲਵਿੰਦਰ ਧਾਲੀਵਾਲ ਸਨ। ਸੈਸ਼ਨ ਦੀ ਪ੍ਰਧਾਨਗੀ ਸੀਨੀਅਰ ਪੱਤਰਕਾਰ ਸੁਰਜਨ ਜ਼ੀਰਵੀ ਨੇ ਕੀਤੀ।

ਦੂਸਰੇ ਸੈਸ਼ਨ ਵਿਚ ਡਾ. ਕਿਰਨ ਮਾਥੁਰ, ਅਰੁਣ ਪੈਪ, ਨੀਲੋਫਰ ਪੋਰਜੰਦ, ਪਰਮਿੰਦਰ ਸਵੈਚ, ਫਰਜ਼ਾਨਾ ਹਸਨ, ਡਾ. ਅਮਰਜੋਤੀ, ਜਸਨੀਤ ਨੱਤ ਨੇ ਆਪਣੇ ਪੇਪਰ ਪੜ੍ਹੇ। ਸਟੇਜ ਸੰਚਾਲਨ ਡਾ. ਵਨੀਤਾ ਨੇ ਕੀਤਾ। ਗੈਸਟ ਆਫ਼ ਆਨਰ ਕੋਮਲ ਸਿੰਘ ਤੇ ਸੰਦੀਪ ਸੀਤਲ ਚੌਹਾਨ ਸਨ ਜਦਕਿ ਸੈਸ਼ਨ ਦੀ ਪ੍ਰਧਾਨਗੀ ਦੀਪਕ ਮਨਮੋਹਨ ਸਿੰਘ ਨੇ ਕੀਤੀ।

ਤੀਸਰਾ ਸੈਸ਼ਨ ਫਿਲਮ ਡਾਕੂਮੈਂਟਰੀ, ਸਕਿਟ ਤੇ ਟੈਲੀਫਿਲਮ ਦੇ ਨਾਂ ਰਿਹਾ। ਇਸ ਵਿਚ ਲਵੀਨ ਕੌਰ ਗਿੱਲ, ਪਰਮਿੰਦਰ ਸਵੈਚ, ਹੀਰਾ ਰੰਧਾਵਾ, ਸੈਸਕਸੈਨਾ ਨੇ ਹਿੱਸਾ ਲਿਆ। ਚੌਥੇ ਸੈਸ਼ਨ ਦੀ ਪ੍ਰਧਾਨਗੀ ਅਰਵਿੰਦਰ ਸੰਧੂ ਨੇ ਕੀਤੀ। ਇਸ ਵਿਚ ਹਰਮਿੰਦਰ ਢਿੱਲੋਂ, ਜਸਵੀਰ ਮੰਗੂਵਾਲ, ਸਤਿੰਦਰ ਕਾਹਲੋਂ, ਰਸ਼ਪਾਲ ਗਿੱਲ, ਮਨਜੀਤ ਕੰਗ, ਪ੍ਰਵੀਣ ਕੌਰ, ਜਸ ਮਲਕੀਤ, ਅਮਰਜੀਤ, ਲੀਡੀਆ ਕੋਲੀਹਿਊ, ਜੀਨ ਮੈਕਗੁਰੀ ਲਿਜ਼ ਰਾਊਲੀ ਨੇ ਹਿੱਸਾ ਲਿਆ।

# ਲੰਡਨ : ਮਸਜਿਦ 'ਚੋਂ ਨਿੱਕਲ ਰਹੇ ਨਮਾਜ਼ੀਆਂ 'ਤੇ ਚੜ੍ਹਾਈ ਵੈਨ, ਇੱਕ ਹਲਾਕ, 10 ਜ਼ਖ਼ਮੀ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਦੀ ਰਾਜਧਾਨੀ ਲੰਡਨ 'ਚ ਇੱਕ ਮਸਜਿਦ 'ਚੋਂ ਨਮਾਜ਼ ਪੜ੍ਹ ਕੇ ਬਾਹਰ ਨਿਕਲ ਰਹੇ ਨਮਾਜ਼ੀਆਂ 'ਤੇ ਇੱਕ ਵਿਅਕਤੀ ਨੇ ਆਪਣੀ ਵੈਨ ਚੜ੍ਹਾ ਦਿੱਤੀ ਜਿਸ ਨਾਲ ਇੱਕ ਨਮਾਜ਼ੀ ਦੀ ਮੌਤ ਹੋ ਗਈ ਅਤੇ 10 ਹੋਰ ਜ਼ਖ਼ਮੀ ਹੋ ਗਏ। ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਮੁਸਲਮਾਨਾਂ 'ਤੇ ਇਹ ਘਿਨਾਉਣਾ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਪਿਛਲੇ ਚਾਰ ਮਹੀਨਿਆਂ 'ਚ ਬਰਤਾਨੀਆ 'ਚ ਇਹ ਚੌਥਾ ਦਹਿਸ਼ਤੀ ਹਮਲਾ ਹੈ। ਸੈਵਨ ਸਿਸਟਰਜ਼ ਰੋਡ 'ਤੇ ਪੈਂਦੇ ਮੁਸਲਿਮ ਵੈਲਫੇਅਰ ਹਾਊਸ, ਜਿਥੇ ਮਸਜਿਦ ਵੀ ਹੈ, ਦੇ ਬਾਹਰ ਅੱਧੀ ਰਾਤ ਤੋਂ ਬਾਅਦ ਇਹ ਹਮਲਾ ਹੋਇਆ ਜਦੋਂ ਕੁਝ ਵਿਅਕਤੀ ਉਥੇ ਡਿੱਗੇ ਪਏ ਬੰਦੇ ਦੀ ਸਹਾਇਤਾ ਕਰ ਰਹੇ ਸਨ। ਘਟਨਾ ਵਾਲੀ ਥਾਂ ਦੇ ਨੇੜੇ ਹੀ ਫਿਨਸਬਰੀ ਪਾਰਕ ਹੈ ਅਤੇ ਉਥੇ ਵੀ ਇੱਕ ਮਸਜਿਦ ਹੈ। ਲੋਕਾਂ ਨੇ ਵੈਨ ਦੇ ਡਰਾਈਵਰ (48) ਨੂੰ ਥਾਂ 'ਤੇ ਹੀ ਫੜ ਲਿਆ ਅਤੇ ਫਿਰ ਪੁਲੀਸ ਨੇ ਹੱਤਿਆ ਦੀ ਕੋਸ਼ਿਸ਼ ਦੇ ਸ਼ੱਕ 'ਚ ਉਸ ਨੂੰ ਹਿਰਾਸਤ 'ਚ ਲੈ ਲਿਆ। ਉਸ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ ਜਿਥੇ ਉਸ ਦੀ ਮਾਨਸਿਕ ਹਾਲਤ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ। ਮੈਟਰੋਪੋਲਿਟਨ ਪੁਲੀਸ ਡਿਪਟੀ ਅਸਿਸਟੈਂਟ ਕਮਿਸ਼ਨਰ ਨੀਲ ਬਾਸੂ ਨੇ ਕਿਹਾ ਕਿ ਜਿਹੜੇ ਵਿਅਕਤੀ ਦੀ ਮੌਤ ਹੋਈ ਹੈ, ਉਸ ਨੂੰ ਲੋਕਾਂ ਵਲੋਂ ਪਹਿਲਾਂ ਹੀ ਮੁੱਢਲੀ ਸਹਾਇਤਾ ਦਿੱਤੀ ਜਾ ਰਹੀ ਸੀ ਅਤੇ ਇਹ ਨਹੀਂ ਪਤਾ ਲੱਗ ਸਕਿਆ ਕਿ ਉਸ ਦੀ ਮੌਤ ਹਮਲੇ ਨਾਲ ਹੋਈ ਹੈ। ਬਾਸੂ ਨੇ ਕਿਹਾ ਕਿ ਇਸ ਨੂੰ ਦਹਿਸ਼ਤੀ ਹਮਲੇ ਵਜੋਂ ਲਿਆ ਜਾ ਰਿਹਾ ਹੈ ਅਤੇ ਦਹਿਸ਼ਤਗਰਦੀ ਵਿਰੋਧੀ ਕਮਾਂਡ ਵਲੋਂ ਜਾਂਚ ਕੀਤੀ ਜਾ ਰਹੀ ਹੈ। ਪ੍ਰਤੱਖਦਰਸ਼ੀ ਅਬਦੁੱਲ ਰਹਿਮਾਨ ਨੇ ਕਿਹਾ ਕਿ ਡਰਾਈਵਰ ਆਖ ਰਿਹਾ ਸੀ ਕਿ ਉਹ ਸਾਰੇ ਮੁਸਲਮਾਨਾਂ ਨੂੰ ਮਾਰਨਾ ਚਾਹੁੰਦਾ ਹੈ। ਪੁਲੀਸ ਕਮਿਸ਼ਨਰ ਕਰੇਸਿਡਾ ਡਿਕ ਨੇ ਕਿਹਾ ਕਿ ਲੰਡਨ ਕਈ ਧਰਮਾਂ ਅਤੇ ਕਈ ਕੌਮਾਂ ਦਾ ਸ਼ਹਿਰ ਹੈ ਅਤੇ ਇੱਕ ਭਾਈਚਾਰੇ 'ਤੇ ਹਮਲੇ ਦਾ ਮਤਲਬ ਸਾਰਿਆਂ 'ਤੇ ਹਮਲਾ ਹੈ। ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਕਿਹਾ ਕਿ ਜ਼ਖ਼ਮੀਆਂ, ਉਨ੍ਹਾਂ ਦੇ ਨਜ਼ਦੀਕੀਆਂ ਅਤੇ ਹੰਗਾਮੀ ਸੇਵਾਵਾਂ 'ਚ ਜੁੜੇ ਵਿਅਕਤੀਆਂ ਨਾਲ ਉਨ੍ਹਾਂ ਦੀਆਂ ਦੁਆਵਾਂ ਹਨ।

# ਦਾਰਜੀਲਿੰਗ 'ਚ ਕਿਉਂ ਤੇਜ਼ ਹੋਈ ਵੱਖਰੇ ਸੂਬੇ ਦੀ ਮੰਗ




**ਗੋਰਖਿਆਂ ਦੀ ਵੱਖਰੇ ਸੂਬੇ ਦੀ ਮੰਗ ਆਜ਼ਾਦੀ ਤੋਂ ਵੀ ਪੁਰਾਣੀ ਹੈ। ਮਮਤਾ ਬਨਰਜੀ ਨੇ ਸੱਤਾ 'ਚ ਆਉਣ ਤੋਂ ਬਾਅਦ ਗੋਰਖਾ ਅੰਦੋਲਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਹੁਣ ਇਹ ਮੰਗ ਫਿਰ ਤੋਂ ਸਿਰ ਚੁੱਕ ਰਹੀ ਹੈ।**

**ਰਿਚਾ ਜੈਨ ਕਾਲਰਾ**

ਦਾਰਜੀਲਿੰਗ ਦੀਆਂ ਵਾਦੀਆਂ ਅੱਜਕਲ ਹਿੰਸਾ, ਵਿਰੋਧ ਪ੍ਰਦਰਸ਼ਨ ਅਤੇ ਅਸ਼ਾਂਤੀ ਨਾਲ ਗੂੰਜ ਰਹੀਆਂ ਹਨ। ਬੰਗਾਲੀ ਭਾਸ਼ਾ ਨੂੰ ਲਾਜ਼ਮੀ ਕੀਤੇ ਜਾਣ ਦੇ ਨਾਂ 'ਤੇ ਗੋਰਖਾ ਜਨਮੁਕਤੀ ਮੋਰਚਾ ਨੇ ਵੱਖਰੇ ਗੋਰਖਾਲੈਂਡ ਸੂਬੇ ਦੀ ਮੰਗ ਨੂੰ ਹਵਾ ਦਿੱਤੀ ਹੈ। ਗੋਰਖਿਆਂ ਵੱਲੋਂ ਵੱਖਰੇ ਸੂਬੇ ਦੀ ਮੰਗ ਆਜ਼ਾਦੀ ਤੋਂ ਵੀ ਵੱਧ ਪੁਰਾਣੀ ਹੈ। ਮਮਤਾ ਬਨਰਜੀ ਨੇ ਸੱਤਾ 'ਚ ਆਉਣ ਤੋਂ ਬਾਅਦ ਆਜ਼ਾਦ ਕੌਂਸਲ ਰਾਹੀਂ ਗੋਰਖਾ ਅੰਦੋਲਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਹੁਣ ਇਹ ਮੰਗ ਫਿਰ ਤੋਂ ਸਿਰ ਚੁੱਕ ਰਹੀ ਹੈ। ਇਸ ਅੱਗ ਨੂੰ ਚਿੰਗਾਰੀ ਮਿਲੀ ਹੈ ਮਮਤਾ ਸਰਕਾਰ ਦੇ ਉਸ ਫੈਸਲੇ ਤੋਂ ਜਿਥੇ ਪਹਿਲੀ ਤੋਂ ਦਸਵੀਂ ਜਮਾਤ ਤਕ ਸਾਰੇ ਸਕੂਲਾਂ 'ਚ ਬੰਗਾਲੀ ਭਾਸ਼ਾ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ। ਗੋਰਖਾ ਜਨਮੁਕਤੀ ਮੋਰਚਾ ਬੰਗਾਲੀ ਭਾਸ਼ਾ ਦੇ ਵਿਰੋਧ ਰਾਹੀਂ ਵੱਖਰੇ ਸੂਬੇ ਦੀ ਮੰਗ ਲਈ ਅੰਦੋਲਨ ਤੇਜ਼ ਕਰਨਾ ਚਾਹੁੰਦਾ ਹੈ।

ਦਾਰਜੀਲਿੰਗ ਵਿੱਚ ਸੱਤਾ 'ਚ ਭਾਗੀਦਾਰ ਬਣਾਏ ਗਏ ਗੋਰਖਾ ਜਨਮੁਕਤੀ ਮੋਰਚਾ ਨੇ ਫਿਰ ਤੋਂ ਅੰਦੋਲਨ ਦਾ ਰਸਤਾ ਫੜ ਲਿਆ ਹੈ। ਇਸ ਪਿੱਛੇ ਵੱਖਰੇ ਸੂਬੇ ਦੀ ਮੰਗ ਤਾਂ ਮੁੱਖ ਹੈ ਹੀ, ਪਰ ਇਸ ਨੂੰ ਸੂਬੇ 'ਚ ਸੱਤਾ ਅਤੇ ਰਾਜਨੀਤੀ ਦੇ ਸਮੀਕਰਨ ਰਾਹੀਂ ਵੀ ਸਮਝਣ ਦੀ ਲੋੜ ਹੈ। ਭਾਜਪਾ ਦਾ ਸਾਥੀ ਜਨਮੁਕਤੀ ਮੋਰਚਾ ਤ੍ਰਿਣਮੂਲ ਦੀ ਸੱਤਾ ਵਾਲੀ ਸਰਕਾਰ ਦਾ ਹਮਾਇਤੀ ਕਿਵੇਂ ਹੋ ਸਕਦਾ ਹੈ। ਅੱਜ ਬੰਗਾਲ 'ਚ ਸਾਖ ਦੀ ਲੜਾਈ 'ਚ ਆਹਮੋ-ਸਾਹਮਣੇ ਹੈ ਭਾਜਪਾ ਅਤੇ ਤ੍ਰਿਣਮੂਲ ਕਾਂਗਰਸ। ਸੱਤਾ ਦੀ ਲੜਾਈ 'ਚ ਭਾਜਪਾ ਨੇ ਵਿਰੋਧ ਧਿਰ ਦੀ ਥਾਂ ਸੀ.ਪੀ.ਐਮ. ਤੋਂ ਖੋਹ ਲਈ ਹੈ। ਭਾਜਪਾ ਨੂੰ ਸਹਿਯੋਗ ਦੇਣ ਵਾਲੇ ਬਿਮਲ ਗੁਰੂੰਗ ਦੇ ਇਸ ਮੋਰਚੇ ਨੇ ਗੋਰਖਾਲੈਂਡ ਟੈਰੀਟੋਰਿਅਲ ਐਡਮਿਨਿਸਟ੍ਰੇਸ਼ਨ ਛੱਡਣ ਦਾ ਇਸ਼ਾਰਾ ਕੀਤਾ ਹੈ। ਜ਼ਾਹਰ ਹੈ ਭਾਜਪਾ ਇਸ ਅੰਦੋਲਨ ਨੂੰ ਫਿਰ ਤੋਂ ਹਵਾ ਦੇ ਰਹੀ ਹੈ, ਪਰ ਵੱਖਰਾ ਗੋਰਖਾਲੈਂਡ ਸੂਬਾ ਬਣਾਉਣ 'ਤੇ ਕਿਸੇ ਸਰਕਾਰ ਨੇ ਹਿੰਮਤ ਨਹੀਂ ਵਿਖਾਈ। ਭਾਜਪਾ ਲਈ ਇਹ ਮਮਤਾ ਨੂੰ ਚੁਣੌਤੀ ਹੋ ਸਕਦੀ ਹੈ, ਪਰ ਮਮਤਾ ਬਨਰਜੀ ਇਸ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਰਾਜਨੀਤੀ ਦੇ ਕਿਸੇ ਸੁਲਝੇ ਹੋਏ ਖਿਡਾਰੀ ਵਾਂਗ ਉਹ ਇਸ ਨਾਲ ਨਜਿੱਠਣਗੇ। ਮਮਤਾ ਖੁਦ ਦਾਰਜੀਲਿੰਗ ਪੁੱਜੀ ਅਤੇ ਗੋਰਖਾ ਜਨਮੁਕਤੀ ਮੋਰਚਾ ਦੇ ਅੰਦੋਲਨ ਦੌਰਾਨ ਹੋਏ ਹਿੰਸਕ ਮੁਕਾਬਲਿਆਂ ਲਈ ਫ਼ੌਜ ਬੁਲਾ ਲਈ। ਫ਼ੌਜ ਨੇ ਫਲੈਗ ਮਾਰਚ ਕੀਤਾ ਹੈ। ਬਿਮਲ ਗੁਰੂੰਗ ਦੀ ਅਗਵਾਈ ਵਾਲੇ ਇਸ ਅੰਦੋਲਨ ਨੂੰ ਦਬਾਉਣ ਲਈ ਮਮਤਾ ਨੇ 16 ਜੂਨ ਨੂੰ ਬੁਲਾਏ ਬੰਦ ਨੂੰ ਗੈਰ-ਕਾਨੂੰਨੀ ਦੱਸਦਿਆਂ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਦਾਰਜੀਲਿੰਗ ਦੇ ਦਫ਼ਤਰਾਂ 'ਚ ਰਿਪੋਰਟ ਕਰਨ ਲਈ ਕਿਹਾ ਹੈ।

ਮਮਤਾ ਨੇ ਦਾਰਜੀਲਿੰਗ ਨੂੰ ਚਲਾਉਣ ਵਾਲੇ ਗੋਰਖਾਲੈਂਡ ਟੈਰੀਟੋਰਿਅਲ ਐਡਮਿਨਿਸਟ੍ਰੇਸ਼ਨ ਦੇ ਖਰਚੇ ਦਾ ਆਡਿਟ ਕਰਨ ਦਾ ਐਲਾਨ ਕੀਤਾ ਹੈ। ਮਮਤਾ ਦੀ ਹੀ ਅਗਵਾਈ 'ਚ ਸਾਲ 2011 'ਚ ਬਿਮਰ ਗੁਰੂੰਗ ਦੀ ਅਗਵਾਈ ਵਾਲੇ ਮੋਰਚੇ ਨਾਲ ਇਕ ਵੱਡਾ ਸਮਝੌਤਾ ਹੋਇਆ, ਜਿਸ ਤੋਂ ਬਾਅਦ ਇੱਥੇ ਦੇ ਮਾਮਲੇ 'ਚ ਮੋਰਚੇ ਨੂੰ ਗੋਰਖਾਲੈਂਡ ਟੈਰੀਟੋਰਿਅਲ ਐਡਮਿਨਿਸਟ੍ਰੇਸ਼ਨ ਤਹਿਤ ਕਈ ਅਧਿਕਾਰ ਮਿਲੇ। ਪਰ ਉਦੋਂ ਤੋਂ ਲੈ ਕੇ ਹੁਣ ਤਕ ਗੰਗਾ 'ਚ ਬਹੁਤ ਪਾਣੀ ਵਹਿ ਚੁੱਕਾ ਹੈ ਅਤੇ ਗੁਰੂੰਗ ਤੇ ਮਮਤਾ ਦਾ ਰਾਜਨੀਤਕ ਮੋਹ ਭੰਗ ਹੋ ਚੁੱਕਾ ਹੈ। 2014 'ਚ ਗੋਰਖਾ ਜਨਮੁਕਤੀ ਮੋਰਚਾ ਨੇ ਭਾਜਪਾ ਦਾ ਸਾਥ ਦਿੱਤਾ। ਉਦੋਂ ਤੋਂ ਲੈ ਕੇ ਹੁਣ ਤਕ ਭਾਜਪਾ ਨੇ ਮੁੱਖ ਵਿਰੋਧੀ ਵਾਲੀ ਥਾਂ ਸੀ.ਪੀ.ਐਮ. ਤੋਂ ਖੋਹਣ ਅਤੇ ਤ੍ਰਿਣਮੂਲ ਨੂੰ ਚੁਣੌਤੀ ਦੇਣ ਦੇ ਨਾਲ-ਨਾਲ ਚੋਣਾਂ 'ਚ ਸੱਤਾ ਦੀ ਦਾਅਵੇਦਾਰੀ ਦਾ ਦਾਅਵਾ ਪੇਸ਼ ਕੀਤਾ ਹੈ।

ਇਸ ਰੱਸਾਕਸੀ 'ਚ ਦਰੜ ਰਿਹਾ ਹੈ ਆਮ ਗੋਰਖਾ, ਜਿਸ ਲਈ ਵੱਖਰੇ ਸੂਬੇ ਦੀ ਮੰਗ ਨੂੰ ਰਾਜਨੀਤਕ ਤੌਰ 'ਤੇ ਚੁੱਕਿਆ ਜਾ ਰਿਹਾ ਹੈ। ਗੋਰਖਿਆਂ ਦੀ ਵੱਖਰੇ ਸੂਬੇ ਦੀ ਮੰਗ ਆਜ਼ਾਦੀ ਤੋਂ ਵੀ ਪੁਰਾਣੀ ਹੈ। ਅੰਗਰੇਜ਼ਾਂ ਨੇ ਦਾਰਜੀਲਿੰਗ ਨੂੰ ਸਿੱਕਮ ਤੋਂ ਖੋਹਿਆ, ਕਬਜ਼ਾ ਕੀਤਾ ਅਤੇ ਆਜ਼ਾਦੀ ਤੋਂ ਬਾਅਦ ਇਸ ਨੂੰ ਬੰਗਾਲ ਸੂਬੇ 'ਚ ਮਿਲਾ ਲਿਆ ਗਿਆ। ਪਰ ਸੰਸਕ੍ਰਿਤੀ, ਭਾਸ਼ਾਈ ਅਤੇ ਇੱਥੇ ਤਕ ਕਿ ਰਾਜਨੀਤਕ ਤੌਰ 'ਤੇ ਬੰਗਾਲ ਅਤੇ ਦਾਰਜੀਲਿੰਗ 'ਚ ਸਮਾਨਤਾ ਕਿਤੇ ਵੀ ਨਹੀਂ ਹੈ। ਗੋਰਖਾ ਆਪਣੀ ਦੇਸੀ ਪਛਾਣ, ਖਾਨ-ਪਾਨ, ਪਹਿਨਾਵੇ ਤੋਂ ਲੈ ਕੇ ਸੰਸਕ੍ਰਿਤੀ ਹਰ ਚੀਜ 'ਚ ਖੁਦ ਨੂੰ ਬੰਗਾਲ ਤੋਂ ਵੱਖਰਾ ਮੰਨਦੇ ਹਨ। ਇਸ ਲਈ ਬੰਗਾਲੀ ਭਾਸ਼ਾ ਨੂੰ ਸਕੂਲਾਂ 'ਚ ਲਾਜ਼ਮੀ ਕਰਨ ਲਈ ਗੋਰਖਿਆਂ ਦੀਆਂ ਭਾਵਨਾਵਾਂ ਭੜਕੀਆਂ ਹੋਈਆਂ ਹਨ।

ਦਾਰਜੀਲਿੰਗ ਦੀਆਂ ਵਾਦੀਆਂ ਤੋਂ ਹਰ ਸਾਲ ਹੋਣ ਵਾਲੇ ਹਜ਼ਾਰਾਂ-ਕਰੋੜਾਂ ਦੇ ਚਾਹ ਦੇ ਕਾਰੋਬਾਰ ਅਤੇ ਸੈਰ-ਸਪਾਟੇ ਤੋਂ ਹੋਣ ਵਾਲੀ ਮੋਟੀ ਆਮਦਨ ਕਲਕੱਤਾ ਨੂੰ ਦਾਰਜੀਲਿੰਗ ਦਾ ਮੋਹ ਛੱਡਣ ਨਹੀਂ ਦਿੰਦੀ। ਬੰਗਾਲ ਦੀ ਰਾਜਨੀਤੀ ਦੇ ਦੋ ਬਰਾਬਰ ਵਿਰੋਧੀ ਧੁਰੇ ਮਮਤਾ ਅਤੇ ਲੈਫਟ ਦੋਵੇਂ ਹੀ ਵੱਖਰੇ ਗੋਰਖਾ ਸੂਬੇ ਦੀ ਮੰਗ ਵਿਰੁੱਧ ਰਹੇ ਹਨ। ਭਾਵੇਂ ਸੂਬਾ ਸਰਕਾਰ ਦੀ ਭੂਮਿਕਾ ਵੱਖਰੇ ਸੂਬੇ ਦੇ ਗਠਨ 'ਚ ਸੀਮਤ ਹੋਵੇ, ਪਰ ਮਾਮਲਾ ਕੇਂਦਰ ਨਾਲ ਜੁੜਿਆ ਹੈ। ਪਰ ਬੰਗਾਲ ਨੂੰ ਨਾਰਾਜ਼ ਕਰ ਕੇ ਕੋਈ ਵੀ ਸਰਕਾਰ ਇੰਨਾ ਵੱਡਾ ਜੋਖ਼ਮ ਨਹੀਂ ਲੈਣਾ ਚਾਹੁੰਦਾ। ਬੰਗਲਾਦੇਸ਼ ਦੇ ਨਾਲ ਰਿਸ਼ਤਿਆਂ 'ਚ ਕਲਕੱਤਾ ਦੀ ਅਹਿਮਿਅਤ ਨੂੰ ਵੇਖਦਿਆਂ ਬੰਗਾਲ ਦੇ ਲੋਕਾਂ ਨੂੰ ਨਜਰਅੰਦਾਜ਼ ਕਰਨਾ ਰਾਜਨੀਤਕ ਤੌਰ 'ਤੇ ਸਹੀ ਨਹੀਂ ਹੈ। ਤੀਸਤਾ ਪਾਣੀ ਵੰਡ 'ਤੇ ਮਮਤਾ ਦੇ ਸਖਤ ਰਵਈਏ ਕਾਰਨ ਭਾਰਤ-ਬੰਗਲਾਦੇਸ਼ ਵਿਚਕਾਰ ਇਸ 'ਤੇ ਅਮਲ ਨਹੀਂ ਹੋ ਸਕਿਆ ਹੈ। ਵੱਖਰੇ ਸੂਬੇ ਦੇ ਅੰਦੋਲਨ ਲਈ ਭਾਸ਼ਾਈ ਦਾਦਾਗਿਰੀ ਦਾ ਹਵਾਲਾ ਦੇਣ ਵਾਲੇ ਗੋਰਖਾ ਮਮਤਾ ਦੇ ਉਸ ਜਵਾਬ ਨੂੰ ਨਜਰਅੰਦਾਜ਼ ਕਰ ਰਹੇ ਹਨ, ਜਿਸ 'ਚ ਪਹਾੜੀ ਇਲਾਕਿਆਂ 'ਚ ਬੰਗਾਲੀ ਨੂੰ ਲਾਜ਼ਮੀ ਨਾ ਕਰਨ ਦੀ ਛੋਟ ਦਾ ਹਵਾਲਾ ਦਿੱਤਾ ਗਿਆ ਹੈ। ਭਾਸ਼ਾ ਇਕ ਅਜਿਹੀ ਨਬਜ਼ ਹੈ, ਜਿਸ ਨੇ ਦੱਖਣ ਤੋਂ ਲੈ ਕੇ ਕਈ ਸੂਬਿਆਂ 'ਚ ਅੰਦੋਲਨਾਂ ਨੂੰ ਹਵਾ ਦਿੱਤੀ। ਇਸੇ ਨੂੰ ਸਹਾਰਾ ਬਣਾ ਕੇ ਗੋਰਖਾ ਜਨਮੁਕਤੀ ਮੋਰਚਾ ਇਸ ਪੌੜੀ 'ਤੇ ਚੜ੍ਹਨ ਦੀ ਕੋਸ਼ਿਸ਼ 'ਚ ਹੈ, ਜਿਸ ਨੂੰ ਮਮਤਾ ਬਨਰਜੀ ਨੇ 2011 'ਚ ਆਜ਼ਾਦੀ ਕੌਂਸਲ ਦਾ ਲੌਲੀਪੋਪ ਦੇ ਦੇ ਹੇਠਾਂ ਉਤਾਰ ਦਿੱਤਾ ਸੀ। ਰਾਜਨੀਤੀ ਦੀ ਚੱਕੀ 'ਚ ਪਿਸ ਰਹੀ ਵੱਖਰੇ ਸੂਬੇ ਦੀ ਮੰਗ ਅੱਗੇ ਪੂਰੀ ਹੋਵੇਗੀ, ਇਸ ਦੀ ਸੰਭਾਵਨਾ ਨਜਦੀਕੀ ਭਵਿੱਖ 'ਚ ਬਹੁਤ ਘੱਟ ਹੈ।

# ਜਵਾਲਾ ਜੀ ਜਾ ਰਹੇ ਅੰਮ੍ਰਿਤਸਰ ਦੇ 10 ਸ਼ਰਧਾਲੂਆਂ ਦੀ ਮੌਤ, 30 ਵਿਅਕਤੀ ਹੋਏ ਗੰਭੀਰ ਜ਼ਖ਼ਮੀ

**ਊਨਾ/ਬਿਊਰੋ ਨਿਊਜ਼ :** ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਵਿੱਚ ਢਲਿਆਰਾ ਨੇੜੇ ਸ਼ਰਧਾਲੂਆਂ ਨਾਲ ਭਰੀ ਇੱਕ ਪ੍ਰਾਈਵੇਟ ਬੱਸ ਡੂੰਘੀ ਖਾਈ ਵਿੱਚ ਡਿੱਗਣ ਕਾਰਨ 10 ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ। ਹਾਦਸੇ ਵਿੱਚ 30 ਤੋਂ ਵੱਧ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਦੇਹਰਾ ਹਸਪਸਤਾਲ ਲਿਜਾਇਆ ਗਿਆ। ਜਾਣਕਾਰੀ ਅਨੁਸਾਰ ਇਹ ਹਾਦਸਾ ਸਵੇਰੇ ਕਰੀਬ 10.30 ਵਾਪਰਿਆ।

ਇਹ ਪ੍ਰਾਈਵੇਟ ਬੱਸ ਸ਼ਰਧਾਲੂਆਂ ਨੂੰ ਲੈ ਕੇ ਅੰਮ੍ਰਿਤਸਰ ਤੋਂ ਚਿੰਤਪੁਰਣੀ ਮਾਤਾ ਦੇ ਮੰਦਿਰ ਮੱਥਾ ਟੇਕਣ ਆਈ ਸੀ। ਬੱਸ ਵਿੱਚ ਪੰਜਾਹ ਤੋਂ ਵੱਧ ਸ਼ਰਧਾਲੂ ਸਨ ਜੋ ਜਵਾਲਾ ਜੀ ਵਿਖੇ ਮੱਥਾ ਟੇਕਣ ਜਾ ਰਹੇ ਸਨ। ਸਵੇਰੇ ਇਹ ਬੱਸ ਚਿੰਤਪੁਰਣੀ ਤੋਂ ਜਵਾਲਾ ਜੀ ਲਈ ਰਵਾਨਾ ਹੋਈ ਸੀ। ਜਿਵੇਂ ਹੀ ਇਹ ਢਲਿਆਰਾ ਨੇੜੇ ਪਹੁੰਚੀ ਤਾਂ ਅਚਾਨਕ ਬੇਕਾਬੂ ਹੋ ਕੇ ਡੂੰਘੀ ਖਾਈ ਵਿੱਚ ਡਿੱਗ ਗਈ। ਹਾਦਸੇ ਤੋਂ ਬਾਅਦ ਕਈ ਸ਼ਰਧਾਲੂ ਬੱਸ ਦੇ ਹੇਠਾਂ ਦਬ ਗਏ ਜਿਨ੍ਹਾਂ ਨੂੰ ਕਾਫ਼ੀ ਮੁਸ਼ਕਲ ਤੋਂ ਬਾਅਦ ਬਾਹਰ ਕੱਢਿਆ ਜਾ ਸਕਿਆ। ਹਾਦਸੇ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਜ਼ਖ਼ਮੀਆਂ ਦੀ ਸਹਾਇਤਾ ਦੇ ਆਦੇਸ਼ ਦਿੱਤੇ ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਦਸੇ ਵਿੱਚ ਅੰਮ੍ਰਿਤਸਰ ਦੇ 10 ਸ਼ਰਧਾਲੂਆਂ ਦੇ ਮਾਰੇ ਜਾਣ ਅਤੇ ਹੋਰਾਂ ਦੇ ਜ਼ਖ਼ਮੀ ਹੋਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਤੋਂ ਬਾਅਦ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਇੱਕ ਤਹਿਸੀਲਦਾਰ, ਸਹਾਇਕ ਸਿਵਲ ਸਰਜਨ ਅਤੇ ਕੁਝ ਪੁਲੀਸ ਮੁਲਾਜ਼ਮਾਂ 'ਤੇ ਆਧਾਰਤ ਇੱਕ ਟੀਮ ਨਾਲ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ ਹਨ। ਅੰਮ੍ਰਿਤਸਰ ਦੇ ਵਧੀਕ ਡਿਪਟੀ ਕਮਿਸ਼ਨਰ ਸਬ-ਡਿਵੀਜ਼ਨ ਡੇਹਰਾ ਦੇ ਮੈਜਿਸਟਰੇਟ ਨਾਲ ਸੰਪਰਕ ਵਿੱਚ ਹਨ, ਜਿਨ੍ਹਾਂ ਨੂੰ ਰਾਹਤ ਅਤੇ ਬਚਾਅ ਕਾਰਜਾਂ ਦਾ ਕੰਮ ਸੌਂਪਿਆ ਗਿਆ ਹੈ।




## ਢਪਈ ਖੇਤਰ ਵਿੱਚ ਛਾਇਆ ਮਾਤਮ

ਅੰਮ੍ਰਿਤਸਰ : ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਦੇ ਢਲਿਆਰਾ ਨੇੜੇ ਬੱਸ ਖੱਡ ਵਿੱਚ ਡਿੱਗਣ ਕਾਰਨ ਦਸ ਵਿਅਕਤੀਆਂ ਦੇ ਮਾਰੇ ਜਾਣ ਅਤੇ 45 ਜਣੇ ਜ਼ਖ਼ਮੀ ਹੋਣ ਦੀ ਸੂਚਨਾ ਮਿਲਦਿਆਂ ਹੀ ਢਪਈ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਸੋਗ ਛਾ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਮ੍ਰਿਤਕਾਂ ਵਿਚੋਂ ਤਿੰਨ ਵਿਅਕਤੀਆਂ ਦੀ ਸ਼ਨਾਖ਼ਤ ਹੋ ਗਈ ਹੈ। ਢਪਈ ਰੋਡ 'ਤੇ ਸ਼ੀਸ਼ ਦਾ ਅਹਾਤਾ ਦੀ ਵਸਨੀਕ ਸਵਰਨ ਕੌਰ ਦਾ ਪਰਿਵਾਰ ਸਦਮੇ ਵਿੱਚ ਹੈ। ਪਰਿਵਾਰ ਨੂੰ ਸੂਚਨਾ ਮਿਲੀ ਹੈ ਕਿ ਇਸ ਹਾਦਸੇ ਵਿੱਚ ਸਵਰਨ ਕੌਰ ਦੀ ਮੌਤ ਹੋ ਗਈ ਹੈ। ਉਹ ਇਕੱਲੀ ਪਰਿਵਾਰ ਦਾ ਪੇਟ ਪਾਲਣ ਵਾਲੀ ਸੀ ਕਿਉਂਕਿ ਉਸ ਦਾ ਪਤੀ ਸਰਦਾਰੀ ਲਾਲ ਬਿਮਾਰ ਹੈ। ਉਸ ਦੇ ਦੋ ਪੁੱਤਰ ਮੰਦਬੁੱਧੀ ਹਨ ਜਦੋਂਕਿ ਸਭ ਤੋਂ ਛੋਟਾ ਬੇਟਾ ਇੱਕ ਦੁਕਾਨ 'ਤੇ ਕੰਮ ਕਰਦਾ ਹੈ। ਲੋਕਾਂ ਨੇ ਪਰਿਵਾਰ ਨੂੰ ਉਸ ਦੀ ਮੌਤ ਬਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਇਸ ਦੌਰਾਨ ਕਈ ਪਰਿਵਾਰਾਂ ਦੇ ਜੀਅ ਢਲਿਆਰਾ ਵੱਲ ਰਵਾਨਾ ਹੋ ਗਏ ਹਨ ਤਾਂ ਜੋ ਆਪਣੇ ਸਕੇ ਸਬੰਧੀਆਂ ਬਾਰੇ ਪਤਾ ਲਾਇਆ ਜਾ ਸਕੇ।

# ਕਾਂਗਰਸੀ, ਆਪ' ਤੇ ਅਕਾਲੀ ਵਿਧਾਇਕਾਂ ਵਿਚਾਲੇ ਤਿੱਖੀਆਂ ਝੜਪਾਂ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿਧਾਨ ਸਭਾ ਵਿਚ ਸਿਫ਼ਰ ਕਾਲ ਮੌਕੇ ਕਾਂਗਰਸੀ ਵਿਧਾਇਕਾਂ ਤੇ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨਾਲ ਤਿੱਖੀਆਂ ਝੜਪਾਂ ਹੋਈਆਂ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਹੋਰ ਅਕਾਲੀ ਮੈਂਬਰਾਂ ਨਾਲ ਤਿੱਖੀ ਬਹਿਸ ਹੋਈ। ਹਾਕਮ ਧਿਰ ਦੇ ਬਹੁਗਿਣਤੀ ਮੈਂਬਰਾਂ ਵਲੋਂ ਸ੍ਰੀ ਸਿੱਧੂ ਦੇ ਹੱਕ ਵਿਚ ਸ਼ੋਰ-ਸ਼ਰਾਬਾ ਕਰਨ ਤੋਂ ਬਾਅਦ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਸਦਨ ਦੀ ਕਾਰਵਾਈ ਪਹਿਲਾਂ ਅੱਧੇ ਘੰਟੇ ਲਈ ਮੁਲਤਵੀ ਕਰ ਦਿੱਤੀ ਜਦਕਿ ਬਾਅਦ 'ਚ ਵੀ ਸਥਿਤੀ ਤਣਾਅਪੂਰਨ ਰਹਿਣ ਕਾਰਨ ਸਦਨ ਦੋ ਵਾਰੀ ਉਠਾਉਣਾ ਪਿਆ। ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਵਲੋਂ ਪ੍ਰਸ਼ਾਸਨ ਨੂੰ ਧਮਕੀਆਂ ਦੇਣ ਦੀ ਵੀਡੀਓ ਵਾਇਰਲ ਹੋਣ ਦੇ ਮਾਮਲੇ 'ਤੇ ਕਾਰਵਾਈ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਸੁਫ਼ਨਮਈ ਪ੍ਰਾਜੈਕਟ ਪਾਣੀ ਵਾਲੀ ਬੱਸ' ਦੇ ਮਾਮਲੇ ਦੀ ਵਿਜੀਲੈਂਸ ਜਾਂਚ ਕਰਾਉਣ ਦਾ ਮੁੱਦਾ ਵੀ ਭਾਰੂ ਰਿਹਾ। ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਆਪ' ਦੇ ਅਮਨ ਅਰੋੜਾ ਨਾਲ ਤਕਰਾਰ ਹੋਈ। ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਸੁਖਪਾਲ ਸਿੰਘ ਖਹਿਰਾ ਅਤੇ ਸਿਮਰਜੀਤ ਬੈਂਸ ਦੀ ਮੁਅੱਤਲੀ ਗੈਰ-ਵਿਧਾਨਕ ਕਰਾਰ ਦਿੰਦਿਆਂ ਬਹਾਲ ਕਰਨ ਦੀ ਮੰਗ ਕੀਤੀ ਅਤੇ ਰੋਸ ਵਜੋਂ ਸਦਨ 'ਚੋਂ ਵਾਕਆਊਟ ਕੀਤਾ। ਆਪ' ਦੇ ਬਾਕੀ ਮੈਂਬਰ ਆਪਣੇ ਮੋਢਿਆਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਸਦਨ 'ਚ ਆਪਣੀਆਂ ਸੀਟਾਂ 'ਤੇ ਹੀ ਬੈਠੇ ਰਹੇ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਇਕ ਬਲਬੀਰ ਸਿੰਘ ਸਿੱਧੂ ਵਲੋਂ ਅਕਾਲੀ ਸਰਕਾਰ ਦੇ ਸਮੇਂ ਖੇਤੀਬਾੜੀ ਵਿਭਾਗ ਵਿਚ ਹੋਏ ਘਪਲਿਆਂ ਦੇ ਕਥਿਤ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ 'ਤੇ ਸਹਿਮਤੀ ਪ੍ਰਗਟਾਉਂਦਿਆਂ ਸਦਨ ਵਿਚ ਭਰੋਸਾ ਦਿਵਾਇਆ ਕਿ ਕੀਟਨਾਸ਼ਕ ਘੁਟਾਲੇ ਦੇ ਮਾਮਲੇ ਨੂੰ ਉਹ ਖ਼ੁਦ ਵੇਖ ਰਹੇ ਹਨ। ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਪਸ਼ੂ ਮੇਲਿਆਂ ਦੀ ਨਿਲਾਮੀ ਸਾਲਾਨਾ 50 ਲੱਖ ਰੁਪਏ ਵਿਚ ਹੁੰਦੀ ਰਹੀ ਹੈ ਤੇ ਇਸ ਵਾਰੀ ਚਲੰਤ ਮਾਲੀ ਸਾਲ ਲਈ 105 ਕਰੋੜ ਰੁਪਏ ਵਿਚ ਹੋਈ ਹੈ। ਆਪ' ਵਿਧਾਇਕ ਕੁਲਤਾਰ ਸਿੰਘ ਸੰਧਵਾਂ ਵਲੋਂ ਪੁੱਛੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਸ਼ਨ ਕਾਲ ਦੌਰਾਨ ਦੱਸਿਆ ਕਿ ਪੰਜਾਬ ਤਕਨੀਕੀ ਯੂਨੀਵਰਸਿਟੀ ਜਲੰਧਰ ਵਿਚ ਹੋਈਆਂ ਵਿੱਤੀ ਬੇਨਿਯਮੀਆਂ ਦੇ ਮਾਮਲੇ ਦੀ ਜਾਂਚ ਸੇਵਾਮੁਕਤ ਆਈਏਐਸ ਅਧਿਕਾਰੀ ਨੂੰ ਦਿੱਤੀ ਹੋਈ ਹੈ ਅਤੇ ਰਿਪੋਰਟ ਆਉਣ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ। ਪੰਜਾਬ ਦੀ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਦੱਸਿਆ ਕਿ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਅਧਿਆਪਕਾਂ ਦੀਆਂ 3592 ਅਸਾਮੀਆਂ ਖਾਲੀ ਹਨ।

ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵਿਧਾਇਕ ਕੁਲਦੀਪ ਸਿੰਘ ਵੈਦ ਵਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਕਿਲ੍ਹਾ ਰਾਏਪੁਰ ਵਿਚ ਹੁੰਦੇ ਸਾਲਾਨਾ ਪੇਂਡੂ ਖੇਡ ਮੇਲੇ ਵਿਚ ਬੈਲ ਗੱਡੀਆਂ ਦੀਆਂ ਦੌੜਾਂ ਸਬੰਧੀ ਕੇਂਦਰੀ ਵਾਤਾਵਰਨ ਮੰਤਰਾਲੇ ਵਲੋਂ ਜਾਰੀ ਨਿਯਮਾਂ ਦੀ ਪਾਲਣਾ ਕਰ ਕੇ ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਬੈਲ ਗੱਡੀਆਂ ਦੀਆਂ ਦੌੜਾਂ ਦੇ ਮੁਕਾਬਲਿਆਂ ਦੀ ਇਜਾਜ਼ਤ ਦੇ ਸਕਦਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਪੰਜਾਬ ਦੇ ਪਿੰਡਾਂ ਦੇ 17256 ਛੱਪੜਾਂ ਦੀ ਸਫ਼ਾਈ 'ਤੇ 600 ਕਰੋੜ ਰੁਪਏ ਖ਼ਰਚ ਆਉਣੇ ਸਨ ਅਤੇ ਛੱਪੜਾਂ ਦੀ ਸਫ਼ਾਈ ਦਾ ਪ੍ਰਾਜੈਕਟ ਕੇਂਦਰ ਸਰਕਾਰ ਨੂੰ ਭੇਜਿਆ ਗਿਆ ਹੈ।

# ਪੰਜਾਬੀ ਰਾਜ ਭਾਸ਼ਾ ਨਾਲ ਪੰਜਾਬ ਵਿਧਾਨ ਵਿਸ਼ਵਾਸ਼ਘਾਤ

## ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਡਾ ਕਲੰਕ ਖੱਟਿਆ

**ਬੀਰ ਦਵਿੰਦਰ ਸਿੰਘ**
**ਸਾਬਕਾ ਡਿਪਟੀ , ਪੰਜਾਬ ਵਿਧਾਨ ਸਭਾ**



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੰਜਾਬੀ ਰਾਜ ਭਾਸ਼ਾ ਨਾਲ ਪੰਜਾਬ ਵਿਧਾਨ ਸਭਾ ਵਿੱਚ ਵਿਸ਼ਵਾਸ਼ਘਾਤ ਕਰਕੇ, ਆਪਣੇ ਮੱਥੇ ਲਈ, ਇੱਕ ਹੋਰ ਵੱਡਾ ਕਲੰਕ ਖੱਟ ਲਿਆ ਹੈ। ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਹਰ ਇੱਕ ਪੰਜਾਬੀ ਪ੍ਰੇਮੀ ਦੀ ਆਤਮਾ ਉਸ ਵੇਲੇ ਵਲੂੰਦਰੀ ਗਈ ਜਦੋਂ ਪੰਜਾਬ ਦੇ ਮੁੱਖ ਮੰਤਰੀ ਨੇ ਪੰਜਾਬ ਵਿਧਾਨ ਸਭਾ ਵਿੱਚ, ਪੰਜਾਬ ਦੀ ਰਾਜ ਭਾਸ਼ਾ, ਪੰਜਾਬੀ ਬੋਲੀ ਦਾ ਬੜੀ ਬੇਰਹਿਮੀ ਤੇ ਬੇਸ਼ਰਮੀ ਨਾਲ ਰੱਜ ਕੇ ਅਪਮਾਨ ਕੀਤਾ ਹੈ । ਸੋਮਵਾਰ 19 ਜੂਨ ਨੂੰ ਪੰਜਾਬ ਵਿਧਾਨ ਸਭਾ ਵਿੱਚ, ਪੰਜਾਬ ਦੇ ਰਾਜਪਾਲ ਦੇ ਭਾਸ਼ਨ ਲਈ, ਸਦਨ ਵਿੱਚ ਇੱਕ ਮੈਂਬਰ ਵੱਲੋਂ ਪੇਸ਼ ਕੀਤੇ ਧੰਨਵਾਦ ਦੇ ਮਤੇ ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਨੌਕਰਸ਼ਾਹਾਂ ਵੱਲੋਂ ਅੰਗਰੇਜ਼ੀ ਵਿੱਚ ਤਿਆਰ ਕੀਤਾ ਭਾਸ਼ਨ ਪੜ੍ਹਿਆ ਮੌਜੂਦਾ ਪੰਜਾਬ ਦੀ ਸਿਰਜਣਾਂ, ਪੰਜਾਬੀ ਭਾਸ਼ਾ ਦੇ ਅਧਾਰ ਤੇ ਪਹਿਲੀ ਨਵੰਬਰ 1966 ਨੂੰ ਹੋਈ ਸੀ। ਇਸ ਨਵੇਂ ਪੰਜਾਬ ਦੇ ਹੋਂਦ ਵਿੱਚ ਆਊਂਣ ਪਿੱਛੋਂ, ਅੱਧੀ ਸਦੀ ਬਾਅਦ, ਇਹ ਪਹਿਲਾ ਮੌਕਾ ਸੀ ਕਿ, ਭਾਸ਼ਾਈ ਅਧਾਰ ਤੇ ਕਾਇਮ ਕੀਤੇ ਗਏ ਪੰਜਾਬ ਦੀ ਵਿਧਾਨ ਸਭਾ ਵਿੱਚ, ਕਿਸੇ ਮੁੱਖ ਮੰਤਰੀ ਨੇ ਰਾਜ ਭਾਸ਼ਾ ਨੂੰ ਅਪਮਾਨਤ ਕਰਨ ਲਈ ਅਜੇਹੀ ਹਮਾਕਤ ਕੀਤੀ ਹੋਵੇ। ਮੇਰੀ ਜਾਚੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ, ਪੰਜਾਬੀ ਰਾਜ ਭਾਸ਼ਾ ਨਾਲ, ਪੰਜਾਬ ਵਿਧਾਨ ਸਭਾ ਵਿੱਚ ਵਿਸ਼ਵਾਸ਼ਘਾਤ ਕਰਕੇ, ਆਪਣੇ ਮੱਥੇ ਲਈ, ਇੱਕ ਹੋਰ ਵੱਡਾ ਕਲੰਕ ਖੱਟ ਲਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਜਿੱਥੇ ਪੰਜਾਬ ਦੀ ਮਾਂ ਬੋਲੀ ਨੂੰ ਅਪਮਾਣਿਤ ਕੀਤਾ ਹੈ, ਉੱਥੇ ਨਾਲ ਹੀ, ਪੰਜਾਬੀ ਸੂਬਾ ਲਹਿਰ ਵਿੱਚ ਸ਼ਹੀਦ ਹੋਏ, ਸ਼ਹੀਦਾਂ ਦੀ ਸ਼ਹਾਦਤ ਦੀ ਵੀ ਸਦਨ ਵਿੱਚ, ਘੋਰ ਬੇਅਦਬੀ ਕੀਤੀ ਹੈ।ਪੰਜਾਬੀ ਸੂਬੇ ਦੇ ਉਨ੍ਹਾਂ ਲੱਖਾਂ ਪੰਜਾਬੀਆਂ ਦਾ ਵੀ ਅਪਮਾਨ ਕੀਤਾ ਹੈ ਜਿਨ੍ਹਾਂ ਨੇ, ਪੰਜਾਬੀ ਭਾਸ਼ਾ ਦੇ ਆਧਾਰ ਤੇ, ਪੰਜਾਬੀ ਸੂਬਾ ਕਾਇਮ ਕਰਨ ਲਈ, ਲਾਏ ਗਏ ਅਕਾਲੀ ਮੋਰਚਿਆਂ ਵਿੱਚ, ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿੱਚ ਅਨੇਕਾ ਤਸੀਹੇ ਝੱਲੇ ਤੇ ਕੁਰਬਾਨੀਆਂ ਕੀਤੀਆਂ।

ਕਿਸੇ ਬੋਲੀ ਦੇ ਇਤਿਹਾਸ ਵਿੱਚ ਅਤੇ ਭਾਸ਼ਾਈ ਸੱਭਿਆਚਾਰ ਦੇ ਇਤਹਾਸ ਵਿੱਚ, ਇਸ ਤੋਂ ਵੱਡੀ ਵਿਡੰਬਣਾ ਤੇ ਘੋਰ ਅਨਿਆਏ ਹੋਰ ਕੀ ਹੋ ਸਕਦਾ ਹੈ ਕਿ ਜੇ ਉਸ ਸੂਬੇ ਦਾ ਮੁੱਖ ਮੰਤਰੀ, ਜਿਸ ਸੂਬੇ ਦੀ ਹੋਂਦ ਦਾ ਅਧਾਰ ਹੀ ਪੰਜਾਬੀ ਭਾਸ਼ਾ ਹੋਵੇ ਅਤੇ ਮੁੱਖ ਮੰਤਰੀ ਦੀਆਂ ਜ਼ਿਮੇਵਾਰੀਆਂ ਵਿੱਚ, ਇੱਕ ਵੱਡੀ ਜ਼ਿੰਮੇਵਾਰੀ ਇਹ ਵੀ ਸ਼ਾਮਲ ਹੋਵੇ ਕਿ ਉਸਨੇ ਪੰਜਾਬ ਰਾਜ ਭਾਸ਼ਾ ਐਕਟ 1967 ਅਤੇ ਪੰਜਾਬ ਰਾਜ ਭਾਸ਼ਾ (ਸੋਧ) ਐਕਟ



2008 ਦਾ ਨਾ ਸਿਰਫ਼ ਇੰਨ-ਬਿੰਨ ਪਾਲਣ ਕਰਨਾ ਹੈ ਸਗੋਂ ਇਸ ਨੂੰ ਸਰਕਾਰ ਵਿੱਚ ਹਰ ਪੱਧਰ ਤੇ ਲਾਗੂ ਕਰਨ ਲਈ ਇੱਕ ਪਹਿਰੇਦਾਰ ਦੀ ਜ਼ਿੰਮੇਵਾਰੀ ਵੀ ਨਿਭਾਊਂਣੀ ਹੈ ਤੇ ਉਹ ਮੁੱਖ ਮੰਤਰੀ ਜੇ ਇੱਕ ਗ਼ੁਲਾਮ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਰਅਜ ਭਾਸ਼ਾ ਨੂੰ ਪਿੱਠ ਦੇ ਦੇਵੇ ਤਾਂ ਫਿਰ ਏਸ ਤੋਂ ਅਪਰਾਧਜਨਕ ਮੰਜ਼ਰ ਹੋਰ ਕੀ ਹੋ ਸਕਦਾ ਹੈ।

ਇਸ ਤੋਂ ਵੀ ਵੱਧ ਸ਼ਰਮ ਵਾਲੀ ਗੱਲ ਇਹ ਹੋਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਕਿਸੇ ਵੀ ਵਿਧਾਇਕ ਅਤੇ ਲੀਡਰ ਨੇ ਪੰਜਾਬ ਦੀ ਮਾਂ ਬੋਲੀ ਦਾ ਸਦਨ ਵਿੱਚ ਅਪਮਾਨ ਕੀਤੇ ਜਾਣ ਦੇ ਮਸਲੇ ਤੇ ਨਾ ਕੋਈ ਕਿੰਤੂ ਪ੍ਰੰਤੂ ਕੀਤਾ ਅਤੇ ਨਾ ਹੀ ਕੋਈ ਆਵਾਜ਼ ਹੀ ਉਠਾਈ ਹੈ।ਪੰਜਾਬੀ ਮਾਂ ਬੋਲੀ ਪ੍ਰਤੀ, ਪੰਜਾਬ ਦੀਆ ਸਾਰੀਆਂ ਰਾਜਨੀਤਕ ਪਾਰਟੀਆਂ ਦਾ ਅਜੇਹਾ ਅਭਾਵਾਤਮਿਕ ਅਤੇ ਨਿਖੇਧੀ ਪੂਰਨ ਰਵੱਈਆਂ, ਇਸ ਗੱਲ ਦੀ ਪੇਸ਼ੀਨਗੋਈ ਕਰਦਾ ਹੈ ਕਿ ਪੰਜਾਬੀ ਮਾਂ ਬੋਲੀ ਦਾ ਭਵਿੱਖ, ਪੰਜਾਬ ਵਿੱਚ ਹੀ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਕੀ ਰਾਜਨੀਤਕ ਪਾਰਟੀਆਂ ਦੇ ਅਵੇਸਲੇ ਲੀਡਰਾਂ ਦੀ ਦੇਖ ਰੇਖ ਵਿੱਚ ਸੁਰੱਖਿਅਤ ਨਹੀਂ ਹੈ।

ਇਸ ਬੇਹੱਦ ਨਿਖੇਧੀਜਨਕ ਸਥਿੱਤੀ ਦੀ ਰੌਸ਼ਨੀ ਵਿੱਚ, ਦੇਸ-ਪ੍ਰਦੇਸ਼ ਵਿੱਚ ਸਜੱਗ ਪੰਜਾਬੀ ਭਾਸ਼ਾ ਪ੍ਰੇਮੀਆਂ, ਸਾਹਿਤਕਾਰਾਂ, ਸਾਹਿਤ ਸਭਾਵਾਂ ਅਤੇ ਹੋਰ ਸੂਬਾਈ ਪੱਧਰ ਦੀਆਂ ਸਾਹਿਤਕ ਜੱਥੇਬੰਦੀਆਂ ਨੂੰ ਇੱਕ ਪਲੇਟ ਫਾਰਮ ਤੇ ਇਕੱਠੇ ਹੋ ਕੇ ਮਾਂ ਬੋਲੀ ਦੇ ਹੋ ਰਹੇ ਘੋਰ ਅਪਮਾਨ, ਤੇ ਜ਼ਾਹਰਾ ਅਧੋਗਤੀ ਵਿਰੁੱਧ ਲਾਮਬੰਦ ਹੋ ਕੇ , ਇਸ ਵੱਡੀ ਚੁਨੌਤੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਬੜੇ ਜ਼ੋਰ ਨਾਲ ਆਵਾਜ਼ ਉਠਾਊਣੀ ਚਾਹੀਦੀ ਹੈ। ਅਸੀ ਆਊਂਣ ਵਾਲੇ ਦਿਨਾਂ ਵਿੱਚ ਪੰਜਾਬੀ ਮਾਤ ਭਾਸ਼ਾ ਨਾਲ ਜੁੜੀਆਂ, ਸਾਹਿਤਕ ਜੱਥੇਬੰਦੀਆਂ ਦੇ ਸਾਰਥਿਕ ਹੁੰਘਾਰੇ ਦੀ ਉਡੀਕ ਕਰਾਂਗੇ।

# ਕੈਪਟਨ ਸਰਕਾਰ ਵਲੋਂ ਸੂਬੇ ਦੇ ਵਿੱਤੀ ਹਾਲਾਤ 'ਤੇ ਸ.ਫ਼ੈਦ ਪੱਤਰ' ਜਾਰੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿਚ ਸੂਬੇ ਦੇ ਵਿੱਤੀ ਹਾਲਾਤ 'ਤੇ ਸਫ਼ੈਦ ਪੱਤਰ' ਪੇਸ਼ ਕਰਦਿਆਂ ਬਾਦਲ ਸਰਕਾਰ 'ਤੇ ਮਾਲੀ ਪੱਖੋਂ ਬੇਨਿਯਮੀਆਂ ਕਰਨ ਅਤੇ ਪੰਜਾਬ ਨੂੰ ਕਰਜ਼ੇ ਵਿਚ ਡੋਬਣ ਦੇ ਦੋਸ਼ ਲਾਉਂਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਧੀਨ ਰਹੇ ਖ਼ੁਰਾਕ ਤੇ ਸਪਲਾਈ ਵਿਭਾਗ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਇਆ। ਸੂਬੇ ਦੀ ਮਾਲੀ ਹਾਲਤ ਦੇ ਨਿਘਾਰ ਦਾ ਸਭ ਤੋਂ ਵੱਡਾ ਸੂਚਕ ਪੇਸ਼ ਕਰਦਿਆਂ ਦੱਸਿਆ ਗਿਆ ਹੈ ਕਿ ਸਰਕਾਰ ਨੂੰ ਹਾਸਲ ਹੁੰਦੀ ਕੁੱਲ ਆਮਦਨ ਦੇ ਮੁਕਾਬਲੇ ਖ਼ਰਚ 107 ਫ਼ੀਸਦੀ ਤੱਕ ਪਹੁੰਚ ਗਏ ਹਨ। ਕੈਪਟਨ ਸਰਕਾਰ ਨੇ ਬਾਦਲ ਸਰਕਾਰ 'ਤੇ ਸੂਬੇ ਦੇ ਵਿੱਤ ਨਾਲ ਖਿਲਵਾੜ ਕਰਨ ਅਤੇ ਮਨਮਰਜ਼ੀ ਕਰਨ ਦੇ ਤੱਥ ਪੇਸ਼ ਕੀਤੇ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਵਿੱਤੀ ਅਤੇ ਰਾਜ ਪ੍ਰਬੰਧਾਂ ਸਬੰਧੀ ਸਾਬਕਾ ਸਰਕਾਰ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਦੇ ਦੋ ਸਫ਼ੈਦ ਪੱਤਰ ਪੇਸ਼ ਕੀਤੇ। ਅਕਾਲੀ ਮੈਂਬਰ ਤੇ ਸਾਬਕਾ ਵਿੱਤ ਮੰਤਰੀ



ਪਰਮਿੰਦਰ ਸਿੰਘ ਢੀਂਡਸਾ ਨੇ ਵੀ ਬਾਦਲ ਸਰਕਾਰ ਦਾ ਪੱਖ ਪੂਰਦਾ ਸਫ਼ੈਦ ਪੱਤਰ ਪੇਸ਼ ਕਰਨ ਦਾ ਯਤਨ ਕੀਤਾ। ਅਕਾਲੀ ਮੈਂਬਰਾਂ ਨੇ ਸਰਕਾਰ ਵਲੋਂ ਸਫ਼ੈਦ ਪੱਤਰ ਜਾਰੀ ਕਰਨ ਤੋਂ ਬਾਅਦ ਸਦਨ ਵਿਚ ਨਾਅਰੇਬਾਜ਼ੀ ਕੀਤੀ ਅਤੇ ਵਾਕਆਊਟ ਵੀ ਕੀਤਾ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਰਾਜ ਸਰਕਾਰ ਨੂੰ ਹਾਸਲ ਹੁੰਦੇ ਮਾਲੀਏ ਵਿਚੋਂ 85 ਫ਼ੀਸਦੀ ਤਾਂ ਤਨਖ਼ਾਹਾਂ, ਪੈਨਸ਼ਨਾਂ ਤੇ ਵਿਆਜ ਦੀਆਂ ਅਦਾਇਗੀਆਂ ਵਿਚ ਲੱਗ ਜਾਂਦਾ ਹੈ। ਜੇ ਬਿਜਲੀ ਸਬਸਿਡੀ ਤੇ ਪੁਲੀਸ ਦੇ ਖ਼ਰਚ ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਖ਼ਰਚ 107 ਫ਼ੀਸਦੀ ਤੱਕ ਪਹੁੰਚ ਜਾਂਦਾ ਹੈ।

ਸਫ਼ੈਦ ਪੱਤਰ ਰਾਹੀਂ ਦਾਅਵਾ ਕੀਤਾ ਗਿਆ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ ਸਾਲ 2007 ਤੱਕ ਮਾਲੀ ਤੌਰ 'ਤੇ ਸਰਕਾਰ ਘਾਟੇ ਵਿਚ ਨਹੀਂ ਸੀ ਅਤੇ ਅਕਾਲੀਆਂ ਦੇ ਸੱਤਾ ਸੰਭਾਲਦਿਆਂ ਹੀ 2007 ਤੋਂ ਅਜਿਹਾ ਘਾਟਾ ਸ਼ੁਰੂ ਹੋਇਆ ਕਿ ਖ਼ਜ਼ਾਨਾ ਸੰਭਲ ਹੀ ਨਹੀਂ ਸਕਿਆ। ਸਫ਼ੈਦ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਜਦੋਂ ਬਾਦਲ ਸਰਕਾਰ ਨੇ ਗੱਦੀ ਛੱਡੀ, ਉਸ ਸਮੇਂ 2.08 ਲੱਖ ਕਰੋੜ ਰੁਪਏ ਦਾ ਕਰਜ਼ਾ ਵਿਰਾਸਤ ਵਿਚ ਮਿਲਿਆ, ਜਦੋਂ ਕਿ 13039 ਕਰੋੜ ਰੁਪਏ ਦੀਆਂ ਦੇਣਦਾਰੀਆਂ ਵੀ ਸਰਕਾਰ ਸਿਰ ਖੜ੍ਹੀਆਂ ਸਨ। ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਬੇਹੱਦ ਵਿਵਾਦਤ ਮਾਮਲੇ ਕੈਸ਼ ਕਰੈਡਿਟ ਲਿਮਿਟ (ਸੀਸੀਐੱਲ) ਦਾ ਜ਼ਿਕਰ ਕਰਦਿਆਂ ਸਫ਼ੈਦ ਪੱਤਰ 'ਚ ਕਿਹਾ ਗਿਆ ਕਿ ਜਿਸ ਤਰ੍ਹਾਂ ਸੀਸੀਐੱਲ ਦਾ ਮਾਮਲਾ ਨਜਿੱਠਣ ਦਾ ਯਤਨ ਕੀਤਾ ਗਿਆ, ਉਸ ਵਿਚ ਘਪਲਿਆਂ ਨੂੰ ਹੀ ਢਕਿਆ ਗਿਆ ਹੈ। ਬਾਦਲ ਸਰਕਾਰ 'ਤੇ ਪੀਆਈਡੀਬੀ ਨੂੰ 3172 ਕਰੋੜ ਰੁਪਏ, ਦਿਹਾਤੀ ਵਿਕਾਸ ਫੰਡ ਨੂੰ 2090 ਅਤੇ ਪੁੱਡਾ ਨੂੰ 1413 ਕਰੋੜ ਰੁਪਏ ਦਾ ਕਰਜ਼ਾਈ ਕਰਨ ਦਾ ਦੋਸ਼ ਲਾਇਆ ਗਿਆ ਹੈ।

ਸਫੈਦ ਪੱਤਰ ਵਿਚ ਕਿਹਾ ਗਿਆ ਹੈ ਕਿ ਆਟਾ-ਦਾਲ ਸਕੀਮ ਕਾਰਨ ਸਰਕਾਰ ਨੇ ਪਨਸਪ ਨੂੰ 1125 ਕਰੋੜ ਰੁਪਏ, ਮਾਰਕਫੈੱਡ ਨੂੰ 349 ਕਰੋੜ ਰੁਪਏ, ਗੁਦਾਮ ਨਿਗਮ ਨੂੰ 52 ਕਰੋੜ ਰੁਪਏ ਅਤੇ ਪੰਜਾਬ ਐਗਰੋ ਇੰਡਸਟਰੀਜ਼ ਨਿਗਮ ਨੂੰ 220 ਕਰੋੜ ਰੁਪਏ ਦੇਣੇ ਹਨ। ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਵਲੋਂ ਬਣਾਏ ਗਏ ਸਾਈਲੋ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਸਫੈਦ ਪੱਤਰ ਵਿਚ ਕਿਹਾ ਗਿਆ ਹੈ ਕਿ ਪਨਗਰੇਨ ਨੇ ਮੰਤਰੀਆਂ ਦੀ ਸਬ ਕਮੇਟੀ ਦੀ ਰਿਪੋਰਟ ਉਡੀਕੇ ਬਿਨਾਂ ਹੀ ਸਾਰੇ ਨਿਯਮ ਛਿੱਕੇ ਟੰਗ ਕੇ ਸਾਈਲੋ ਬਣਾਉਣ ਦਾ ਕੰਮ ਜਾਰੀ ਰੱਖਿਆ।

## ਸੁਖਬੀਰ ਬਾਦਲ ਨੇ ਵ੍ਹਾਈਟ ਪੇਪਰ' ਨੂੰ ਝੂਠ ਦਾ ਪੁਲੰਦਾ ਦੱਸਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਸਰਕਾਰ ਦੇ 'ਵ੍ਹਾਈਟ ਪੇਪਰ' ਮੁਕਾਬਲੇ ਆਪਣਾ ਵ੍ਹਾਈਟ ਪੇਪਰ ਪੇਸ਼ ਕਰਦਿਆਂ ਸਰਕਾਰੀ ਵ੍ਹਾਈਟ ਪੇਪਰ' ਨੂੰ ਝੂਠ ਦਾ ਪੁਲੰਦਾ ਦੱਸਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਦੀ ਪਹਿਲੀ ਸਰਕਾਰ (2007) ਵਿਚ ਵਿੱਤ ਮੰਤਰੀ ਮਨਪ੍ਰੀਤ ਬਾਦਲ ਹੀ ਸਨ ਤੇ ਉਨ੍ਹਾਂ ਨੇ ਉਸ ਵੇਲੇ ਬਜਟ ਵਿਚ ਲਿਖਿਆ ਸੀ ਕਿ ਕਾਂਗਰਸ ਸਰਕਾਰ ਦੇ ਜਾਣ ਸਮੇਂ ਸੂਬੇ ਦੀ ਵਿੱਤੀ ਹਾਲਤ ਮਾੜੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਭਲਕ ਦੇ ਬਜਟ ਭਾਸ਼ਨ ਵਿਚ ਓਹੀ ਕਹਾਣੀ ਮੁੜ ਬਿਆਨ ਕੀਤੀ ਜਾਵੇਗੀ ਤੇ ਫ਼ਰਕ ਸਿਰਫ਼ ਇੰਨਾ ਹੋਵੇਗਾ ਕਿ ਕਾਂਗਰਸ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਲਿਖਿਆ ਹੋਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸੀ ਵਿੱਤ ਮੰਤਰੀ ਨੇ ਅਜਿਹੇ ਤੱਥ ਸਰਕਾਰੀ ਵ੍ਹਾਈਟ ਪੇਪਰ ਵਿਚ ਪੇਸ਼ ਕੀਤੇ ਹਨ, ਜਿਨ੍ਹਾਂ ਨਾਲ ਪਿਛਲੀ ਸਰਕਾਰ ਨੂੰ ਬਦਨਾਮ ਕੀਤਾ ਜਾ ਸਕੇ। ਕੈਪਟਨ ਦੀ ਪਿਛਲੀ ਸਰਕਾਰ ਵੇਲੇ ਕੁੱਲ ਘਰੇਲੂ ਉਤਪਾਦ ਵਿਚ ਵਾਧਾ 54 ਫ਼ੀਸਦ ਸੀ, ਜਿਹੜਾ ਅਕਾਲੀ-ਭਾਜਪਾ ਸਰਕਾਰ ਸਮੇਂ ਵੱਧ ਕੇ 257.4 ਫ਼ੀਸਦ ਹੋ ਗਿਆ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਸਮੇਂ ਕਰਜ਼ਾ ਕੁਲ ਘਰੇਲੂ ਉਤਪਾਦ ਦਾ 40.1 ਫ਼ੀਸਦ ਸੀ ਜਦਕਿ ਅਕਾਲੀ ਸਰਕਾਰ ਦੇ ਸੱਤਾ ਤੋਂ ਲਾਂਭੇ ਹੋਣ ਸਮੇਂ ਕਰਜ਼ਾ 28.9 ਫ਼ੀਸਦ ਰਹਿ ਗਿਆ ਸੀ। ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਕਰਜ਼ੇ ਬਾਰੇ ਸਹੀ ਤੱਥ ਪੇਸ਼ ਨਹੀਂ ਕਰ ਰਹੀ। ਸੂਬੇ ਸਿਰ ਕਰਜ਼ਾ 51140 ਕਰੋੜ ਤੋਂ ਵੱਧ ਕੇ ਸਾਲ 2017 ਵਿਚ 1,48,230 ਕਰੋੜ ਰੁਪਏ ਹੋਇਆ ਹੈ। ਇਸ ਵਾਧੇ ਦੇ ਬਾਵਜੂਦ ਪੰਜਾਬ, ਦੇਸ਼ ਵਿਚੋਂ 13ਵੇਂ ਸਥਾਨ 'ਤੇ ਸੀ ਅਤੇ ਇਹ ਕਰਜ਼ਾ ਭਾਰਤੀ ਰਿਜ਼ਰਵ ਬੈਂਕ ਵਲੋਂ ਤੈਅ ਮਾਪਦੰਡਾਂ ਅਨੁਸਾਰ ਸੀ।

# ਕੈਪਟਨ ਸਰਕਾਰ ਵਲੋਂ ਕਿਸਾਨਾਂ ਦੇ ਦੋ ਲੱਖ ਤੱਕ ਦੇ .ਫਸਲੀ ਕਰਜ਼ੇ ਮੁਆ.ਫ

***ਸ.ਫਾ ਇਕ ਦੀ ਬਾਕੀ***

ਜਿਨ੍ਹਾਂ ਕਿਸਾਨਾਂ ਸਿਰ ਫ਼ਸਲੀ ਕਰਜ਼ਾ ਦੋ ਲੱਖ ਰੁਪਏ ਤੋਂ ਵੱਧ ਵੀ ਹੋਵੇਗਾ, ਉਨ੍ਹਾਂ ਦੇ ਵੀ ਦੋ ਲੱਖ ਰੁਪਏ ਮੁਆਫ਼ ਕੀਤੇ ਜਾਣਗੇ। ਇਸ ਦਾਇਰੇ ਵਿਚ ਕਰੀਬ 1.5 ਲੱਖ ਕਿਸਾਨ ਹੋਰ ਆ ਜਾਣਗੇ। ਇੰਜ ਭਾਵ 10.25 ਲੱਖ ਦੇ ਕਰੀਬ ਕਿਸਾਨਾਂ ਨੂੰ ਰਾਹਤ ਮਿਲੇਗੀ।

ਉਨ੍ਹਾਂ ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਰਾਂ ਦਾ ਪੂਰਾ ਕਰਜ਼ਾ ਸਰਕਾਰ ਵਲੋਂ ਅਦਾ ਕੀਤੇ ਜਾਣ ਦਾ ਐਲਾਨ ਕੀਤਾ ਹੈ। ਇਹ ਪੀੜਤ ਪਰਿਵਾਰ ਸੂਬੇ ਦੀਆਂ ਤਿੰਨਾਂ ਯੂਨੀਵਰਸਿਟੀਆਂ ਵਲੋਂ ਦਿੱਤੀ ਜਾਣ ਵਾਲੀ ਰਿਪੋਰਟ ਦੇ ਆਧਾਰ ਉਤੇ ਮੰਨੇ ਜਾਣਗੇ। ਉਨ੍ਹਾਂ ਖ਼ੁਦਕੁਸ਼ੀ ਪੀੜਤ ਪਰਿਵਰਾਂ ਨੂੰ ਦਿੱਤੀ ਜਾਣ ਵਾਲੀ 3 ਲੱਖ ਰੁਪਏ ਦੀ ਰਾਹਤ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਵੀ ਕੀਤਾ। ਕਾਂਗਰਸ ਦੇ ਚੋਣ ਮੈਨੀਫੈਸਟੋ ਵਿਚ ਇਹ ਰਕਮ ਦਸ ਲੱਖ ਰੁਪਏ ਕਰਨ ਦਾ ਵਾਅਦਾ ਸੀ। ਮੁੱਖ ਮੰਤਰੀ ਨੇ ਇਹ ਫੈਸਲੇ ਖੇਤੀ ਕਰਜ਼ਾ ਮੁਆਫ਼ ਕਰਨ ਸਬੰਧੀ ਬਣਾਈ ਟੀ. ਹੱਕ ਕਮੇਟੀ ਦੀ ਅੰਤਰਿਮ ਰਿਪੋਰਟ ਅਤੇ ਕਮੇਟੀ ਨਾਲ ਕੀਤੀ ਮੀਟਿੰਗ ਦੇ ਆਧਾਰ ਉਤੇ ਕੀਤੇ। ਕਮੇਟੀ ਨੇ ਦੋ ਮਹੀਨੇ ਅੰਦਰ ਆਪਣੀ ਵਿਸਥਾਰਤ ਰਿਪੋਰਟ ਦੇਣੀ ਹੈ। ਇੱਕ ਅਨੁਮਾਨ ਅਨੁਸਾਰ ਮੁੱਖ ਮੰਤਰੀ ਵਲੋਂ ਕੀਤੇ ਐਲਾਨ ਨਾਲ ਕਿਸਾਨਾਂ ਦੇ ਲਗਭਗ 10 ਤੋਂ 12 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆ.ਫ਼ ਹੋਣਗੇ। ਗੌਰਤਲਬ ਹੈ ਕਿ ਕਰਜ਼ ਮੁਆ.ਫ਼ੀ ਵਿਚ ਖੇਤੀ ਮਸ਼ੀਨਰੀ ਜਾਂ ਸਹਾਇਕ ਧੰਦਿਆਂ ਲਈ ਲਏ ਕਰਜ਼ੇ (ਟਰਮ ਲੋਨ) ਸ਼ਾਮਲ ਨਹੀਂ ਹਨ। ਸ਼ਾਹੂਕਾਰਾ ਕਰਜ਼ਾ ਵੀ ਇਸ ਵਿਚ ਸ਼ਾਮਲ ਨਹੀਂ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸ਼ਾਹੂਕਾਰਾ ਕਰਜ਼ੇ ਸਬੰਧੀ ਕਮੇਟੀ ਬਣਾਈ ਗਈ ਹੈ, ਜੋ ਇਨ੍ਹਾਂ ਨੂੰ ਨਿਯਮਤ ਕਰਨ ਅਤੇ ਹੱਲ ਕਰਨ ਲਈ ਕਾਨੂੰਨ ਬਣਾਉਣ ਸਬੰਧੀ ਰਿਪੋਰਟ ਪੇਸ਼ ਕਰੇਗੀ। ਹੱਕ ਕਮੇਟੀ ਦੀ ਵਿਸਥਾਰਤ ਰਿਪੋਰਟ ਪਿੱਛੋਂ ਟਰਮ ਲੋਨ ਬਾਰੇ ਵੀ ਫੈਸਲਾ ਹੋਣ ਦੇ ਆਸਾਰ ਹਨ।

ਮੁੱਖ ਮੰਤਰੀ ਨੇ ਬਾਗਬਾਨੀ ਨੂੰ ਹੁਲਾਰਾ ਦੇਣ ਲਈ ਡਾ. ਐਮ.ਐਸ. ਰੰਧਾਵਾ ਦੇ ਨਾਂ ਉਤੇ ਇੱਕ ਬਾਗਬਾਨੀ ਯੂਨੀਵਰਸਿਟੀ ਸਥਾਪਤ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਦੀ ਅਪੀਲ ਉਤੇ ਸਪੀਕਰ ਨੇ ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਬਣਾ ਕੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਗੱਲਬਾਤ ਤੋਂ ਬਾਅਦ ਰਿਪੋਰਟ ਪੇਸ਼ ਕਰਨ ਬਾਰੇ ਸਹਿਮਤੀ ਜਤਾਈ। ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਜਾਰੀ ਰੱਖਣ ਦਾ ਵਾਅਦਾ ਮੁੜ ਦੁਹਰਾਉਂਦਿਆਂ ਕੈਪਟਨ ਨੇ ਵੱਡੇ ਕਿਸਾਨਾਂ ਨੂੰ ਸਵੈਇਛੁਕ ਤੌਰ ਉਤੇ ਮੁਫ਼ਤ ਬਿਜਲੀ ਦੀ ਸਹੂਲਤ ਛੱਡ ਦੇਣ ਦੀ ਅਪੀਲ ਕੀਤੀ। ਕਾਂਗਰਸ ਵਿਧਾਇਕਾਂ ਨੇ ਹੱਥ ਖੜ੍ਹੇ ਕਰਕੇ ਇਸ ਦਾ ਸਮਰਥਨ ਕੀਤਾ।ਅਕਾਲੀ ਵਿਧਾਇਕ ਪਹਿਲਾਂ ਹੀ ਵਾਕਆਊਟ ਕਰਕੇ ਜਾ ਚੁੱਕੇ ਹਨ।

ਮੁੱਖ ਮੰਤਰੀ ਨੇ ਅੰਗਰੇਜ਼ੀ ਵਿਚ ਲੰਬਾ ਭਾਸ਼ਣ ਪੜ੍ਹਦਿਆਂ ਰਿਆਇਤਾਂ ਦਾ ਐਲਾਨ ਕੀਤਾ। ਉਨ੍ਹਾਂ ਸੂਬੇ ਵਿਚ ਸਨਅਤਾਂ ਲਈ ਬਿਜਲੀ ਦਰ ਪ੍ਰਤੀ ਯੂਨਿਟ 5 ਰੁਪਏ ਤੱਕ ਜਾਮ ਕਰਨ ਭਾਵ ਅੱਗੋਂ ਵੀ ਇਸ ਨੂੰ ਨਾ ਵਧਾਉਣ ਦਾ ਐਲਾਨ ਕੀਤਾ। ਸਨਅਤਕਾਰਾਂ ਦੀ ਮੰਗ ਉਤੇ ਟਰੱਕ ਯੂਨੀਅਨਾਂ ਨੂੰ ਇੱਕੋ ਝਟਕੇ ਬੰਦ ਕਰਨ ਦਾ ਐਲਾਨ ਵੀ ਕਰ ਦਿੱਤਾ। ਮੁੱਖ ਮੰਤਰੀ ਦੇ ਐਲਾਨਾਂ ਦਾ ਸਵਾਗਤ ਕਰਦਿਆਂ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਤਿੰਨ ਧੰਨਵਾਦੀ ਮਤੇ ਵੀ ਪਾਸ਼ ਕੀਤੇ। ਖੇਤੀ ਖੇਤਰ ਲਈ ਆਪ' ਦੇ ਕੰਵਰ ਸੰਧੂ, ਉਦਯੋਗਾਂ ਲਈ ਆਪ' ਦੇ ਅਮਨ ਅਰੋੜਾ ਨੇ ਵੀ ਮਤੇ ਦੀ ਪ੍ਰੋੜ੍ਹਤਾ ਕੀਤੀ ਪਰ ਬਾਅਦ 'ਚ ਆਏ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਨੇ ਕਿਹਾ ਕਿ ਇਹ ਐਲਾਨ ਅਧੂਰੇ ਹਨ, ਜਦੋਂ ਲਾਗੂ ਹੋ ਗਏ ਉਸ ਮੌਕੇ ਹੀ ਸਮਰਥਨ ਕੀਤਾ ਜਾਵੇਗਾ।

ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਦਰਿਆਵਾਂ ਦਾ ਪਾਣੀ ਹੋਰ ਸੂਬਿਆਂ ਨੂੰ ਦੇਣ ਲਈ ਕੋਈ ਵੀ ਨਵੀਂ ਨਹਿਰ ਕੱਢਣ ਦੀ ਇਜਾਜ਼ਤ ਦੇਣ ਦੀ ਸੂਬੇ ਕੋਲ ਰੱਤੀ ਭਰ ਵੀ ਗੁੰਜਾਇਸ਼ ਨਹੀਂ ਹੈ। ਮੁੱਖ ਮੰਤਰੀ ਨੇ ਵਿਧਾਨ ਸਭਾ ਵਿਚ ਐਲਾਨ ਕਰਦਿਆਂ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਵਲੋਂ ਪੰਜਾਬ ਦੇ ਪਾਣੀ ਬਚਾਉਣ ਲਈ ਕਦਮ ਚੁੱਕੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਕੋਲ ਵਾਧੂ ਪਾਣੀ ਨਹੀਂ ਹੈ ਅਤੇ ਦਰਿਆਵਾਂ ਦਾ ਪਾਣੀ ਦੇਣ ਨਾਲ ਦੱਖਣੀ-ਪੱਛਮੀ ਪੰਜਾਬ ਦੀ 10 ਲੱਖ ਏਕੜ ਜ਼ਮੀਨ ਬੰਜਰ ਹੋ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੇਂਦਰ ਸਰਕਾਰ ਨੂੰ ਸੁਪਰੀਮ ਕੋਰਟ ਦੇ ਧਿਆਨ ਵਿਚ ਇਹ ਤੱਥ ਲਿਆਉਣ ਲਈ ਅਪੀਲ ਕਰੇਗੀ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਲੋਂ ਜਲ ਪ੍ਰਬੰਧਨ ਦੀ ਨੀਤੀ ਘੋਖੀ ਜਾਵੇਗੀ ਅਤੇ ਸੂਬਾ ਪੱਧਰ 'ਤੇ ਜ਼ਮੀਨਦੋਜ਼ ਜਲ ਅਥਾਰਟੀ ਕਾਇਮ ਕਰਕੇ ਨਿਰੰਤਰ ਆਧਾਰ 'ਤੇ ਜ਼ਮੀਨ ਹੇਠਲੇ ਪਾਣੀ ਦਾ ਪ੍ਰਬੰਧ ਤੇ ਨਿਗਰਾਨੀ ਰੱਖੀ ਜਾਵੇਗੀ।

**ਤਿੰਨ ਮਹੀਨਿਆਂ 'ਚ ਬੇਅਦਬੀ ਦੇ ਸਿਰ.ਫ 13 ਮਾਮਲੇ:**

ਚੰਡੀਗੜ੍ਹ : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸੇ ਧਰਮ ਦਾ ਨਿਰਾਦਰ ਅਤੇ ਬੇਅਦਬੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਿਛਲੀ ਸਰਕਾਰ ਵੇਲੇ ਬੇਅਦਬੀ ਦੀਆਂ 154 ਘਟਨਾਵਾਂ ਵਾਪਰੀਆਂ ਸਨ, ਜਿਨ੍ਹਾਂ ਵਿਚੋਂ 86 ਹੱਲ ਹੋਈਆਂ। ਮੌਜੂਦਾ ਸਰਕਾਰ ਦੇ ਤਿੰਨ ਮਹੀਨਿਆਂ ਦੌਰਾਨ ਸਿਰਫ਼ 13 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚੋਂ 12 ਦਾ ਹੱਲ ਕਰਦਿਆਂ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਦੇ ਰਾਜ ਦੌਰਾਨ ਪੈਦਾ ਹੋਏ ਗਰੋਹ ਖ਼ਤਮ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਪ੍ਰਸ਼ਾਸਨ ਨੂੰ ਚੁਸਤ-ਦਰੁਸਤ ਕਰਨ ਲਈ ਸਰਕਾਰ ਨੇ ਰਾਜ ਵਿਚ 278 ਪੁਲੀਸ ਥਾਣਿਆਂ ਦੀ ਮੁੜ ਹੱਦਬੰਦੀ ਕਰਦਿਆਂ 78 ਪੁਲੀਸ ਸਬ-ਡਿਵੀਜ਼ਨਾਂ ਨੂੰ ਮਾਲ ਸਬ-ਡਿਵੀਜ਼ਨਾਂ ਦੀ ਹੱਦਬੰਦੀ ਨਾਲ ਜੋੜ ਦਿੱਤਾ ਹੈ।

# ਭੁੱਖ ਹੜਤਾਲ ਖਤਮ ਕਰਨ ਲਈ ਝੂਠੇ ਵਾਅਦਿਆਂ ਦਾ ਰਾਸ਼ਟਰ ਧਰਮ

**ਨੋਟਬੰਦੀ ਅਤੇ ਜੀ.ਐਸ.ਟੀ. ਦੇ ਡਿਜੀਟਲ ਇੰਡੀਆ 'ਚ ਕਿਸਾਨਾਂ ਦੀ ਹਾਲਤ ਹੋਰ ਬਦਤਰ ਹੁੰਦੀ ਜਾ ਰਹੀ ਹੈ। ਸਰਕਾਰ ਵੱਲੋਂ ਅੰਕੜੇ ਛੁਪਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਦੇ ਬਾਵਜੂਦ ਨੋਟਬੰਦੀ ਦੇ ਬੁਰੇ ਨਤੀਜੇ, ਮੰਦੀ ਅਤੇ ਬੇਰੁਜ਼ਗਾਰੀ ਸਾਹਮਣੇ ਆਉਣ ਲੱਗੀ ਹੈ।**

**ਚਿਰਾਗ ਗੁਪਤਾ**

ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਰਾਸ਼ਟਰ ਧਰਮ ਲਈ ਭੁੱਖ ਹੜਤਾਲ ਸੂਬੇ 'ਚ ਸ਼ਾਂਤੀ ਬਹਾਲੀ ਤੋਂ ਬਾਅਦ ਉਨ੍ਹਾਂ ਨੇ ਖ਼ਤਮ ਕਰ ਦਿੱਤੀ ਹੈ। ਤਿੰਨ ਵਾਰ ਸੱਤਾ ਦੀ ਮਲਾਈ ਖਾਣ ਤੋਂ ਬਾਅਦ ਸੀ.ਐਮ. ਦਾ ਵਰਤ ਬਣਦਾ ਹੈ, ਪਰ ਕਿਸਾਨਾਂ ਨਾਲ ਕੀਤੇ ਗਏ ਵਾਅਦਿਆਂ ਦਾ ਰਾਸ਼ਟਰ ਧਰਮ ਪੂਰਾ ਨਾ ਹੋਣ ਦੇ ਕਲੰਕ ਦਾ ਮੂਲਾਂਕਣ ਕਿਵੇਂ ਹੋਵੇਗਾ? ਮੁੱਖ ਮੰਤਰੀ ਦੀ ਭੁੱਖ ਹੜਤਾਲ ਤੋਂ ਬਾਅਦ ਕੀ ਹੁਣ ਭਾਜਪਾ 'ਚ ਮੰਥਨ ਹੋਵੇਗਾ?

ਬ੍ਰਾਂਡਿੰਗ ਦੀ ਬਦੌਲਤ ਦੇਸ਼ 'ਚ ਸੱਭ ਤੋਂ ਵੱਧ ਖੇਤੀ ਵਿਕਾਸ ਵਾਲੇ ਸੂਬੇ ਦੇ ਮੁੱਖ ਮੰਤਰੀ ਕਿਸਾਨਾਂ ਦੇ ਗੁੱਸੇ ਨੂੰ ਜਾਣ ਨਾ ਸਕੇ ਅਤੇ ਹੁਣ ਇੰਟੈਲੀਜੈਂਸ ਦੀ ਵਿਫਲਤਾ ਦੇ ਬੇਹੁਦਾ ਤਰਕ ਦਿੱਤੇ ਜਾ ਰਹੇ ਹਨ। ਮ੍ਰਿਤਕ ਕਿਸਾਨਾਂ ਦਾ ਸ਼ੁੱਧ ਅਤੇ ਰਿਤੀ-ਰਿਵਾਜਾਂ ਨਾਲ ਸੰਸਕਾਰ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਭੋਪਾਲ ਬੁਲਾ ਕੇ ਭੁੱਖ ਹੜਤਾਲ ਖਤਮ ਕਰਨ ਦੀ ਰਸਮ ਅਦਾਇਗੀ ਕਰਨ ਵਾਲੇ ਚੌਹਾਨ ਹੁਣ ਹੈਪੀ ਪ੍ਰਦੇਸ਼ ਦੇ ਮੁਖੀ ਦਾ ਦਾਅਵਾ ਕਿਵੇਂ ਕਰ ਸਕਦੇ ਹਨ?



ਸਰਕਾਰ ਵੱਲੋਂ ਖੇਤੀ ਅਤੇ ਪਿੰਡਾਂ ਨੂੰ ਨਜ਼ਰਅੰਦਾਜ ਕਰਨ ਨਾਲ ਕਿਸਾਨਾਂ ਦੀ ਹਾਲਤ ਹੋਰ ਬਦਤਰ ਹੁੰਦੀ ਜਾ ਰਹੀ ਹੈ। ਕਰਜ਼ੇ 'ਚ ਡੁੱਬੇ 52 ਫ਼ੀਸਦੀ ਕਿਸਾਨਾਂ ਦੀ ਕਰਜ਼ਾ ਮਾਫ਼ੀ ਤੋਂ ਬੈਂਕ ਅਤੇ ਵਿੱਤੀ ਹਾਲਤ ਡਾਵਾਂਡੋਲ ਹੋ ਜਾਵੇਗੀ। ਸਮਾਰਟ ਸਿਟੀ ਅਤੇ ਬੁਲੇਟ ਟਰੇਨ ਆਧਾਰਿਤ ਆਰਥਿਤ ਨੀਤੀਆਂ 'ਚ ਬਦਲਾਵ ਕਰ ਕੇ ਪਿੰਡਾਂ ਨੂੰ ਖ਼ੁਸ਼ਹਾਲ ਬਣਾਉਣ ਦੀ ਠੋਸ ਪਹਿਲ ਦੀ ਥਾਂ ਕਰਜ਼ਾ ਮਾਫ਼ੀ ਦੀ ਰਾਜਨੀਤੀ ਤੋਂ ਕਿਸਾਨ ਕਿਵੇਂ ਆਪਣੇ ਪੈਰਾਂ 'ਤੇ ਖੜਾ ਹੋ ਸਕੇਗਾ? ਜੰਤਰ-ਮੰਤਰ 'ਚ ਕਿਸਾਨਾਂ ਦੇ ਸ਼ਾਂਤੀਪੂਰਨ ਅੰਦੋਲਨਾਂ 'ਤੇ ਸੰਵੇਦਨਹੀਨ ਸਰਕਾਰ ਹਿੰਸਾ ਤੋਂ ਬਾਅਤ ਮੁਆਵਜੇ ਨੂੰ 20 ਗੁਣਾ ਵਧਾ ਕੇ 1 ਕਰੋੜ ਕਰ ਦਿੰਦੀ ਹੈ, ਫਿਰ ਭਵਿੱਖ 'ਚ ਹਿੰਸਕ ਅੰਦੋਲਨਾਂ 'ਤੇ ਲਗਾਮ ਕਿਵੇਂ ਲਗੇਗੀ?

ਸਰਕਾਰ ਵੱਲੋਂ ਅੰਕੜਿਆਂ ਨੂੰ ਦਬਾਉਣ ਦੀ ਭਰਪੂਰ ਕੋਸ਼ਿਸ਼ਾਂ ਦੇ ਬਾਵਜੂਦ ਨੋਟਬੰਦੀ ਦੇ ਬੁਰੇ ਨਤੀਜੇ, ਮੰਦੀ ਅਤੇ ਬੇਰੁਜ਼ਗਾਰੀ ਵਜੋਂ ਸਾਹਮਣੇ ਆਉਣ ਲੱਗੀ ਹੈ। ਜੀ.ਐਸ.ਟੀ. ਤੋਂ ਵੱਡੀ ਕੰਪਨੀਆਂ ਨੂੰ ਭਾਵੇਂ ਲਾਭ ਮਿਲਿਆ ਹੋਵੇ, ਪਰ ਅਸੰਗਠਿਤ ਖੇਤਰ ਦੇ ਰੁਜ਼ਗਾਰਾਂ 'ਚ ਕਮੀ ਆ ਸਕਦੀ ਹੈ। ਡਿਜੀਟਲ ਇੰਡੀਆ ਦੇ ਨਾਂ 'ਤੇ ਵਿਦੇਸ਼ੀ ਕੰਪਨੀਆਂ ਨੂੰ ਭਾਰਤ 'ਚ ਵਪਾਰ ਦੂ ਖੁਲ੍ਹੀ ਛੋਟ ਨਾਲ ਛੋਟੇ ਵਪਾਰੀ ਤਬਾਹ ਹੋ ਰਹੇ ਹਨ। 55 ਫ਼ੀਸਦੀ ਰੁਜ਼ਗਾਰ ਦੇਣ ਵਾਲੀ ਪੇਂਡੂ ਵਿਵਸਥਾ ਦੀ ਜੀ.ਡੀ.ਪੀ. 'ਚ 17 ਫ਼ੀਸਦੀ ਦੀ ਭਾਗੀਦਾਰੀ ਸਕਰਾਰ ਦੀ ਮਾੜੀ ਆਰਥਿਕ ਨੀਤੀਆਂ ਕਾਰਨ ਹੋਰ ਵੀ ਘੱਟ ਹੋ ਰਹੀ ਹੈ।

ਖੇਤੀ ਦੀ ਸਿਰਫ਼ 1.2 ਫ਼ੀਸਦੀ ਵਿਕਾਸ ਦਰ ਦੇ ਬਾਵਜੂਦ ਕਿਸਾਨਾਂ ਦੀ ਆਮਦਨ ਸਾਲ 2022 ਤੱਕ ਕਿਵੇਂ ਦੁਗਣੀ ਹੋ ਸਕਦੀ ਹੈ? ਇਸ ਬਾਰੇ ਚੋਣ ਮੈਨੀਫੈਸਟੋ 'ਚ ਵਾਅਦੇ ਅਤੇ ਰਾਜਨੀਤਕ ਬਿਆਨਬਾਜ਼ੀ ਤਾਂ ਹੋ ਰਹੀ ਹੈ, ਪਰ ਪੱਕਾ ਬਲੂ ਪ੍ਰਿੰਟ ਨਦਾਰਦ ਹੈ। ਮੁੱਖ ਮੰਤਰੀ ਚੌਹਾਨ ਨੂੰ ਵਰਤ ਦੌਰਾਨ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਪੜ੍ਹਨ ਦਾ ਮੌਕਾ ਮਿਲਿਆ, ਫਿਰ ਇੰਨੇ ਸਾਲਾਂ ਤੋਂ ਕਿਸਾਨਾਂ ਨੂੰ ਫਸਲ ਦਾ ਡੇਢ ਗੁਣਾ ਮੁੱਲ ਦਿਵਾਉਣ ਦਾ ਦਾਅਵਾ ਉਹ ਕਿਵੇਂ ਕਰ ਰਹੇ ਸਨ? ਖੇਤੀ ਦੇ ਵਿਕਾਸ ਲਈ ਠੋਸ ਪਹਿਲ ਦੀ ਥਾਂ ਪਸ਼ੂ ਹੱਤਿਆ ਜਿਹੇ ਬੇਹੁਦਾ ਕਾਨੂੰਨਾਂ ਤੋਂ ਪੇਂਡੂ ਅਰਥਵਿਵਸਥਾ ਹੋਰ ਬਦਹਾਲ ਹੋ ਰਹੀ ਹੈ। ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਕਿਹਾ ਸੀ ਕਿ ਰਾਜਨੀਤਕ ਪਾਰਟੀਆਂ ਵੱਲੋਂ ਚੋਣ ਘੋਸ਼ਣਾ ਪੱਤਰ ਦੇ ਵਾਅਦੇ ਪੂਰੇ ਨਾ ਕਰਨ 'ਤੇ ਸਜ਼ਾ ਦੇਣ ਦਾ ਕਾਨੂੰਨ ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਚੌਹਾਨ ਦੇ ਸਾਰੇ ਦਾਅਵਿਆਂ ਅਤੇ ਘੋਸ਼ਣਾਵਾਂ ਦੀ ਪਬਲਿਕ ਆਡਿਟ ਤੋਂ ਕੀ ਸ਼ੁਰੂਆਤ ਨਹੀਂ ਹੋਣੀ ਚਾਹੀਦੀ?

ਮੁੱਖ ਮੰਤਰੀ ਅਨੁਸਾਰ ਕਿਸਾਨਾਂ ਨੂੰ ਹਿੰਸਾ ਲਈ ਕਾਂਗਰਸ ਅਤੇ ਵਿਰੋਧੀ ਪਾਰਟੀਆਂ ਵਲੋਂ ਉਕਸਾ ਕੇ ਗੰਦੀ ਰਾਜਨੀਤੀ ਹੋ ਰਹੀ ਹੈ। ਗਾਂ, ਫ਼ੌਜ, ਪਾਕਿਸਤਾਨ, ਖੇਡ, ਨਰਮਦਾ ਸੇਵਾ ਸਮੇਤ ਬਹੁਤ ਸਾਰੇ ਮੁੱਦਿਆਂ 'ਤੇ ਰਾਜਨੀਤੀ ਕਰਨ ਵਾਲੀ ਭਾਜਪਾ ਨੂੰ ਵਿਰੋਧੀ ਧਿਰ ਦੀ ਰਾਜਨੀਤੀ 'ਤੇ ਇਤਰਾਜ ਕਿਉਂ ਹੈ? ਸ਼ਹਿਰਾਂ 'ਚ ਡੇਂਗੂ ਤੋਂ ਕੁੱਝ ਦਰਜਨ ਮੌਤਾਂ 'ਤੇ ਸ਼ੋਰ ਮਚਾਉਣ ਵਾਲੀ ਵਿਵਸਥਾ ਤਿੰਨ ਲੱਖ ਕਿਸਾਨਾਂ ਦੀ ਆਤਮਹੱਤਿਆ 'ਤੇ ਚੁੱਪ ਕਿਉਂ ਹੈ? ਸਮਾਰਟ ਸਿਟੀ ਦੇ ਖ਼ੁਸ਼ਹਾਲ ਦੌਰ 'ਚ ਕਿਸਾਨਾਂ ਦੀ ਬਦਹਾਲੀ ਖਤਮ ਕਰਨ ਲਈ ਭਰਪੂਰ ਕੋਸ਼ਿਸ਼ ਜੇ ਨਹੀਂ ਹੋਈ ਤਾਂ ਸੋਸ਼ਲ ਮੀਡੀਆ ਦੇ ਦੌਰ 'ਚ ਹਿੰਸਕ ਅੰਦੋਲਨਾਂ 'ਤੇ ਪੁਲਿਸਿਆ ਡੰਡਿਆਂ ਨਾਲ ਲਗਾਮ ਕਦੋਂ ਤੱਕ ਲਗਾਈ ਜਾਵੇਗੀ?

# ਸੋਸ਼ਲ ਮੀਡੀਆ ਪੈਦਾ ਕਰ ਰਿਹਾ ਹੈ ਕਾਤਲਾਂ ਦੀ ਭੀੜ



**'ਸੋਸ਼ਲ ਮੀਡੀਆ' ਰਾਹੀਂ ਫੈਲਾਈ ਆਂ ਜਾਣ ਵਾਲੀਆਂ ਅਫ਼ਵਾਹਾਂ ਦਾ ਸ਼ਿਕਾਰ ਪੜ੍ਹੇ-ਲਿਖੇ ਲੋਕ ਜ਼ਿਆਦਾ ਬਣ ਰਹੇ ਹਨ। ਹਾਲਾਂਕਿ 'ਸਾਈਬਰ ਕ੍ਰਾਈਮ' ਮਾਹਰਾਂ ਦਾ ਕਹਿਣਾ ਹੈ ਕਿ ਹਾਲੇ ਤਕ ਅਜਿਹਾ ਕਾਨੂੰਨ ਨਹੀਂ ਬਣਾ ਸਕੇ ਹਨ, ਜਿਸ ਰਾਹੀਂ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਨੂੰ ਫੈਲਾਉਣ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾ ਸਕੇ।**

**ਸਲਮਾਨ ਰਵੀ**

ਝਾਰਖੰਡ ਦੇ ਜਮਸ਼ੇਦਪੁਰ 'ਚ ਉੱਤਮ ਕੁਮਾਰ ਦੇ ਤਿੰਨ ਭਰਾਵਾਂ ਦੀ ਕੁੱਟ-ਕੁੱਟ ਕੇ ਹੱਤਿਆ ਦਾ ਮਾਮਲਾ ਹੋਵੇ ਜਾਂ ਫਿਰ ਰਾਜਸਥਾਨ ਦੇ ਅਲਵਰ 'ਚ ਪਹਿਲੂ ਖਾਨ ਦੀ ਹੱਤਿਆ। ਇਨ੍ਹਾਂ ਸਾਰੇ ਮਾਮਲਿਆਂ 'ਚ ਭੀੜ ਨੂੰ ਉਕਸਾਉਣ ਦਾ ਕੰਮ ਸੋਸ਼ਲ ਮੀਡੀਆ ਰਾਹੀਂ ਹੀ ਹੋਇਆ ਸੀ। ਝਾਰਖੰਡ 'ਚ ਵਾਪਰੀਆਂ ਘਟਨਾਵਾਂ ਪਿੱਛੇ ਸਿਰਫ਼ ਅਫ਼ਵਾਹਾਂ ਦੀ ਹੀ ਭੂਮਿਕਾ ਰਹੀ ਹੈ। ਇਹ ਸੂਬੇ ਦੇ ਉੱਚ ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ। ਇਨ੍ਹਾਂ ਘਟਨਾਵਾਂ ਤੋਂ ਬਾਅਦ ਹਿੰਸਾ ਵੀ ਭੜਕੀ, ਜਿਸ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਇੰਟਰਨੈਟ ਸੇਵਾਵਾਂ ਨੂੰ ਬੰਦ ਕਰਨਾ ਪਿਆ। ਉਸੇ ਤਰ੍ਹਾਂ ਜਿਵੇਂ ਕਸ਼ਮੀਰ ਘਾਟੀ 'ਚ ਹਿੰਸਾ ਭੜਕਦੀ ਹੈ। ਪ੍ਰਸ਼ਾਸਨ ਦਾ ਸੱਭ ਤੋਂ ਪਹਿਲਾ ਕਦਮ ਹੁੰਦਾ ਹੈ ਇੰਟਰਨੈਟ ਸੇਵਾਵਾਂ ਨੂੰ ਬੰਦ ਕਰਨਾ। ਪ੍ਰਸ਼ਾਸਨ ਅਤੇ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਵਿਵਸਥਾ ਬਣਾਈ ਰੱਖਣ 'ਚ ਸੋਸ਼ਲ ਮੀਡੀਆ ਇਕ ਵੱਡੀ ਚੁਣੌਤੀ ਸਾਬਤ ਹੋ ਰਹੀ ਹੈ। ਇਸ ਲਈ ਕਿਉਂਕਿ ਜ਼ਿਆਦਾਤਰ ਹਿੰਸਕ ਘਟਨਾਵਾਂ ਪਿੱਛੇ ਸੋਸ਼ਲ ਮੀਡੀਆ ਰਾਹੀਂ 'ਨਫ਼ਰਤ ਫੈਲਾਉਣ' ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭੀੜ ਇਕੱਤਰ ਕਰਨ 'ਚ ਜ਼ਿਆਦਾ ਸੋਸ਼ਲ ਮੀਡੀਆ ਦਾ ਹੀ ਹੱਥ ਹੈ। ਅਜਿਹਾ ਮਾਹਰਾ ਦਾ ਵੀ ਮੰਨਣਾ ਹੈ। ਪਿਛਲੇ ਕੁੱਝ ਮਹੀਨਿਆਂ ਦੌਰਾਨ ਵੇਖਿਆ ਗਿਆ ਕਿ ਹਿੰਸਾ ਲਈ ਭੀੜ ਨੂੰ ਉਕਸਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਭਾਵੇਂ ਉਹ 'ਫ਼ੋਟੋਸ਼ਾਪ' ਰਾਹੀਂ ਤਿਆਰ ਕੀਤੀਆਂ ਭੜਕਾਊ ਤਸਵੀਰਾਂ ਹੋਣ ਜਾਂ ਫਿਰ ਲੋਕਾਂ ਵਿਚਕਾਰ ਨਫ਼ਰਤ ਪੈਦਾ ਕਰਨ ਵਾਲੇ ਪੋਸਟ ਹੋਣ। ਸੋਸ਼ਲ ਮੀਡੀਆ ਨੇ ਮਾਹੌਲ ਖਰਾਬ ਕਰਨ ਦਾ ਕੰਮ ਕੀਤਾ ਹੈ।

'ਸਾਈਬਰ ਕ੍ਰਾਈਮ' ਮਾਹਰ ਅਤੇ ਵਕੀਲ ਅਨੁਜਾ ਕਪੂਰ ਕਹਿੰਦੀ ਹੈ ਕਿ ਸਿਰਫ਼ ਬਿਨਾਂ ਪੜ੍ਹੇ-ਲਿਖੇ ਲੋਕ ਹੀ 'ਸੋਸ਼ਲ ਮੀਡੀਆ' ਦੇ ਚੱਕਰ 'ਚ ਫਸ ਜਾਂਦੇ ਹਨ, ਅਜਿਹਾ ਨਹੀਂ ਹੈ। 'ਸੋਸ਼ਲ ਮੀਡੀਆ' ਰਾਹੀਂ ਫੈਲਾਈ ਆਂ ਜਾਣ ਵਾਲੀਆਂ ਅਫ਼ਵਾਹਾਂ ਦਾ ਸ਼ਿਕਾਰ ਪੜ੍ਹੇ-ਲਿਖੇ ਲੋਕ ਜ਼ਿਆਦਾ ਬਣ ਰਹੇ ਹਨ। ਹਾਲਾਂਕਿ 'ਸਾਈਬਰ ਕ੍ਰਾਈਮ' ਮਾਹਰਾਂ ਦਾ ਕਹਿਣਾ ਹੈ ਕਿ ਹਾਲੇ ਤਕ ਅਜਿਹਾ ਕਾਨੂੰਨ ਨਹੀਂ ਬਣਾ ਸਕੇ ਹਨ, ਜਿਸ ਰਾਹੀਂ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਨੂੰ ਫੈਲਾਉਣ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਦਾ ਮੰਨਣਾ ਹੈ ਕਿ 'ਇਨਫ਼ਾਰਮੇਸ਼ਨ ਟੈਕਨੋਲਾਜੀ ਐਕਟ' ਰਾਹੀਂ 'ਸੋਸ਼ਲ ਮੀਡੀਆ' ਉੱਤੇ ਜ਼ਹਿਰ ਫੈਲਾਉਣ ਵਾਲਿਆਂ 'ਤੇ ਨੱਥ ਨਹੀਂ ਪਾਈ ਜਾ ਸਕਦੀ। ਇਸ ਲਈ ਹੋਰ ਵੀ ਉਪਾਅ ਕੀਤੇ ਜਾਣੇ ਚਾਹੀਦੇ ਹਨ, ਜਿਸ 'ਚ ਪੁਲਿਸ ਦੇ ਨਾਲ-ਨਾਲ ਦੂਜੇ ਸੰਗਠਨਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਈਬਰ ਕ੍ਰਾਈਮ 'ਚ ਪੁਲਿਸ ਅਤੇ ਜਾਂਚ ਏਜੰਸੀਆਂ ਇੰਟਰਨੈਟ ਰਾਹੀਂ ਕੀਤੀ ਗਈ ਧੋਖਾਧੜੀ 'ਚ ਹੀ ਜ਼ਿਆਦਾ ਰੁਝੀਆਂ ਰਹਿੰਦੀਆਂ ਹਨ, ਜਦਕਿ ਸੋਸ਼ਲ ਮੀਡੀਆ ਰਾਹੀਂ ਹਿੰਸਾ ਫੈਲਾਉਣ ਵਾਲਿਆਂ 'ਤੇ ਕਾਨੂੰਨੀ ਕਾਰਵਾਈ ਨਹੀਂ ਹੋ ਪਾਉਂਦੀ।

ਦਿੱਲੀ 'ਚ ਤੈਨਾਤ ਭਾਰਤੀ ਪੁਲਿਸ ਸੇਵਾ ਦੇ ਇਕ ਅਧਿਕਾਰੀ ਕਹਿੰਦੇ ਹਨ ਕਿ ਸੋਸ਼ਲ ਮੀਡੀਆ 'ਤੇ ਨਫ਼ਰਤ ਫੈਲਾਉਣ ਵਾਲਿਆਂ ਅਤੇ ਲੋਕਾਂ ਨੂੰ ਭੜਕਾਉਣ ਵਾਲਿਆਂ ਵਿਰੁੱਧ ਇਸ ਲਈ ਕਾਰਵਾਈ ਨਹੀਂ ਹੋ ਪਾਉਂਦੀ, ਕਿਉਂਕਿ ਪਤਾ ਹੀ ਨਹੀਂ ਚੱਲ ਪਾਉਂਦਾ ਹੈ ਕਿ ਇਨ੍ਹਾਂ ਪਿੱਛੇ ਕੌਣ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟਵਿਟਰ ਅਤੇ ਫੇਸਬੁਕ 'ਤੇ ਜੇ ਕੁੱਝ ਭੜਕਾਊ ਸਮਗਰੀ ਆਉਂਦੀ ਹੈ ਤਾਂ ਫਿਰ ਵੀ ਕੁੱਝ ਕਾਰਵਾਈ ਕਰਨਾ ਸੰਭਵ ਹੁੰਦਾ ਹੈ। ਜਦਕਿ ਵਟਸਐਪ ਤਾਂ ਇਕ ਕਲੋਜਡ ਗਰੁੱਪ ਹੈ, ਜਿੱਥੇ ਇਸ ਦਾ ਪਤਾ ਲਗਾ ਪਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਕੌਣ ਭੜਕਾਊ ਤਸਵੀਰਾਂ ਜਾਂ ਪੋਸਟ ਪਾ ਰਿਹਾ ਹੈ। ਇਸ ਭੀੜ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਕਈ ਜਾਨਾਂ ਲਈਆਂ ਹਨ ਅਤੇ ਇਨ੍ਹਾਂ ਵਿਰੁੱਧ ਮੁਹਿੰਮ ਚਲਾਉਣ ਵਾਲੇ ਕਾਰਕੁਨਾਂ 'ਚੋਂ ਹੀ ਇਕ ਹਨ ਨਦੀਮ ਅਖ਼ਤਰ, ਜਿਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਭੀੜ ਦੇ ਸ਼ਿਕਾਰ ਹੋਏ ਲੋਕਾਂ ਦੀ ਜਾਣਕਾਰੀ ਇਕੱਤਰ ਕਰਨ ਦਾ ਕੰਮ ਕੀਤਾ ਹੈ। ਉਹ ਅਜਿਹੇ ਲੋਕਾਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਦੀ ਪਹਿਲ ਕਰ ਰਹੇ ਹਨ।

ਨਦੀਮ ਅਖ਼ਤਰ ਦਾ ਕਹਿਣਾ ਹੈ ਕਿ ਜਮਸ਼ੇਦਪੁਰ ਦੇ ਜੁਗਸਲਾਈ ਦੇ ਰਹਿਣ ਵਾਲੇ ਉੱਤਮ ਵਰਮਾ ਦੇ ਭਰਾਵਾਂ ਦੀ ਭੀੜ ਵੱਲੋਂ ਕੀਤੀ ਗਈ ਹਤਿਆ 'ਚ ਵੀ ਸੋਸ਼ਲ ਮੀਡੀਆ ਨੇ ਅਹਿਮ ਭੂਮਿਕਾ ਨਿਭਾਈ ਹੈ, ਕਿਉਂਕਿ ਵਟਸਐਪ ਅਤੇ ਫੇਸਬੁਕ 'ਤੇ ਕਈ ਦਿਨਾਂ ਤੋਂ ਮਾਹੌਲ ਬਣਾਇਆ ਗਿਆ। ਉਸੇ ਤਰ੍ਹਾਂ ਸਰਾਏਕੇਲਾ ਖਰਸਾਂਵਾ ਜ਼ਿਲ੍ਹੇ ਦੇ ਸ਼ੋਭਾਪੁਰ 'ਚ ਜਿਸ ਭੀੜ ਨੇ ਸ਼ੇਖ ਨਈਮ, ਸੱਜਾਦ, ਸ਼ੇਖ ਹਲੀਮ ਅਤੇ ਸਿਰਾਜ ਖਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ, ਉਸ ਨੂੰ ਸੋਸ਼ਲ ਮੀਡੀਆ ਰਾਹੀਂ ਹੀ ਕਈ ਦਿਨਾਂ ਤਕ ਭੜਕਾਇਆ ਗਿਆ ਸੀ। ਉਹ ਕਹਿੰਦੇ ਹਨ ਕਿ ਪਹਿਲੂ ਖਾਨ ਹਰਿਆਣਾ ਦੇ ਕਿਸਾਨ ਸਨ, ਜੋ ਰਾਜਸਥਾਨ ਦੇ ਅਲਵਰ ਦੇ ਪਸ਼ੂ ਮੇਲੇ ਤੋਂ ਦੁੱਧ ਦੇਣ ਵਾਲੀ ਗਾਂ ਖਰੀਦ ਕੇ ਲਿਆ ਰਹੇ ਸਨ। ਵਾਟਸਐਪ ਰਾਹੀਂ ਨਫਰਤ ਫੈਲਾਈ ਗਈ ਅਤੇ ਉਨ੍ਹਾਂ ਦੀ ਹੱਤਿਆ ਤੋਂ ਬਾਅਦ ਵਟਸਐਪ ਰਾਹੀਂ ਅਜਿਹੀ ਮੁਹਿੰਮ ਚਲਾਈ ਗਈ, ਜਿਸ 'ਚ ਉਸ ਦੀ ਹੱਤਿਆ ਨੂੰ ਸਹੀ ਦੱਸਿਆ ਜਾ ਰਿਹਾ ਸੀ ਅਤੇ ਉਸ ਨੂੰ ਗਊ-ਤਸਕਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜਦਕਿ ਇਹ ਸੱਚ ਨਹੀਂ ਸੀ। ਜੋ ਲੋਕ ਸੋਸ਼ਲ ਮੀਡੀਆ 'ਤੇ ਪਹਿਲੂ ਖਾਨ ਵਿਰੁੱਧ ਚਲਾਹੀ ਜਾ ਰਹੀ ਮੁਹਿੰਮ ਤੋਂ ਪ੍ਰਭਾਵਿਤ ਹੋ ਰਹੇ ਸਨ, ਉਹ ਹੁਣ ਵੀ ਮੰਨਣ ਨੂੰ ਮਜ਼ਬੂਰ ਹਨ ਕਿ ਉਹ ਇਕ ਗਊ-ਤਸਕਰ ਹੀ ਸੀ।

## ਮੰਦਸੌਰ ਦੇ ਕਿਸਾਨਾਂ ਦੇ ਹੱਕ 'ਚ ਸੜਕਾਂ 'ਤੇ ਆਏ ਪੰਜਾਬ-ਹਰਿਆਣਾ ਦੇ ਕਿਸਾਨ

**ਚੰਡੀਗੜ੍ਹ/ਬਿਊਰੋ ਨਿਊਜ਼ :**

ਮੱਧ ਪ੍ਰਦੇਸ਼ ਦੇ ਮੰਦਸੌਰ ਵਿੱਚ ਪੁਲੀਸ ਫਾਇਰਿੰਗ ਨਾਲ ਪੰਜ ਕਿਸਾਨਾਂ ਦੀ ਮੌਤ ਵਿਰੁੱਧ ਅਤੇ ਹੋਰ ਮੰਗਾਂ ਸਬੰਧੀ ਦੇਸ਼ ਵਿਆਪੀ ਅੰਦੋਲਨ ਤਹਿਤ ਪੰਜਾਬ ਅਤੇ ਹਰਿਆਣਾ ਸਣੇ ਕਈ ਸੂਬਿਆਂ ਵਿੱਚ ਕਿਸਾਨਾਂ ਨੇ ਆਵਾਜਾਈ ਠੱਪ ਕਰਕੇ ਰੋਸ ਜਤਾਇਆ। ਦੇਸ਼ ਦੀਆਂ 62 ਕਿਸਾਨ ਜਥੇਬੰਦੀਆਂ ਨੇ ਮੱਧ ਪ੍ਰਦੇਸ਼ ਘਟਨਾ ਖ਼ਿਲਾਫ਼ ਤੇ ਕਰਜ਼ਾ ਮੁਆਫ਼ੀ ਲਈ ਆਵਾਜਾਈ ਠੱਪ ਕਰਨ ਦਾ ਸੱਦਾ ਦਿੱਤਾ ਹੋਇਆ ਸੀ।

ਪੰਜਾਬ ਵਿੱਚ ਕਿਸਾਨਾਂ ਨੇ ਬਠਿੰਡਾ, ਕੋਟਕਪੂਰਾ, ਮੁਕਤਸਰ, ਫਿਲੌਰ, ਟਾਂਡਾ, ਖਮਾਣੋਂ ਦੇ ਦੋਰਾਹਾ ਸਣੇ ਹੋਰ ਕਈ ਥਾਈਂ ਆਵਾਜਾਈ ਠੱਪ ਕੀਤੀ। ਹਰਿਆਣਾ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਕਿਸਾਨ ਅੰਬਾਲਾ ਵਿੱਚ ਮੋਹਰਾ ਨੇੜੇ ਇਕੱਠੇ ਹੋਏ ਤੇ ਟਰੈਕਟਰਾਂ ਨਾਲ ਸ਼ਾਹਰਾਹ ਜਾਮ ਕੀਤਾ। ਇਸ ਤੋਂ ਇਲਾਵਾ ਰੋਹਤਕ, ਸੋਨੀਪਤ, ਹਿਸਾਰ, ਸਿਰਸਾ, ਜੀਂਦ, ਭਿਵਾਨੀ ਤੇ ਚਰਖੀ ਦਾਦਰੀ ਵਿੱਚ ਕਿਸਾਨਾਂ ਨੇ ਧਰਨੇ ਲਾਏ। ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੇ ਐਮਰਜੈਂਸੀ ਵਾਹਨਾਂ ਨੂੰ ਨਹੀਂ ਰੋਕਿਆ। ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਦੇ ਮੱਦੇਨਜ਼ਰ ਪੰਜਾਬ ਤੇ ਹਰਿਆਣਾ ਵਿੱਚ ਥਾਂ ਥਾਂ ਪੁਲੀਸ ਤਾਇਨਾਤ ਰਹੀ। ਇਸ ਤੋਂ ਇਲਾਵਾ ਮੱਧ ਪ੍ਰਦੇਸ਼, ਰਾਜਸਥਾਨ, ਉਤਰ ਪ੍ਰਦੇਸ਼ ਤੇ ਉੜੀਸਾ ਵਿੱਚ ਵੀ ਕਿਸਾਨਾਂ ਨੇ ਧਰਨੇ ਲਾਏ।



# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : ਤੁਸੀਂ ਕਸ਼ਮੀਰੀ ਹੋ, ਤੁਹਾਨੂੰ ਘਰ ਦੇਣ 'ਚ ਡਰ ਲੱਗਦਾ ਹੈ

**ਜੰਮੂ-ਕਸ਼ਮੀਰ ਦੀਆਂ ਠੰਢੀਆਂ ਵਾਦੀਆਂ ਦਹਿਸ਼ਤ, ਹਿੰਸਾ, ਪੱਥਰਾਅ, ਫ਼ੌਜੀ ਦਮਨ ਨਾਲ ਉਬਲ ਰਹੀਆਂ ਹਨ। ਭਾਜਪਾ ਦੇ ਗਠਜੋੜ ਨਾਲ ਪੀ.ਡੀ.ਪੀ. ਸਰਕਾਰ ਭਾਵੇਂ ਸੱਤਾ 'ਤੇ ਕਾਬਜ਼ ਹੋ ਗਈ ਹੈ ਪਰ ਉਹ ਕਸ਼ਮੀਰੀਆਂ, ਖ਼ਾਸ ਕਰ ਨੌਜਵਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਵਿਚਲੀ ਮੋਦੀ ਸਰਕਾਰ ਹਾਲਾਤ 'ਤੇ ਕਾਬੂ ਪਾਉਣ ਦੀ ਥਾਂ ਅਖੌਤੀ ਰਾਸ਼ਟਰਵਾਦ ਦਾ ਸੁਨੇਹਾ ਦਿੰਦੀ ਹੋਈ ਪੂਰੀ ਦੁਨੀਆ ਵਿਚ ਕਸ਼ਮੀਰੀ ਨੌਜਵਾਨਾਂ ਦਾ ਗ਼ਲਤ ਅਕਸ ਪੇਸ਼ ਕਰਨ ਵਿਚ ਲੱਗੀ ਹੋਈ ਹੈ। ਭਾਰਤ ਪ੍ਰਸ਼ਾਸਤ ਕਸ਼ਮੀਰ ਵਿਚ ਦਹਾਕਿਆਂ ਤੋਂ ਚੱਲ ਰਹੇ ਸੰਘਰਸ਼ ਦੀ ਸੁਰਖੀਆਂ ਵਿਚ ਆਮ ਆਦਮੀ ਦੀ ਆਪਬੀਤੀ ਕਿਤੇ ਖੋ ਗਈ ਹੈ। ਸਾਲ 2016 ਦੀਆਂ ਗਰਮੀਆਂ ਵਿਚ ਹੋਏ ਹਿੰਸਕ ਪ੍ਰਦਰਸ਼ਨਾਂ ਤੇ ਕਈ ਲੋਕਾਂ ਦੀ ਮੌਤ ਤੋਂ ਬਾਅਦ ਹੁਣ ਇਕ ਹੋਰ ਗਰਮੀ ਆਈ ਹੈ। ਖ਼ਦਸ਼ਾ ਹੈ ਕਿ ਭਾਵਨਾਵਾਂ ਫੇਰ ਨਾ ਭੜਕ ਜਾਣ, ਭਾਰਤ ਤੋਂ 'ਆਜ਼ਾਦੀ' ਦੇ ਨਾਅਰੇ ਫੇਰ ਨਾ ਬੁਲੰਦ ਹੋ ਜਾਣ। ਅਜਿਹੇ ਵਿਚ ਭਾਰਤ ਤੇ ਪਾਕਿਸਤਾਨ ਵਿਚਾਲੇ ਵੰਡੀ ਹੋਈ ਕਸ਼ਮੀਰ ਵਾਦੀ ਵਿਚ ਲੋਕਾਂ ਨੂੰ ਆਖ਼ਰ ਕੀ ਜੋੜਦਾ ਹੈ ? ਬੱਚੇ ਤੇ ਨੌਜਵਾਨ ਆਪਣੇ ਆਉਣ ਵਾਲੇ ਕੱਲ੍ਹ ਲਈ ਕੀ ਖਵਾਬ ਦੇਖ ਰਹੇ ਹਨ ? ਉਥੋਂ ਦੀਆਂ ਬੱਚੀਆਂ ਦਾ ਜੀਵਨ, ਵਾਦੀ ਦੇ ਬਾਹਰ ਰਹਿ ਰਹੇ ਬੱਚਿਆਂ ਦੀ ਜ਼ਿੰਦਗੀ ਤੋਂ ਕਿੰਨਾ ਵੱਖਰਾ ਹੈ ? ਅਜਿਹੇ ਹੀ ਸਵਾਲਾਂ ਦਾ ਜਵਾਬ ਲੱਭਣ ਲਈ ਬੀ.ਬੀ.ਸੀ. ਦੇ ਪੱਤਰਕਾਰਾਂ ਦੀਆਂ ਟੀਮਾਂ ਭਾਰਤ ਪ੍ਰਸ਼ਾਸਤ ਤੇ ਪਾਕਿਸਤਾਨ ਪ੍ਰਸ਼ਾਸਤ ਕਸ਼ਮੀਰ ਗਈਆਂ। ਬੀ.ਬੀ.ਸੀ. ਵਲੋਂ ਇਸ ਸਬੰਧ ਵਿਚ ਭਾਰਤ ਤੇ ਕਸ਼ਮੀਰ ਵਿਚ ਵਸੇ ਦੋਹਾਂ ਕਸ਼ਮੀਰੀਆਂ ਦੇ ਹਾਲਾਤ 'ਤੇ ਲੜੀਵਾਰ ਰਿਪੋਰਟ ਪੇਸ਼ ਕੀਤੀ ਜਾ ਰਹੀ ਹੈ, ਉਹ 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਅੱਗੇ ਵੀ ਪੇਸ਼ ਕੀਤੀ ਜਾ ਰਹੀ ਹੈ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ ਇਹ ਰਿਪੋਰਟ ਪ੍ਰਕਾਸ਼ਤ ਕਰਨ ਦਾ ਮਕਸਦ, ਦੁਨੀਆ ਨੂੰ ਉਥੋਂ ਦੇ ਹਾਲਾਤ ਬਾਰੇ ਰੂਬਰੂ ਕਰਾਉਣਾ ਹੈ।**






**ਸੌਤਿਕ ਬਿਸਵਾਸ**
(ਭਾਗ ਤੀਜਾ)

ਜਦੋਂ ਮੈਂ ਫਿਜ਼ੀਓਥੈਰੇਪੀ 'ਚ ਬੈਚਲਰ ਦੀ ਡਿਗਰੀ ਲੈ ਕੇ ਸ੍ਰੀਨਗਰ ਆਈ ਤਾਂ ਮੈਂ ਨੂਰਾ ਹਸਪਤਾਲ 'ਚ ਲਗਭਗ 8 ਮਹੀਨੇ ਤੱਕ ਕੰਮ ਕੀਤਾ। ਜ਼ਿੰਦਗੀ ਅਜਿਹੀ ਸੀ ਕਿ ਘਰ ਤੋਂ ਹਸਪਤਾਲ ਅਤੇ ਹਸਪਤਾਲ ਤੋਂ ਘਰ। ਦੇਹਰਾਦੂਨ ਜਾਂ ਬੈਂਗਲੂਰੂ ਵਾਂਗ ਕੋਈ ਸ਼ਾਂਤੀ ਨਹੀਂ ਸੀ, ਜਿੱਥੋਂ ਗ੍ਰੈਜੁਏਸ਼ਨ ਅਤੇ ਪੋਸਟ ਗ੍ਰੈਜੁਏਸ਼ਨ ਕੀਤੀ ਸੀ। ਮੈਂ ਅੱਗੇ ਪੜ੍ਹਨਾ ਚਾਹੁੰਦੀ ਸੀ ਅਤੇ ਰਿਸਰਚ ਕਰਨਾ ਚਾਹੁੰਦੀ ਸੀ, ਪਰ ਉਸ ਦਾ ਕੋਈ ਮੌਕਾ ਨਹੀਂ ਸੀ। ਮੇਰੇ ਪਿਤਾ ਮੇਰਾ ਉਤਸਾਹ ਵਧਾਉਂਦੇ ਰਹਿੰਦੇ ਸਨ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ, ਇੱਥੇ ਤੱਕ ਕਿ ਸਾਰੀਆਂ ਕੁੜੀਆਂ ਉਹੀ ਕਰਨ ਜੋ ਉਹ ਕਰਨਾ ਚਾਹੁੰਦੀਆਂ ਹਨ। ਇਸ ਤਰ੍ਹਾਂ ਮੈਂ ਰਾਜੀਵ ਗਾਂਧੀ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਤੋਂ ਮਾਸਟਰ ਡਿਗਰੀ ਹਾਸਲ ਕਰਨ ਬੈਂਗਲੂਰੂ ਗਈ ਅਤੇ ਇਕ ਕਲੀਨਿਕ ਰਿਸਰਚ ਕੰਪਨੀ 'ਚ ਮੈਨੂੰ ਨੌਕਰੀ ਮਿਲ ਗਈ। ਸ੍ਰੀਨਗਰ ਨਾਲ ਜੇ ਦੇਹਰਾਦੂਰ ਅਤੇ ਬੈਂਗਲੂਰੂ ਦੀ ਤੁਲਨਾ ਕਰੀਏ ਤਾਂ ਬਹੁਤ ਅੰਤਰ ਹੈ। ਕਸ਼ਮੀਰ 'ਚ ਅਗਲੇ ਦਿਨ ਦੀ ਯੋਜਨਾ ਬਣਾਉਣ ਸਮੇਂ ਕਈ ਪਹਿਲੂਆਂ ਦਾ ਧਿਆਨ ਰੱਖਣਾ ਹੁੰਦਾ ਹੈ, ਜਿਵੇਂ ਹੜਤਾਲ ਜਾਂ ਕਰਫਿਊ ਜਾਂ ਫਿਰ ਕੁੱਝ ਹੋਰ ਤਾਂ ਨਹੀਂ ਹੋਣ ਜਾ ਰਿਹਾ ਅਗਲੇ ਦਿਨ।

ਦੇਹਰਾਦੂਨ ਜਾਂ ਬੈਂਗਲੂਰੂ 'ਚ ਅਜਿਹੀ ਕੋਈ ਗੱਲ ਨਹੀਂ ਹੈ। ਇੱਥੇ ਬਹੁਤ ਸ਼ਾਂਤੀ ਹੈ ਅਤੇ ਕਈ ਮੌਕੇ ਮੌਜੂਦ ਹਨ। ਹਾਂ, ਦੇਹਰਾਦੂਨ ਅਤੇ ਬੈਂਗਲੂਰੂ 'ਚ ਦੂਜੇ ਮਸਲੇ ਜ਼ਰੂਰ ਸਨ। ਦੇਹਰਾਦੂਨ 'ਚ ਜਦੋਂ ਮੈਂ ਫਸਟ ਈਅਰ 'ਚ ਸੀ, ਤਾਂ ਉੱਥੇ ਰਹਿਣ ਦੀ ਵਿਵਸਥਾ ਮੇਰੇ ਪਿਤਾ ਨੇ ਕਰਵਾਈ ਸੀ। ਸੈਕਿੰਡ ਈਅਰ 'ਚ ਆਪਣੇ ਇਕ ਦੋਸਤ ਨਾਲ ਜਦੋਂ ਮੈਂ ਇਕ ਫਲੈਟ 'ਚ ਸ਼ਿਫਟ ਹੋਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਅਹਿਸਾਸ ਹੋਇਆ ਕਿ ਮੇਰਾ ਕਸ਼ਮੀਰੀ ਹੋਣਾ ਸਮੱਸਿਆ ਪੈਦਾ ਕਰ ਰਿਹਾ ਹੈ।

ਲੋਕ ਮੂੰਹ 'ਤੇ ਹੀ ਕਹਿਣ ਲੱਗੇ ਸਨ, "ਕਿਉਂਕਿ ਤੁਸੀਂ ਕਸ਼ਮੀਰੀ ਹੋ, ਇਸ ਲਈ ਤੁਹਾਨੂੰ ਘਰ ਦੇਣ 'ਚ ਸਾਨੂੰ ਡਰ ਲੱਗਦਾ ਹੈ।" ਮੇਰੀ ਦੋਸਤ ਮੁਸਲਿਮ ਨਹੀਂ ਸੀ ਅਤੇ ਦਿੱਲੀ ਤੋਂ ਸੀ। ਜਦੋਂ ਸਾਨੂੰ ਤਿੰਨ-ਚਾਰ ਵਾਰ ਘਰ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਤਾਂ ਮੇਰੀ ਦੋਸਤ ਨੇ ਕਿਹਾ ਕਿ ਮੈਨੂੰ ਕਸ਼ਮੀਰ ਦੀ ਬਜਾਏ ਜੰਮੂ ਦਾ ਜ਼ਿਕਰ ਕਰਨਾ ਚਾਹੀਦਾ ਹੈ, ਪਰ ਮੈਂ ਝੂਠ ਨਹੀਂ ਬੋਲਣਾ ਚਾਹੁੰਦੀ ਸੀ। ਅਜਿਹਾ ਨਹੀਂ ਹੈ ਕਿ ਸਾਰੇ ਲੋਕ ਅਜਿਹੇ ਹੀ ਹਨ। ਕੁੱਝ ਲੋਕ ਚੰਗੇ ਵੀ ਹਨ। ਉਦੋਂ ਮੈਂ ਇਕ ਆਂਟੀ ਨੂੰ ਕਿਹਾ, "ਮੈਂ ਇਕ ਕਸ਼ਮੀਰੀ ਹਾਂ ਅਤੇ ਜੇ ਤੁਹਾਨੂੰ ਇਸ ਲਈ ਇਤਰਾਜ਼ ਹੈ ਤਾਂ ਤੁਸੀਂ ਕਹਿ ਸਕਦੇ ਹੋ।" ਆਂਟੀ ਨੇ ਕਿਹਾ, "ਜੇ ਤੁਸੀਂ ਉਨ੍ਹਾਂ ਵਾਂਗ ਨਹੀਂ ਹੋ ਤਾਂ ਤੁਸੀਂ ਰਹਿ ਸਕਦੇ ਹੋ। ਅਸੀਂ ਉੱਥੇ ਚਾਰ ਸਾਲ ਤੱਕ ਰਹੇ।" ਪਰ ਜਦੋਂ ਮੈਂ ਮਾਸਟਰ ਡਿਗਰੀ ਕਰਨ ਬੈਂਗਲੂਰੂ ਆਈ ਤਾਂ ਉੱਥੇ ਮੈਨੂੰ ਦੇਹਰਾਦੂਨ ਜਿਹਾ ਅਨੁਭਵ ਨਹੀਂ ਕਰਨਾ ਪਿਆ। ਹਾਲਾਂਕਿ ਮੇਰੇ ਕੁੱਝ ਦੋਸਤਾਂ ਦਾ ਅਨੁਭਵ ਮੇਰੇ ਤੋਂ ਵੱਖ ਸੀ। ਹਾਂ ਇਹ ਵੀ ਸੱਚ ਹੈ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਘਰ ਦੇਣ ਲਈ ਮਕਾਨ ਮਾਲਕ ਵੱਧ ਰਹਿਮ ਦਿਲ ਹੁੰਦੇ ਹਨ।

**ਕਸ਼ਮੀਰ ਦੇ ਹਾਲਾਤ :**

ਇੰਟਰਵਿਊ ਦੌਰਾਨ ਮੇਰੇ ਜਨਮ ਥਾਂ ਨੂੰ ਲੈ ਕੇ ਮੈਨੂੰ ਕੋਈ ਭੇਦਭਾਵ ਜਾਂ ਅਸਹਿਜ ਸਵਾਲਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਸਾਥੀ ਬਾਅਦ 'ਚ ਜ਼ਰੂਰ ਪੁੱਛਦੇ ਸਨ ਕਿ ਇੰਨੇ ਸੋਹਣੇ ਕਸ਼ਮੀਰ 'ਚ ਹਾਲਾਤ ਇੰਨੇ ਬੁਰੇ ਕਿਉਂ ਹਨ ? ਮੈਂ ਹਮੇਸ਼ਾ ਉਨ੍ਹਾਂ ਨੂੰ ਕਸ਼ਮੀਰ ਆਉਣ ਅਤੇ ਆਪਣੇ ਘਰ 'ਚ ਰਹਿਣ ਦਾ ਸੱਦਾ ਦਿੰਦੀ ਤਾਂਕਿ ਉਹ ਵੇਖ ਸਕਣ ਕਿ ਇੱਥੇ ਸ਼ਾਂਤੀ ਕਿਉਂ ਨਹੀਂ ਹੈ। ਤੁਸੀ ਮੀਡੀਆ 'ਚ ਜੋ ਵੇਖਦੇ ਹੋ ਉਹ ਵੱਖ ਹੈ। ਸਾਡੇ ਅੰਦਰ ਕਿਸੇ ਪ੍ਰਤੀ ਕੋਈ ਨਫਰਤ ਨਹੀਂ ਹੈ। ਅਸੀਂ ਬਹੁਤ ਖੁੱਲ੍ਹੇ ਦਿਲ ਅਤੇ ਮਾਹੌਲ ਵਾਲੇ ਲੋਕ ਹਾਂ ਤੁਹਾਨੂੰ ਦੱਸ ਦਈਏ ਕਿ ਜਦੋਂ ਮੈਂ ਸ੍ਰੀਨਗਰ ਏਅਰਪੋਰਟ ਤੋਂ ਘਰ ਜਾਂਦੀ ਹਾਂ ਤਾਂ ਆਪਣੇ ਪਿਤਾ ਨੂੰ ਕਹਿੰਦੀ ਹਾਂ ਕਿ ਮੈਨੂੰ ਲੱਗਦਾ ਹੈ ਕਿ ਅਸੀਂ ਕਸ਼ਮੀਰੀ 50 ਸਾਲ ਪਿੱਛੇ ਚਲੇ ਗਏ ਹਾਂ। ਮੈਨੂੰ ਲੱਗਦਾ ਹੈ ਕਿ ਹਾਲਾਤ ਦਿਨ-ਬ-ਦਿਨ ਵਿਗੜਦੇ ਹੀ ਜਾ ਰਹੇ ਹਨ। ਮੈਨੂੰ ਆਮ ਤੌਰ 'ਤੇ ਪੁੱਛਿਆ ਜਾਂਦਾ ਹੈ ਕਿ ਕਸ਼ਮੀਰ 'ਚ ਲੋਕ ਜੋ ਕਰ ਰਹੇ ਹਨ, ਉਸ ਦਾ ਕੀ ਕਾਰਨ ਹੈ ? ਮੈਂ ਕਹਿਣਾ ਚਾਹਾਂਗੀ ਕਿ ਜੇ ਕੋਈ ਮੇਰੇ ਸਾਹਮਣੇ ਖੜ੍ਹਾ ਹੋਵੇ ਅਤੇ ਮੈਂ ਉਸ ਨੂੰ ਇਕ ਨਹੀਂ, ਦੋ ਨਹੀਂ, ਤਿੰਨ ਨਹੀਂ, ਸਗੋਂ ਚਾਰ-ਚਾਰ ਥੱਪੜ ਮਾਰਾਂ ਤਾਂ ਇਹ ਸੁਭਾਵਕ ਹੈ ਕਿ ਉਹ ਵਿਅਕਤੀ ਜਵਾਬੀ ਕਾਰਵਾਈ ਕਰੇਗਾ। ਬੈਂਗਲੂਰੂ 'ਚ ਮੇਰੇ ਸਾਥੀ ਕਹਿੰਦੇ ਹਨ ਕਿ 'ਸਾਰੇ ਪੱਥਰਬਾਜ਼ਾਂ ਨੂੰ ਪੈਸੇ ਦਿੱਤੇ ਜਾਂਦੇ ਹਨ।' ਮੇਰਾ ਕਹਿਣਾ ਹੈ ਕਿ ਪੂਰੀ ਘਾਟੀ ਨੂੰ ਪੈਸੇ ਨਹੀਂ ਦਿੱਤੇ ਜਾ ਸਕਦੇ। ਇਹ ਸਮਝਣ ਦੀ ਗੱਲ ਹੈ ਕਿ ਜੇ ਇੰਨੇ ਵੱਡੇ ਪੈਮਾਨੇ 'ਤੇ ਲੋਕ ਸੜਕਾਂ 'ਤੇ ਉਤਰੇ ਹਨ ਤਾਂ ਕਿਤੇ ਨਾ ਕਿਤੇ ਕੁੱਝ ਗਲਤ ਹੈ। ਕੁੱਝ ਲੋਕਾਂ ਨੂੰ ਅੱਗੇ ਆ ਕੇ ਉਨ੍ਹਾਂ ਤੋਂ ਪੁੱਛਣਾ ਚਾਹੀਦਾ ਹੈ ਕਿ ਅਜਿਹਾ ਕੀ ਹੈ ਜੋ ਗਲਤ ਹੈ।



## ਕਸ਼ਮੀਰ ਦੀ ਕਹਾਣੀ, ਸੀ.ਆਰ.ਪੀ.ਐਫ. ਦੀ ਜ਼ੁਬਾਨੀ :

ਸੁਰੱਖਿਆ ਬਲਾਂ ਦੇ ਵੀ ਮਨੁੱਖੀ ਅਧਿਕਾਰ ਹਨ ਅਤੇ ਸਮਾਂ ਆ ਗਿਆ ਹੈ ਕਿ ਵੇਖਿਆ ਜਾਵੇ ਕਿ ਉਨ੍ਹਾਂ ਦਾ ਕਿੰਨਾ ਉਲੰਘਣਾ ਹੋ ਰਿਹਾ ਹੈ। ਇਹ ਇਸ ਲਈ ਕਿਉਂਕਿ ਕਸ਼ਮੀਰ 'ਚ ਤਾਇਨਾਤ ਸੁਰੱਖਿਆ ਬਲਾਂ ਦੀਆਂ ਚੁਣੌਤੀਆਂ ਬਾਰੇ ਸੋਚਣਾ ਹੋਵੇਗਾ। ਇੱਥੇ ਘੱਟ ਥਾਂ 'ਤੇ ਵੱਧ ਲੋਕਾਂ ਨੂੰ ਰਹਿਣਾ ਪੈਂਦਾ ਹੈ। ਆਮ ਆਦਮੀ ਦੇ 8 ਘੰਟੇ ਦੇ ਮੁਕਾਬਲੇ ਸਾਡੇ ਜਵਾਨ 12 ਤੋਂ 16 ਘੰਟੇ ਕੰਮ ਕਰਦੇ ਹਨ। ਹਮੇਸ਼ਾ ਐਮਰਜੈਂਸੀ ਰਹਿੰਦੀ ਹੈ, ਜਿਸ ਕਾਰਨ ਬੁਨਿਆਦੀ ਸੁਵਿਧਾਵਾਂ ਨੂੰ ਵੀ ਭੁੱਲਣਾ ਪੈਂਦਾ ਹੈ।

ਡਿਊਟੀ ਸਮੇਂ ਉਨ੍ਹਾਂ 'ਤੇ ਪੱਥਰ ਚਲਾਏ ਜਾਂਦੇ ਹਨ। ਇਹ ਗਲਤ ਹੈ। ਉਨ੍ਹਾਂ 'ਤੇ ਹਮਲਾ ਕਰਦੇ ਹਨ, ਉਨ੍ਹਾਂ ਨੂੰ ਉਕਸਾਉਂਦੇ ਹਨ। ਮਜਬੂਰਨ ਉਨ੍ਹਾਂ ਨੂੰ ਕਈ ਵਾਰ ਹਥਿਆਰ ਚੁੱਕਣਾ ਪੈਂਦਾ ਹੈ। ਹਾਲੇ ਤੱਕ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਅਸੀਂ ਮਨੁੱਖੀ ਅਧਿਕਾਰ ਉਲੰਘਣ ਕਰ ਰਹੇ ਹਨ। ਸਗੋਂ ਇਸ ਦੇ ਉਲਟ ਇਕ ਵੀਡੀਓ ਵੇਖੀਏ ਜੋ ਟੀ.ਵੀ. ਅਤੇ ਸੋਸ਼ਲ ਮੀਡੀਆ 'ਚ ਚੱਲ ਰਿਹਾ ਹੈ। ਜਿਸ 'ਚ ਸੀ.ਆਰ. ਪੀ.ਐਫ. ਦੇ 6 ਲੋਕ ਚੋਣ ਡਿਊਟੀ ਲਈ ਜਾ ਰਹੇ ਹਨ। ਉਨ੍ਹਾਂ 'ਤੇ ਪੱਥਰਬਾਜ਼ੀ ਕੀਤੀ ਜਾ ਰਹੀ ਹੈ। ਹਮਲਾ ਕੀਤਾ ਗਿਆ। ਇਹ ਕਿਸ ਵਿਰੁੱਧ ਮਨੁੱਖੀ ਅਧਿਕਾਰ ਉਲੰਘਣਾ ਹੈ ? ਜਿਸ 'ਤੇ ਹਮਲਾ ਕੀਤਾ ਜਾ ਰਿਹਾ ਹੈ, ਉਹ ਇੱਥੇ ਹਥਿਆਰਬੰਦ ਵਿਅਕਤੀ ਹੈ, ਫਿਰ ਵੀ ਬਰਦਾਸ਼ਤ ਕਰ ਰਿਹਾ ਹੈ। ਉਹ ਹਥਿਆਰ ਦੀ ਵਰਤੋਂ ਕਰ ਸਕਦਾ ਸੀ, ਪਰ ਚੁੱਪਚਾਪ ਅੱਗੇ ਵਧਦਾ ਰਿਹਾ। ਦੁਨੀਆ ਦਾ ਕੋਈ ਹੋਰ ਫੌਜੀ ਹੁੰਦਾ ਤਾਂ ਉਸ ਤਰ੍ਹਾਂ ਦਾ ਵਿਹਾਰ ਬਰਦਾਸ਼ਤ ਨਹੀਂ ਕਰਦਾ, ਜਿਵੇਂ ਸੀ.ਆਰ.ਪੀ.ਐਫ. ਦੇ ਜਵਾਨਾਂ ਨੇ ਕੀਤਾ। ਇਹ ਇਸੇ ਇਲਾਕੇ 'ਚ ਹੁੰਦਾ ਹੈ। ਫਿਰ ਵੀ ਸੁਰੱਖਿਆ ਬਲਾਂ ਨੂੰ ਗੈਰ-ਮਨੁੱਖੀ ਦੱਸਿਆ ਜਾਂਦਾ ਹੈ। ਅਸੀਂ ਇਹ ਵੀ ਮੰਨਦੇ ਹਾਂ ਕਿ ਕਸ਼ਮੀਰੀ ਲੋਕ ਸਾਡੇ ਵਿਰੁੱਧ ਨਹੀਂ ਹਨ, ਸਗੋਂ ਅਸੀਂ ਉਨ੍ਹਾਂ ਲਈ ਉਨ੍ਹਾਂ ਨਾਲ ਹਾਂ। ਸ਼ਾਂਤੀ ਪੂਰਨ ਪ੍ਰਦਰਸ਼ਨ ਤਾਂ ਜਮਹੂਰੀ ਅਧਿਕਾਰ ਹੈ ਅਤੇ ਪੱਥਰਬਾਜ਼ਾਂ ਦੀ ਗਿਣਤੀ ਬਹੁਤ ਘੱਟ ਹੈ। ਪੱਥਰਬਾਜ਼ ਆਮ ਕਸ਼ਮੀਰੀ ਨਹੀਂ ਹਨ। ਇਨ੍ਹਾਂ ਲੋਕਾਂ ਦੇ ਆਪਣੇ ਨਿੱਜੀ ਮਤਲਬ ਹਨ ਜੋ ਇਹ ਰਸਤਾ ਅਪਣਾਉਂਦੇ ਹਨ। ਇਨ੍ਹਾਂ ਪਿੱਛੇ ਪਾਕਿਸਤਾਨ ਦਾ ਹੱਥ ਵੀ ਹੋ ਸਕਦਾ ਹੈ ਅਤੇ ਇਹ ਬਹੁਤ ਯੋਜਨਾਬੱਧ ਤਰੀਕੇ ਨਾਲ ਕੰਮ ਕਰਦੇ ਹਨ। ਇਨ੍ਹਾਂ ਮੁਸ਼ਕਲ ਹਾਲਤਾਂ 'ਚ ਅਸੀਂ ਪਰਿਵਾਰ ਨੂੰ ਨਾਲ ਨਹੀਂ ਰੱਖ ਸਕਦੇ। ਇੱਥੇ ਰਹਿਣੇ ਵਾਲੇ ਬੱਚਿਆਂ ਨੂੰ ਬਹੁਤ ਮੁਸ਼ਕਲ ਹੁੰਦੀ ਹੈ। ਚਾਰ-ਚਾਰ ਮਹੀਨੇ ਸਕੂਲ ਬੰਦ ਰਹਿੰਦਾ ਹੈ। ਦੋ-ਤਿੰਨ ਮਹੀਨੇ ਬਰਫ ਕਾਰਨ ਛੁੱਟੀਆਂ ਹੋ ਜਾਂਦੀਆਂ ਹਨ। ਇਸ ਲਈ ਸਾਨੂੰ ਮਜਬੂਰਨ ਆਪਣੇ ਪਰਿਵਾਰਾਂ ਨੂੰ ਸ਼ਾਂਤੀ ਵਾਲੇ ਇਲਾਕਿਆਂ 'ਚ ਰੱਖਣਾ ਪੈਂਦਾ ਹੈ, ਜਿੱਥੇ ਟਕਰਾਅ ਵਾਲੇ ਹਾਲਾਤ ਨਹੀਂ ਹਨ ਅਤੇ ਬੱਚੇ ਸਕੂਲ ਜਾ ਸਕਦੇ ਹਨ। ਹਸਪਤਾਲ ਅਤੇ ਬਾਜ਼ਾਰ ਜਾ ਸਕਦੇ ਹਨ। ਇੱਥੇ ਸਾਨੂੰ ਫ਼ੌਜ ਦਾ ਸਾਥ ਹੈ, ਪਰ ਅਸੀਂ ਇੱਕਲੇ ਹੀ ਹਾਂ।





Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਪੰਜਾਬੀ ਲਘੂ ਫਿਲਮ 'ਉਸੇ ਪੈਂਡੇ' ਨੇ ਜਿੱਤੇ ਦੋ ਐਵਾਰਡ

## *ਅਨਮੋਲ ਕੌਰ ਦੀ ਲਿਖੀ ਕਹਾਣੀ ਨੂੰ ਇੰਦਰਮੋਹਨ ਸਿੰਘ ਛਾਬੜਾ ਨੇ ਫਿਲਮ ਵਜੋਂ ਬਣਵਾਇਆ*

**ਪੈਲਾਟਾਈਨ/ਬਿਊਰੋ ਨਿਊਜ਼:**
ਹਰਿਆਣਾ ਵਿਚ ਦੋ ਐਵਾਰਡ ਜਿੱਤਣ ਤੋਂ ਬਾਅਦ ਪੰਜਾਬੀ ਲਘੂ ਫਿਲਮ 'ਉਸੇ ਪੈਂਡੇ' ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਦਿਖਾਈ ਗਈ।




ਜ਼ਿਕਰਯੋਗ ਹੈ ਕਿ ਹਰਿਆਣਾ ਦੇ 50ਵੇਂ ਗੋਲਡ ਜੁਬਲੀ ਸਮਾਗਮ ਤਹਿਤ ਕੁਰੂਕਸ਼ੇਤਰ ਖੇਤਰੀ ਫਿਲਮ ਤਹਿਤ 12 ਮੁਲਕਾਂ ਦੀਆਂ 17 ਭਾਸ਼ਾਵਾਂ ਦੀਆਂ 65 ਲਘੂ ਫਿਲਮਾਂ ਦਿਖਾਈਆਂ ਗਈਆਂ। ਇਸ ਮੌਕੇ ਪੰਜਾਬੀ ਲਘੂ ਫਿਲਮ ਉਸੇ ਪੈਂਡੇ ਵੀ ਦਿਖਾਈ ਗਈ। ਵੱਡੀ ਗਿਣਤੀ ਚ ਦੇਖਣ ਆਏ ਦਰਸ਼ਕਾਂ ਨੇ ਫਿਲਮ ਦੀ ਸ਼ਲਾਘਾ ਕੀਤੀ। ਫਿਲਮ ਤੋਂ ਪ੍ਰਭਾਵਤ ਹੋ ਕੇ ਜੱਜਾਂ ਨੇ ਇਸ ਨੂੰ ਦੋ ਐਵਾਰਡਾਂ ਲਈ ਚੁਣਿਆ। ਪਹਿਲਾ ਇਨਾਮ "ਬੈਸਟ ਸ਼ਾਰਟ" ਫਿਲਮ ਲਈ ਤੇ ਦੂਜਾ "ਬੈਸਟ ਸਟੋਰੀ" ਲਈ ਮਿਲਿਆ। ਫਿਲਮ ਦੀ ਲੇਖਿਕਾ ਅਨਮੋਲ ਕੌਰ ਹੈ ਤੇ ਇਸ ਦੇ ਨਿਰਮਾਤਾ ਇੰਦਰਮੋਹਨ ਸਿੰਘ ਛਾਬੜਾ ਹਨ। ਸ੍ਰੀ ਛਾਬੜਾ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਲਈ ਇਹ ਬੜੀ ਮਾਣ ਵਾਲੀ ਗੱਲ ਹੈ। ਇਸ ਫਿਲਮ ਦੀ ਸਫਲਤਾ ਪਿੱਛੇ ਪ੍ਰੋਡਕਸ਼ਨ ਟੀਮ, ਜੁਰਾਕੂ ਸ਼ੁਰਾਲੀ, ਸੰਦਲ ਕੌਰ ਦਾ ਹੱਥ ਹੈ। ਸ੍ਰੀ ਛਾਬੜਾ ਨੇ ਪੰਜਾਬ ਸਰਕਾਰ ਨੂੰ ਅਜਿਹੇ ਖੇਤਰੀ ਫਿਲਮ ਮੇਲੇ ਪੰਜਾਬ ਵਿਚ ਵੀ ਕਰਾਉਣ ਦੀ ਅਪੀਲ ਕੀਤੀ। ਲੰਬੇ ਸਮੇਂ ਤੋਂ ਸ਼ਿਕਾਗੋ ਰਹਿ ਰਹੇ ਛਾਬੜਾ ਕਈ ਵਰ੍ਹਿਆਂ ਤੋਂ ਸ਼ਿਕਾਗੋ ਵਿਚ ਸਿੱਖ ਟੀ ਵੀ ਚਲਾ ਰਹੇ ਹਨ। ਉਨ੍ਹਾਂ ਨੇ ਕਈ ਲਘੂ ਫਿਲਮਾਂ ਬਣਾਈਆਂ ਹਨ।
ਪੈਲਾਟਾਈਨ ਤੋਂ ਪਹਿਲਾਂ ਇਹ ਫਿਲਮ ਫੈਸਟੀਵਲ (ਇੰਗਲੈਂਡ) ਨਿਊਯਾਰਕ, ਮਿਸ਼ੀਗਨ, ਚੀਨ ਅਤੇ ਸਾਊਥ ਕੋਰੀਆ ਵਿਚ ਵੀ ਦਿਖਾਈ ਜਾ ਚੁੱਕੀ ਹੈ।

# ਪੰਜਾਬੀ ਅਮੈਰੀਕਨ ਸਿੱਖ ਸੋਸਾਇਟੀ ਔਰਲੈਂਡ ਵਲੋਂ ਸ਼ਾਨਦਾਰ ਵਿਸਾਖੀ ਮੇਲਾ

**ਔਰਲੈਂਡ ਸਿਟੀ/ਬਿਊਰੋ ਨਿਊਜ਼:**
ਪੰਜਾਬੀ ਅਮੈਰੀਕਨ ਸਿੱਖ ਸੋਸਾਇਟੀ ਔਰਲੈਂਡ ਨੇ ਇਲਾਕੇ ਦੇ ਸਮੂਹ ਪੰਜਾਬੀ ਪਰਿਵਾਰਾਂ ਨਾਲ ਮਿਲ ਕੇ ਇੱਕ ਬਹੁਤ ਹੀ ਸ਼ਾਨਦਾਰ ਪਰਿਵਾਰਕ ਵਿਸਾਖੀ ਮੇਲਾ ਕਰਵਾਇਆ। ਰੈਡ ਬਲੱਫ ਤੋਂ 30 ਕੁ ਮੀਲ ਦੂਰ ਵਸੇ ਔਰਲੈਂਡ ਸ਼ਹਿਰ ਵਿੱਚ ਪੰਜਾਬੀਆਂ ਦੀ ਭਾਵੇਂ ਕੋਈ ਬਹੁਤੀ ਵਸੋਂ ਨਹੀਂ ਹੈ ਪਰ ਫਿਰ ਵੀ ਇਸ ਮੇਲੇ ਵਿੱਚ ਇਲਾਕੇ ਦੇ 40-50 ਮੀਲ ਦੇ ਘੇਰੇ ਵਿੱਚ ਰਹਿੰਦੇ ਪੰਜਾਬੀ ਪਰਿਵਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਮਾਗਮ ਦੀ ਸ਼ੁਰੂਆਤ ਛੋਟੇ ਬੱਚਿਆਂ ਸਿਮਰਨ ਕੌਰ ਤੇ ਸ਼ੈਲਬੀਰ ਸਿੰਘ ਦੇ ਸ਼ਬਦ ਗਾਇਨ ਨਾਲ ਹੋਈ। ਭਾਈ ਅਮਰਜੀਤ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਵਿਸਾਖੀ ਦੀ ਮਹਤੱਤਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਧਾਰਮਿਕ ਤੇ ਸਮਾਜਿਕ ਕਵਿਤਾਵਾਂ ਨਾਲ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਗੱਧਾ ਤੇ ਭੰਗੜਾ ਕੋਚ ਸੁਖਵੰਤ ਕੌਰ ਦੁਆਰਾ ਤਿਆਰ ਕਰਵਾਈਆਂ ਬੱਚਿਆਂ ਦੀਆਂ 6 ਟੀਮਾਂ ਨੇ ਪੰਜਾਬ ਦੇ ਲੋਕ ਨਾਚਾਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕਰਕੇ ਦਰਸ਼ਕਾਂ ਦੇ ਮਨ ਮੋਹ ਲਏ। ਉਪਰੰਤ ਗੀਤ ਸੰਗੀਤ ਦੇ ਚੱਲੇ ਦੌਰ ਵਿੱਚ ਪੰਜਾਬੀ ਦੇ ਸਾਫ ਸੁਥਰੇ ਗਾਇਕ ਬੱਬੂ ਗੁਰਪਾਲ ਨੇ ਪਰਿਵਾਰਕ ਗੀਤਾਂ ਦੀ ਛਹਿਬਰ ਨਾਲ ਸੱਭਿਆਚਾਰਕ ਛਾਪ ਛੱਡਦਿਆਂ ਮਹੌਲ ਨੂੰ ਰੰਗੀਨ ਬਣਾ ਦਿੱਤਾ। ਵੌਇਸ ਆਫ ਪੰਜਾਬ' ਦਾ ਖਿਤਾਬ ਜੇਤੂ ਗਾਇਕਾ ਜਸਪਿੰਦਰ ਰੈਣਾ ਨੇ ਆਪਣੀ ਕਲਾ ਦੀ ਪੇਸ਼ਕਾਰੀ ਰਾਹੀਂ ਪ੍ਰਚੱਲਿਤ ਪੰਜਾਬੀ ਲੋਕ ਗੀਤਾਂ ਉੱਤੇ ਪੰਜਾਬਣਾ ਨੂੰ ਨੱਚਣ ਲਾ ਦਿੱਤ। ਉਥੇ ਸਟੈਂਡ ਅਪ ਕਮੇਡੀਅਨ ਵਿਜੇ ਸਿੰਘ ਨੇ ਐਸਾ ਮਜ਼ਾਹੀਆ ਰੰਗ ਬੰਨ੍ਹਿਆਂ ਕਿ ਦਰਸ਼ਕ ਹੱਸ ਹੱਸ ਲੋਟ ਪੋਟ ਹੋ ਗਏ। ਟੋਟਲ ਇੰਟਰਟੇਨਮੈਂਟ ਤੇ ਡਾਇਰੈਕਟਰ ਉਘੇ ਪ੍ਰੋਮੋਟਰ ਤੇ ਸਮਾਗਮ ਦੇ ਸਟੇਜ ਇੰਚਾਰਜ ਅਵਤਾਰ ਲਾਖਾ ਨੇ ਸਾਰੇ ਸਮਾਗਮ ਨੂੰ ਬਹੁਤ ਹੀ ਵਿਉਂਤਬੱਧ ਤਰੀਕੇ ਨਾਲ ਚਲਾਇਆ । ਉੱਘੇ ਸਟੇਜ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਸ਼ਾਇਰਾਨਾ ਤੇ ਹਾਸਰਸੀ ਅੰਦਾਜ਼ ਵਿੱਚ ਸਟੇਜ ਸੰਚਾਲਨ ਕਰਦਿਆਂ ਸਮਾਗਮ ਨੂੰ ਖੁਸ਼ਗਵਾਰ ਬਣਾਈ ਰੱਖਿਆ। ਸਮਾਗਮ ਦੀ ਪ੍ਰਾਪਤੀ ਇਹ ਰਹੀ ਕਿ ਦਰਸ਼ਕਾਂ ਦੇ ਰੂਪ ਵਿੱਚ ਆਏ ਮਹਿਮਾਨਾਂ ਲਈ ਰਾਤ ਦੇ ਖਾਣੇ ਦਾ ਪ੍ਰਬੰਧ ਸੀ, ਪਰ ਆਮ ਪੰਜਾਬੀ ਰਵਾਇਤ ਦੇ ਉਲਟ ਖਾਣੇ ਨਾਲ ਸ਼ਰਾਬ ਨਹੀਂ ਵਰਤਾਈ ਗਈ। ਅੰਤ ਵਿੱਚ ਪ੍ਰਧਾਨ ਦਮਨਪ੍ਰੀਤ ਕੌਰ ਥਿਆੜਾ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚੜ੍ਹੇ। ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਪ੍ਰਬੰਧਕਾਂ ਦਮਨਪ੍ਰੀਤ ਕੌਰ ਥਿਆੜਾ (ਪ੍ਰਧਾਨ), ਹਰਜੋਤ ਗਰੇਵਾਲ(ਸੈਕਟਰੀ), ਪਰਮਜੀਤ ਸੋਹਲ (ਖਜਾਨਚੀ), ਅਜੀਤ ਸਿੰਘ ਗਰੇਵਾਲ, ਤੀਰਥ ਸਿੰਘ ਸੋਹਲ, ਹਰਦੀਪ ਸਿੰਘ, ਦਵਿੰਦਰ ਸਿੰਘ ਤੇ ਸਮੂਹ ਮੈਂਬਰਾਂ ਨੇ ਦਿਨ ਰਾਤ ਕੰਮ ਕੀਤਾ।



# ਹਾਕੀ 'ਚ ਪਾਕਿਸਤਾਨ 'ਤੇ 61 ਸਾਲ ਦੀ ਸਭ ਤੋਂ ਵੱਡੀ ਜਿੱਤ; ਕ੍ਰਿਕਟ 'ਚ 39 ਸਾਲ ਦੀ ਸਭ ਤੋਂ ਵੱਡੀ ਹਾਰ

**ਲੰਡਨ/ਬਿਊਰੋ ਨਿਊਜ਼ :**
ਲੰਡਨ 'ਚ ਹਾਕੀ ਤੇ ਕ੍ਰਿਕਟ ਦੇ ਦੋ ਮੈਚਾਂ ਦਾ ਹੈਰਾਨ ਕਰਨ ਵਾਲਾ ਨਤੀਜਾ ਆਇਆ। ਜਿੰਨੀ ਵੱਡੀ ਜਿੱਤ ਹਾਕੀ ਵਿਚ ਭਾਰਤ ਨੂੰ ਮਿਲੀ, ਉਨੀ ਵੱਡੀ ਹਾਰ ਕ੍ਰਿਕਟ ਵਿਚ ਮਿਲੀ। ਚੈਂਪੀਅਨ ਟਰਾਫੀ ਵਿਚ ਭਾਰਤ ਨੂੰ ਪਾਕਿਸਤਾਨ ਹੱਥੋਂ 39 ਸਾਲ ਬਾਅਦ ਵੱਡੀ ਹਾਰ ਮਿਲੀ ਲਸ ਹਾਕੀ ਨੇ 61 ਸਾਲ ਬਾਅਦ ਵੱਡੀ ਜਿੱਤ ਹਾਸਲ ਕੀਤੀ।
ਭਾਰਤ ਨੇ ਇਥੇ ਹਾਕੀ ਵਰਲਡ ਲੀਗ ਦੇ ਗਰੁੱਪ ਬੀ ਦੇ ਮੁਕਾਬਲੇ 'ਚ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 7-1 ਦੀ ਕਰਾਰੀ ਸ਼ਿਕਸਤ ਦਿੰਦਿਆਂ ਕੁਆਰਟਰ ਫਾਈਨਲ 'ਚ ਥਾਂ ਪੱਕੀ ਕਰ ਲਈ। ਭਾਰਤ ਦੀ ਟੂਰਨਾਮੈਂਟ 'ਚ ਇਹ ਲਗਾਤਾਰ ਤੀਜੀ ਜਿੱਤ ਹੈ ਤੇ ਉਹ ਅੰਕ ਸੂਚੀ ਵਿੱਚ ਨੀਦਰਲੈਂਡ ਨੂੰ ਪਛਾੜ ਕੇ ਪਹਿਲੇ ਨੰਬਰ 'ਤੇ ਪੁੱਜ ਗਈ ਹੈ। ਉਂਜ ਪੂਰੇ ਮੈਚ ਦੌਰਾਨ ਭਾਰਤ ਨੇ ਪਾਕਿਸਤਾਨ 'ਤੇ ਆਪਣਾ ਦਾਬਾ ਬਣਾਈ ਰੱਖਿਆ। ਲੀ ਵੈਲੀ ਹਾਕੀ ਤੇ ਟੈਨਿਸ ਸੈਂਟਰ ਵਿੱਚ ਖੇਡੇ ਮੁਕਾਬਲੇ ਦੌਰਾਨ ਭਾਰਤ ਲਈ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ (13ਵੇਂ ਤੇ 33ਵੇਂ ਮਿੰਟ), ਤਲਵਿੰਦਰ ਸਿੰਘ (21ਵੇਂ ਤੇ 24ਵੇਂ), ਅਕਾਸ਼ਦੀਪ ਸਿੰਘ (47ਵੇਂ ਤੇ 59ਵੇਂ) ਤੇ ਪ੍ਰਦੀਪ ਮੋੜ (49ਵੇਂ ਮਿੰਟ) ਨੇ ਗੋਲ ਕੀਤੇ। ਪਾਕਿਸਤਾਨ ਲਈ ਇਕੋ ਇਕ ਗੋਲ ਮੁਹੰਮਦ ਉਮਰ ਭੁੱਟਾ ਦੀ ਹਾਕੀ ਤੋਂ 57ਵੇਂ ਮਿੰਟ ਵਿੱਚ ਨਿਕਲਿਆ। ਪੂਲ ਬੀ ਵਿੱਚ ਤਿੰਨ ਤਿੰਨ ਜਿੱਤਾਂ ਨਾਲ ਭਾਰਤ ਤੇ ਨੀਦਰਲੈਂਡ ਭਾਵੇਂ ਬਰਾਬਰ ਹਨ, ਪਰ ਪਾਕਿਸਤਾਨ ਖ਼ਿਲਾਫ਼ ਮਿਲੀ 7-1 ਦੀ ਜਿੱਤ ਕਰਕੇ ਉਸ ਤੋਂ ਅੱਗੇ ਨਿਕਲ ਗਿਆ ਹੈ।
ਇਸ ਤੋਂ ਪਹਿਲਾਂ ਮੈਚ ਦੀ ਸ਼ੁਰੂਆਤ ਤੋਂ ਹੀ ਭਾਰਤ ਨੇ ਉਮਦਾ ਹਾਕੀ ਦਾ ਪ੍ਰਦਰਸ਼ਨ ਕਰਦਿਆਂ ਪਾਕਿਸਤਾਨ 'ਤੇ ਦਬਾਅ ਬਣਾ ਲਿਆ। ਹਰਮਨਪ੍ਰੀਤ ਨੇ ਪਹਿਲੇ ਕੁਆਰਟਰ ਦੇ 13ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨੂੰ ਗੋਲ 'ਚ ਤਬਦੀਲ ਕਰਕੇ ਭਾਰਤ ਦਾ ਖਾਤਾ ਖੋਲ੍ਹਿਆ। 21ਵੇਂ ਮਿੰਟ ਵਿੱਚ ਤਲਵਿੰਦਰ ਨੇ ਸਤਿਬੀਰ ਸਿੰਘ ਤੇ ਐਸ.ਵੀ.ਸੁਨੀਲ ਵਲੋਂ ਦਿੱਤੇ ਪਾਸ ਨੂੰ ਗੋਲ 'ਚ ਬਦਲ ਕੇ ਸਕੋਰ 2-0 ਕਰ ਦਿੱਤਾ। ਤਿੰਨ ਮਿੰਟਾਂ ਦੇ ਵਕਫ਼ੇ ਮਗਰੋਂ ਤਲਵਿੰਦਰ ਨੇ ਪਾਕਿਸਤਾਨੀ ਗੋਲਕੀਪਰ ਨੂੰ ਝਕਾਨੀ ਦਿੰਦਿਆਂ ਸਕੋਰ 3-0 ਕਰ ਦਿੱਤਾ। ਦੂਜੇ ਅੱਧ ਵਿੱਚ ਗੋਲ ਪੋਸਟਾਂ ਬਦਲਣ ਤੋਂ ਬਾਅਦ ਹਰਮਨਪ੍ਰੀਤ ਨੇ ਇਕ ਹੋਰ ਗੋਲ ਕਰਕੇ ਲੀਡ ਚਾਰ ਗੋਲਾਂ ਦੀ ਕਰ ਦਿੱਤੀ। ਇਸ ਦੌਰਾਨ ਪਾਕਿਸਤਾਨ ਨੇ ਕਈ ਮੂਵ ਬਣਾਏ, ਪਰ ਉਹ ਭਾਰਤੀ ਗੋਲਕੀਪਰ ਆਕਾਸ਼ ਚਿਕਤੇ ਨੂੰ ਪਾਰ ਨਹੀਂ ਪਾ ਸਕੇ। ਮਗਰੋਂ ਅਕਾਸ਼ਦੀਪ ਤੇ ਪ੍ਰਦੀਪ ਮੋੜ ਨੇ ਉਪਰੋਥੱਲੀ ਗੋਲ ਕਰਕੇ ਮੈਚ ਲਗਪਗ ਇਕ ਪਾਸੜ ਕਰ ਦਿੱਤਾ। ਖੇਡ ਦੇ 57ਵੇਂ ਮਿੰਟ ਵਿੱਚ ਉਮਰ ਭੁੱਟਾ ਨੇ ਇਕਮਾਤਰ ਗੋਲ ਕਰਕੇ ਟੀਮ ਦੀ ਕੁਝ ਲਾਜ ਰੱਖੀ। ਆਕਾਸ਼ਦੀਪ ਨੇ ਬਾਅਦ ਵਿੱਚ ਹੂਟਰ ਵੱਜਣ ਤੋਂ ਇਕ ਮਿੰਟ ਪਹਿਲਾਂ ਉਮਦਾ ਗੋਲ ਕਰਕੇ 7-1 ਨਾਲ ਮੈਚ ਭਾਰਤ ਦੀ ਝੋਲੀ ਪਾ ਦਿੱਤਾ।

**ਭਾਰਤੀ ਟੀਮ ਵਲੋਂ ਫ਼ੌਜੀਆਂ ਨੂੰ ਸ਼ਰਧਾਂਜਲੀ**
ਲੰਡਨ: ਭਾਰਤੀ ਹਾਕੀ ਟੀਮ ਨੇ ਪਾਕਿਸਤਾਨ ਖ਼ਿਲਾਫ਼ ਮੈਚ ਦੌਰਾਨ ਬਾਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਭਾਰਤੀ ਫ਼ੌਜ 'ਤੇ ਕੀਤੇ ਹਾਲੀਆ ਹਮਲਿਆਂ 'ਚ ਮਾਰੇ ਗਏ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਭਾਰਤੀ ਟੀਮ ਦੇ ਸਹਾਇਕ ਸਟਾਫ਼ ਨੇ ਵੀ ਕਾਲੀਆਂ ਪੱਟੀਆਂ ਬੰਨ੍ਹੀਆਂ।



ਰਮਨਦੀਪ ਸਿੰਘ ਪਾਕਿਸਤਾਨ ਖ਼ਿਲਾਫ਼ ਕੀਤੇ ਗੋਲ ਦਾ ਜਸ਼ਨ ਮਨਾਉਂਦਾ ਹੋਇਆ।



ਓਵਲ ਵਿੱਚ ਆਈਸੀਸੀ ਚੈਂਪੀਅਨਜ਼ ਟਰਾਫੀ ਨਾਲ ਜਿੱਤ ਦੀ ਖ਼ੁਸ਼ੀ ਮਨਾਉਂਦੇ ਹੋਏ ਪਾਕਿਸਤਾਨੀ ਟੀਮ ਦੇ ਮੈਂਬਰ। ਪਾਕਿਸਤਾਨ ਨੇ ਇਹ ਟਰਾਫੀ ਪਹਿਲੀ ਵਾਰ ਜਿੱਤੀ ਹੈ।

## ਭਾਰਤ ਨੂੰ 180 ਦੌੜਾਂ ਨਾਲ ਹਰਾ ਕੇ ਪਾਕਿਸਤਾਨ ਬਣਿਆ ਚੈਂਪੀਅਨ

**ਲੰਡਨ :** ਫ਼ਖ਼ਰ ਜ਼ਮਾਨ ਦੇ ਸੈਂਕੜੇ ਅਤੇ ਮੁਹੰਮਦ ਆਮਿਰ ਦੀ ਬਿਹਤਰੀਨ ਗੇਂਦਬਾਜ਼ੀ ਦੀ ਬਦੌਲਤ ਪਾਕਿਸਤਾਨ ਇਥੇ ਰਵਾਇਤੀ ਵਿਰੋਧੀ ਭਾਰਤ ਨੂੰ 180 ਦੌੜਾਂ ਨਾਲ ਹਰਾ ਕੇ ਚੈਂਪੀਅਨਜ਼ ਟਰਾਫ਼ੀ ਜਿੱਤ ਲਈ। ਪਾਕਿਸਤਾਨ ਦੀ ਇਹ 2009 ਟੀ ਟਵੰਟੀ ਵਿਸ਼ਵ ਕੱਪ ਤੋਂ ਬਾਅਦ ਤੀਜੀ ਵੱਡੀ ਖ਼ਿਤਾਬੀ ਜਿੱਤ ਹੈ। ਉਸ ਦਾ 50 ਓਵਰਾਂ ਦੇ ਕ੍ਰਿਕਟ ਮੈਚ ਵਿੱਚ ਦੂਜਾ ਆਈਸੀਸੀ ਖ਼ਿਤਾਬ ਹੈ। ਇਸ ਜਿੱਤ ਤੋਂ ਬਾਅਦ ਉਸ ਨੇ ਵੱਡੇ ਮੈਚਾਂ ਵਿੱਚ ਭਾਰਤ ਖ਼ਿਲਾਫ਼ ਚੰਗਾ ਪ੍ਰਦਰਸ਼ਨ ਨਾ ਕਰ ਸਕਣ ਦੇ ਬਣੇ ਅਕਸ ਨੂੰ ਤੋੜ ਦਿੱਤਾ।
ਭਾਰਤ ਨੇ ਪਹਿਲਾਂ ਟਾਸ ਜਿੱਤ ਕੇ ਫੀਲਡਿੰਗ ਕਰਨ ਦਾ ਫੈਸਲਾ ਕੀਤਾ ਜੋ ਗਲਤ ਸਾਬਤ ਹੋਇਆ। ਭਾਰਤ ਦੀ ਲੱਚਰ ਗੇਂਦਬਾਜ਼ੀ ਅਤੇ ਅੰਤ ਵਿੱਚ ਬੱਲੇਬਾਜ਼ਾਂ ਦੇ ਸ਼ਰਮਨਾਕ ਪ੍ਰਦਰਸ਼ਨ ਨਾਲ ਭਾਰਤੀ ਟੀਮ ਕਿਸੇ ਤਰ੍ਹਾਂ ਵੀ ਮੁਕਾਬਲੇ ਵਿੱਚ ਨਜ਼ਰ ਨਹੀਂ ਆਈ ਅਤੇ ਉਸ ਨੂੰ ਕਿਸੇ ਆਈਸੀਸੀ ਟੂਰਨਾਮੈਂਟ ਦੇ ਫਾਈਨਲ ਵਿੱਚ ਪਹਿਲੀ ਵਾਰ ਪਾਕਿਸਤਾਨ ਹੱਥੋਂ ਸ਼ਿਕਸਤ ਝੱਲਣੀ ਪਈ ਹੈ। ਪਾਕਿਸਤਾਨੀ ਦੀ ਜਿੱਤ ਦਾ ਹੀਰੋ ਸਲਾਮੀ ਬੱਲੇਬਾਜ਼ ਫ਼ਖ਼ਰ ਜ਼ਮਾਨ ਰਿਹਾ ਜਿਸ ਨੇ 106 ਗੇਂਦਾਂ 'ਤੇ 12 ਚੌਕਿਆਂ ਅਤੇ ਤਿੰਨ ਛੱਕਿਆਂ ਦੀ ਬਦੌਲਤ 114 ਦੌੜਾਂ ਬਣਾਈਆਂ। ਉਸ ਨੇ ਆਪਣੇ ਕਰੀਅਰ ਦਾ ਪਹਿਲਾ ਸੈਂਕੜਾ ਮਾਰਿਆ ਅਤੇ ਚਾਰ ਵਿਕਟਾਂ 'ਤੇ ਟੀਮ ਨੂੰ 338 ਦੌੜਾਂ ਦੇ ਮਜ਼ਬੂਤ ਸਕੋਰ ਤਕ ਪਹੁੰਚਾਇਆ। ਉਸ ਨੇ ਅਜ਼ਹਰ ਅਲੀ ਨਾਲ (59) ਪਹਿਲੀ ਵਿਕਟ ਲਈ 128 ਦੌੜਾਂ ਦੀ ਭਾਈਵਾਲੀ ਕੀਤੀ। ਇਸ ਤੋਂ ਬਾਅਦ ਮੁਹੰਮਦ ਹਫੀਜ਼ (ਨਾਬਾਦ) 57, ਬਾਬਰ ਆਜ਼ਮ ਨੇ 46 ਅਤੇ ਇਮਾਦ ਵਸੀਮ (ਨਾਬਾਦ) 25 ਨੇ ਵੀ ਲੋੜੀਂਦਾ ਸਹਿਯੋਗ ਦਿੱਤਾ। ਭਾਰਤੀ ਟੀਮ ਇਸ ਦੇ ਜਵਾਬ ਵਿੱਚ 30.3 ਓਵਰਾਂ ਵਿੱਚ 158 ਦੌੜਾਂ 'ਤੇ ਢੇਰ ਹੋ ਗਈ। ਭਾਰਤ ਨੂੰ 150 ਤੋਂ ਪਾਰ ਪਹੁੰਚਾਉਣ ਦਾ ਸਿਹਰਾ ਹਾਰਦਿਕ ਪੰਡਿਆ ਨੂੰ ਜਾਂਦਾ ਹੈ। ਉਸ ਨੇ 43 ਗੇਂਦਾਂ 'ਤੇ ਚਾਰ ਚੌਕਿਆਂ ਅਤੇ ਛੇ ਛੱਕਿਆਂ ਦੀ ਮਦਦ ਨਾਲ 76 ਦੌੜਾਂ ਬਣਾਈਆਂ।
ਮੁਹੰਮਦ ਆਮਿਰ ਨੇ ਭਾਰਤੀ ਪਾਰੀ ਦਾ ਅੰਤ ਕੀਤਾ। ਉਸ ਨੇ 16 ਦੌੜਾਂ ਦੇ ਕੇ ਤਿੰਨ ਵਿਕਟਾਂ ਲਈ। ਹਸਨ ਅਲੀ ਅਤੇ ਸ਼ਾਦਾਬ ਖਾਨ ਨੇ ਦੋ ਦੋ ਵਿਕਟਾਂ ਲਈਆਂ। ਆਮਿਰ ਨੇ ਭਾਰਤ ਦੇ ਸਿਖਰਲੇ ਕ੍ਰਮ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ।

# ਭਾਰਤ ਦੀ ਕਬੱਡੀ ਟੀਮ ਨੇ ਅਮਰੀਕੀ ਟੀਮ ਨੂੰ 42-34 ਅੰਕਾਂ ਦੇ ਫਰਕ ਨਾਲ ਹਰਾਇਆ

**ਸਿਆਟਲ/ਬਿਊਰੋ ਨਿਊਜ਼ :** ਓਹਾਈਓ ਸਟੇਟ ਦੇ ਸਿਨਸ਼ਸੈਟੀ ਸ਼ਹਿਰ ਵਿਚ ਸ਼ੇਰ-ਏ-ਪੰਜਾਬ ਸਪੋਰਟਸ ਤੇ ਕਲਚਰਲ ਸੁਸਾਇਟੀ ਵਲੋਂ ਖੇਡ ਤੇ ਕਲਚਰਲ ਮੇਲਾ ਕਰਵਾਇਆ, ਜਿਥੇ ਭਾਰਤ ਦੀ ਕਬੱਡੀ ਟੀਮ ਨੇ ਅਮਰੀਕਾ ਦੀ ਟੀਮ ਨੂੰ 42-34 ਅੰਕਾਂ ਦੇ ਫਰਕ ਨਾਲ ਹਰਾ ਕੇ ਕਬੱਡੀ ਕੱਪ ਜਿੱਤਿਆ।ਗ ਸਿਆਟਲ ਤੋਂ ਭਾਰਤ ਦੀ




ਕਬੱਡੀ ਟੀਮ ਨੂੰ ਸਪਾਂਸਰ ਕਰਨ ਵਾਲੇ ਚੰਨਾ ਆਲਮਗੀਰ ਨੇ ਦੱਸਿਆ ਕਿ ਸੰਦੀਪ ਸੁਰਖਪੁਰ ਨੂੰ ਵਧੀਆ ਰੇਡਰ ਤੇ ਨਵੀ ਜੌਹਲ ਨੂੰ ਬੈਸਟ ਜਾਫੀ ਐਲਾਨਿਆ ਗਿਆ। ਇਸ ਮੌਕੇ ਜੈਜੀ ਬੈਂਸ, ਕੌਰ ਬੀ, ਪ੍ਰਭ ਗਿੱਲ ਤੇ ਮੈਂਡੀ ਤੱਖਰ ਨੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਪਵਨਦੀਪ, ਆਗਿਆਪਾਲ ਸਿੰਘ ਬਾਠ, ਇਕਬਾਲ ਗਾਲਿਬ ਤੇ ਸੁਰਜੀਤ ਕੁਕਰਾਲੀ ਨੇ ਸਟੇਜ ਦਾ ਸੰਚਾਲਨ ਤੇ ਕੁਮੈਂਟਰੀ ਰਾਹੀਂ ਖ਼ੂਬ ਰੰਗ ਬੰਨ੍ਹਿਆ।ਗ ਸੁਸਾਇਟੀ ਮੈਂਬਰਾਂ ਚਰਨਜੀਤ ਸਿੰਘ ਬਰਾੜ, ਸੁਰਜੀਤ ਸਿੰਘ ਮਾਵੀ, ਕੁਮਾਰ ਪਵਨਦੀਪ, ਅਮਰਜੀਤ ਤੱਖਰ, ਅਮਰੀਕ ਸਿੰਘ ਟਿਵਾਣਾ, ਅਮਰਜੀਤ ਅਗਰਵਾਲ, ਪਰਮਿੰਦਰ ਸਿੰਘ ਤੱਖਰ, ਬੌਬੀ ਸਿੱਧੂ, ਗੁਰਮਿੰਦਰ ਸੰਧੂ, ਜਗਤਾਰ ਫੰਡੂ ਤੇ ਪ੍ਰੀਤਮ ਸਿੰਘ ਨੇ ਸ਼ਾਨਦਾਰ ਇੰਤਜ਼ਾਮ ਕਰਕੇ ਟੂਰਨਾਮੈਂਟ ਨੂੰ ਸਫ਼ਲ ਬਣਾਇਆ। ਭਾਰਤ ਦੀ ਕਬੱਡੀ ਟੀਮ ਵਲੋਂ ਸੰਦੀਪ ਸੁਰਖਪੁਰ, ਤੇਜੀ ਪੂਨੀਆਂ, ਹਰਵਿੰਦਰ ਰਬੋਂ, ਜੱਸਾ ਪਰਸਰਾਮਪੁਰ, ਬਿੱਲਾ ਖੁੱਡਾ, ਗੁਰਮਨ, ਨਵੀ ਜੌਹਲ ਸ਼ਾਨਦਾਰ ਪ੍ਰਦਰਸ਼ਨ ਕਰਕੇ ਚੰਨਾ ਆਲਮਗੀਰ ਦੀ ਅਗਵਾਈ ਹੇਠ ਕਬੱਡੀ ਕੱਪ ਤੇ 11000 ਡਾਲਰ ਦਾ ਇਨਾਮ ਜਿੱਤਣ ਵਿਚ ਕਾਮਯਾਬ ਰਹੇ।

# ਭਾਰਤੀ ਸ਼ਟਲਰ ਕਿਦਾਂਬੀ ਸ੍ਰੀਕਾਂਤ ਨੇ ਇੰਡੋਨੇਸ਼ੀਆ ਸੁਪਰ ਸੀਰੀਜ਼ ਪ੍ਰੀਮੀਅਰ ਪੁਰਸ਼ ਸਿੰਗਲਜ਼ ਖ਼ਿਤਾਬ ਜਿੱਤਿਆ

**ਜਕਾਰਤਾ/ਬਿਊਰੋ ਨਿਊਜ਼ :** ਭਾਰਤੀ ਸ਼ਟਲਰ ਕਿਦਾਂਬੀ ਸ੍ਰੀਕਾਂਤ ਨੇ ਇੱਥੇ ਜਪਾਨ ਦੇ ਕਾਜ਼ੂਮਾਸਾ ਸਾਕਾਈ ਨੂੰ ਫਾਈਨਲ 'ਚ ਹਰਾ ਕੇ ਇੰਡੋਨੇਸ਼ੀਆ ਸੁਪਰ ਸੀਰੀਜ਼ ਪ੍ਰੀਮੀਅਰ ਪੁਰਸ਼ ਸਿੰਗਲਜ਼ ਖ਼ਿਤਾਬ ਆਪਣੀ ਝੋਲੀ ਪਾ ਲਿਆ ਹੈ, ਜੋ ਉਸ ਦਾ ਤੀਜਾ ਸੁਪਰ ਸੀਰੀਜ਼ ਖ਼ਿਤਾਬ ਹੈ। ਦੁਨੀਆਂ ਦੇ 22ਵੇਂ ਨੰਬਰ ਦੇ ਖਿਡਾਬੀ ਸ੍ਰੀਕਾਂਤ ਨੇ ਇਸ ਟੂਰਨਾਮੈਂਟ ਦੇ ਫਾਈਨਲ 'ਚ 47ਵੀਂ ਰੈਂਕਿੰਗ ਦੇ ਸਕਾਈ ਨੂੰ 37 ਮਿੰਟ 'ਚ 21-11, 21-19 ਨਾਲ ਹਰਾ ਕੇ 75 ਹਜ਼ਾਰ ਡਾਲਰ ਦਾ ਇਨਾਮ ਹਾਸਲ ਕੀਤਾ। ਸ੍ਰੀਕਾਂਤ ਨੇ 20 14 'ਚ ਚਾਈਨਾ ਸੁਪਰ ਸੀਰੀਜ਼ ਪ੍ਰੀਮੀਅਰ ਅਤੇ 2015 'ਚ ਇੰਡੀਆ ਸੁਪਰ ਸੀਰੀਜ਼ ਖ਼ਿਤਾਬ ਵੀ ਆਪਣੇ ਨਾਂ ਕੀਤਾ ਹੋਇਆ ਹੈ।

ਬਾਕੀ ਸਫ਼ਾ 32 'ਤੇ

# “ਕੋਈ ਕਾਬਿਲ ਹੈ ਤੋ ਹਮ ਸ਼ਾਨੇਂ ਕਈ ਦੇਤੇ ਹੈਂ, ਢੂੰਡਨੇ ਵਾਲੋਂ ਕੋ ਦੁਨੀਆ ਭੀ ਨਈ ਦੇਤੇ ਹੈਂ।”

## *ਮਨਪ੍ਰੀਤ ਨੇ ਸ਼ਾਇਰਾਨਾ ਅੰਦਾਜ਼ ਵਿੱਚ ਲਈਆਂ ਚੁਟਕੀਆਂ*

**ਚੰਡੀਗੜ੍ਹ/ਬਿਊਰੋ ਨਿਊਜ਼:** ਕਾਂਗਰਸ ਸਰਕਾਰ ਦਾ ਪਹਿਲਾ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੰਗਲਵਾਰ ਨੂੰ ਰਾਜ ਵਿਧਾਨ ਸਭਾ ਵਿੱਚ ਆਰਥਿਕ ਨੁਕਤਿਆਂ ਦੇ ਨਾਲ-ਨਾਲ ਫਲਸਫੇ ਤੇ ਸ਼ੇਅਰੋ-ਸ਼ਾਇਰੀ ਦਾ ਵੀ ਭਰਪੂਰ ਇਸਤੇਮਾਲ ਕੀਤਾ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਪੰਜਾਬ ਦੀ ਮਾੜੀ ਮਾਲੀ ਹਾਲਤ ਨੂੰ ਹਿੰਮਤੀ ਪੰਜਾਬੀ ਛੇਤੀ ਹੀ ਸੁਧਾਰ ਲੈਣਗੇ। ਉਨ੍ਹਾਂ ਇਸ ਸਬੰਧੀ ਮਹਾਨ ਯੂਨਾਨੀ ਫਿਲਾਸਫਰ ਸੁਕਰਾਤ ਦੇ ਹਵਾਲੇ ਤੋਂ ਲੈ ਕੇ ਪੰਜਾਬੀਆਂ ਨੂੰ ਹੂਲਣ ਦੇਣ ਵਾਲੀ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਆਪਣੇ ਪਸੰਦੀਦਾ ਉਰਦੂ ਸ਼ਾਇਰ ਮੁਹੰਮਦ ਇਕਬਾਲ ਦੇ ਸ਼ੇਅਰ ਪੜ੍ਹੇ। ਉਨ੍ਹਾਂ ਕਿਹਾ, “ਪ੍ਰਾਚੀਨ ਯੂਨਾਨ ਵਿੱਚ ਸੁਕਰਾਤ ਨੂੰ ਯੂਨਾਨੀ ਲੋਕਾਂ ਨੂੰ ਜਗਾਉਣ ਲਈ ਜ਼ਹਿਰ ਦਾ ਪਿਆਲਾ ਪੀਣਾ ਪਿਆ ਸੀ। ਕਰੀਬ ਇਕ ਸਦੀ ਪਹਿਲਾਂ ਇਸ (ਪੰਜਾਬੀ) ਧਰਤੀ ਦੇ ਜੰਮੇ ਨੌਜਵਾਨ ਸ਼ਹੀਦ ਭਗਤ ਸਿੰਘ ਨੇ ਫਾਂਸੀ ਦਾ ਰੱਸਾ ਚੁੰਮਿਆ ਤਾਂ ਕਿ ਉਹ ਲੋਕਾਂ ਨੂੰ ਜਗਾ ਸਕੇ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਇਨ੍ਹਾਂ ਤੋਂ ਪ੍ਰੇਰਨਾ ਲੈਂਦੀ ਹੋਈ ਪੰਜਾਬੀਆਂ ਨੂੰ ਜਗਾਉਣਾ ਚਾਹੁੰਦੀ ਹੈ।” ਪੰਜਾਬ ਦੀ ਮਾੜੀ ਮਾਲੀ ਹਾਲਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਸ਼ੇਅਰ ਪੜ੍ਹਿਆ: “ਸ਼ੱਕ ਨਾ ਕਰ ਮੇਰੀ ਸੂਖੀ ਆਂਖੋਂ ਪੇ, ਆਂਸੂ ਯੂੰ ਭੀ ਬਹਾਏ ਜਾਤੇ ਹੈਂ।” ਉਨ੍ਹਾਂ ਨਾਲ ਹੀ ਕਿਹਾ ਕਿ ਸਿੱਖ ਕਦੇ ਵੀ ਢਹਿੰਦੀ ਕਲਾ ਵਿੱਚ ਨਹੀਂ ਜਾ ਸਕਦੇ ਤੇ ਉਹ ਵੀ ਨਹੀਂ ਜਾਣਗੇ।

ਆਪਣੇ ਅਗਲੇਰੇ ਔਖੇ ਪੈਂਡੇ ਬਾਰੇ ਉਨ੍ਹਾਂ ਮੁਹੰਮਦ ਇਕਬਾਲ ਦਾ ਸ਼ੇਅਰ ਪੜ੍ਹਿਆ: “ਪਿਰੋਨਾ ਏਕ ਹੀ ਤਸਬੀ ਮੇਂ ਇਨ ਬਿਖਰੇ ਹੁਏ ਦਾਨੋਂ ਕੋ ’ਗਰ ਮੁਸ਼ਕਿਲ ਹੈ, ਤੋ ਇਸ ਮੁਸ਼ਕਿਲ ਕੋ ਆਸਾਂ ਕਰ ਕੇ ਛੋੜੂੰਗਾ; ਦਿਖਾ ਦੂੰਗਾ ਜਹਾਂ ਕੋ ਜੋ ਮੇਰੀ ਆਂਖੋਂ ਨੇ ਦੇਖਾ ਹੈ, ਤੁਝੇ ਭੀ ਐ ਸੂਰਤ-ਏ-ਆਈਨਾ ਹੈਰਾਨ ਕਰ ਕੇ ਛੋੜੂੰਗਾ।” ਆਪਣੇ ਸਾਥੀਆਂ ਤੋਂ ਸਹਿਯੋਗ ਤੇ ਮੁੱਖ ਮੰਤਰੀ ਤੋਂ ਸੇਧ ਦੀ ਖ਼ਾਹਿਸ਼ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ: “ਨਾ ਰਹਾ ਚਾਂਦ-ਸਿਤਾਰੋਂ ਕਾ ਮੈਂ ਮੋਹਤਾਜ ਕਭੀ, ਅਪਨੀ ਮੇਹਨਤ ਕੇ ਸਦਾ ਮੈਨੇ ਉਜਾਲੇ ਦੇਖੇ; ਤਜ਼ਕਰਾ ਉਸ ਨੇ ਲਕੀਰੋਂ ਕਾ ਵਹੀਂ ਛੋੜ ਦਿਯਾ, ਜਬ ਨਜੂਮੀ ਨੇ ਮੇਰੇ ਹਾਥੋਂ ਕੇ ਛਾਲੇ ਦੇਖੇ।” ਕਿਸੇ ਵੱਲੋਂ ਕੀਤੇ ਚੰਗੇ ਕੰਮਾਂ ਦਾ ਸਰਕਾਰ ਵੱਲੋਂ ਸਨਮਾਨ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ: “ਕੋਈ ਕਾਬਿਲ ਹੈ ਤੋ ਹਮ ਸ਼ਾਨੇਂ ਕਈ ਦੇਤੇ ਹੈਂ, ਢੂੰਡਨੇ ਵਾਲੋਂ ਕੋ ਦੁਨੀਆ ਭੀ ਨਈ ਦੇਤੇ ਹੈਂ।”

ਆਪਣੀ ਬਜਟ ਤਕਰੀਰ ਨੂੰ ਸਮੇਟਦਿਆਂ ਉਨ੍ਹਾਂ ਕਿਹਾ, “ਸੁਪਨੇ ਦੇਖਣ ਨਾਲ ਹੀ ਰੇਗਿਸਤਾਨ ਵਿੱਚ ਫੁੱਲ ਨਹੀਂ ਖਿੜ ਸਕਦੇ। ਮਹਿਜ਼ ਉਮੀਦਾਂ ਨਾਲ ਹੀ ਦੁੱਧ ਤੇ ਸ਼ਹਿਦ ਦੇ ਦਰਿਆ ਨਹੀਂ ਵਹਾਏ ਜਾ ਸਕਦੇ। ਖ਼ੁਸ਼ਹਾਲੀ ਦਾ ਰਾਹ ਕੁਰਬਾਨੀ ਤੇ ਸਖ਼ਤ ਮਿਹਨਤ ’ਚੋਂ ਹੋ ਕੇ ਜਾਂਦਾ ਹੈ।”

# ਪੰਜਾਬ ਦੇ ਕਿਸਾਨਾਂ ਨਾਲ ਕੋਝਾ ਮਜ਼ਾਕ: ਸੁਖਬੀਰ ਬਾਦਲ

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਬਜਟ ਨੂੰ ਕਾਂਗਰਸ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਕੀਤਾ ਵੱਡਾ ਧੋਖਾ ਕਰਾਰ ਦਿੰਦਿਆਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ ਅਤੇ ਸਰਕਾਰ ਨੂੰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਨ ਤੇ ਉਨ੍ਹਾਂ ਦੇ ਜ਼ਖ਼ਮਾਂ ’ਤੇ ਲੂਣ ਭੁੱਕਣ ਵਾਸਤੇ ਮੁਆਫ਼ੀ ਮੰਗਣ ਲਈ ਕਿਹਾ ਹੈ। ਪਾਰਟੀ ਨੇ ਬਜਟ ਦਿਵਸ’ ਨੂੰ ਪੰਜਾਬ ਦੇ ਕਿਸਾਨਾਂ ਲਈ ਸਭ ਤੋਂ ਮੰਦਭਾਗਾ ਦਿਨ ਆਖਿਆ ਹੈ। ਬੱਜਟ ਪੇਸ਼ ਕੀਤੇ ਜਾਣ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ ਕਰਜ਼ਿਆਂ ਵਾਸਤੇ ਰੱਖੇ ਸਿਰਫ਼ 1500 ਕਰੋੜ ਰੁਪਏ ਨਾਲ ਹਰ ਕਿਸਾਨ ਦਾ ਸਿਰਫ਼ 14,705 ਰੁਪਏ ਦਾ ਹੀ ਕਰਜ਼ਾ ਚੁਕਾਇਆ ਜਾ ਸਕਦਾ ਹੈ, ਦੋ ਲੱਖ ਰੁਪਏ ਦਾ ਨਹੀਂ, ਜਿਸ ਤਰ੍ਹਾਂ ਕਿ ਕੱਲ੍ਹ ਮੁੱਖ ਮੰਤਰੀ ਨੇ ਸਦਨ ਵਿੱਚ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਵਿਰੁੱਧ ਸਦਨ ਵਿੱਚ ਆਪਾ ਵਿਰੋਧੀ ਬਿਆਨ ਦੇ ਕੇ ਸਦਨ ਅਤੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਲਈ ’ਵਿਸ਼ੇਸ਼ ਅਧਿਕਾਰ ਮਤਾ’ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਜਾਣਨਾ ਚਾਹੁੰਦਾ ਹੈ ਕਿ ਸਰਕਾਰ ਬਜਟ ਵਿੱਚ ਰੱਖੀ ਸਿਰਫ਼ 1500 ਕਰੋੜ ਰੁਪਏ ਦੀ ਰਾਸ਼ੀ ਨਾਲ 90,000 ਕਰੋੜ ਰੁਪਏ ਦਾ ਕਰਜ਼ਾ ਕਿਵੇਂ ਮੁਆਫ਼ ਕਰੇਗੀ ? ਕੱਲ੍ਹ ਮੁੱਖ ਮੰਤਰੀ ਨੇ 10.25 ਲੱਖ ਕਿਸਾਨਾਂ ਦਾ 2 ਲੱਖ ਰੁਪਏ ਤਕ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ, ਜਿਸ ਵਾਸਤੇ 20 ਹਜ਼ਾਰ ਕਰੋੜ ਰੁਪਏ ਦੀ ਲੋੜ ਹੈ, ਜਦਕਿ ਇਸ ਤੋਂ 24 ਘੰਟਿਆਂ ਬਾਅਦ ਹੀ ਸਰਕਾਰੀ ਬਜਟ ਵਿੱਚ ਇਸ ਕੰਮ ਲਈ ਸਿਰਫ਼ 1500 ਕਰੋੜ ਰੁਪਏ ਹੀ ਰੱਖੇ ਗਏ ਹਨ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੀ ਉਹ ਵੀਡੀਓ ਵੀ ਵਿਖਾਈ, ਜਿਸ ਵਿੱਚ ਉਹ ਵਾਅਦਾ ਕਰ ਰਹੇ ਹਨ ਕਿ ਉਹ ਬੈਂਕਾਂ ਅਤੇ ਆੜ੍ਹਤੀਆਂ ਕੋਲੋਂ ਲਏ ਕਿਸਾਨਾਂ ਦੇ ਸਾਰੇ ਕਰਜ਼ਿਆਂ ਨੂੰ ਮੁਆਫ਼ ਕਰ ਦੇਣਗੇ।



## ਸੁਖਬੀਰ ਅਵਾ-ਤਵਾ ਬੋਲ ਰਿਹੈ: ਜਾਖੜ

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਆਲੋਚਨਾ ਕਰਦੇ ਹੋਏ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਸਾਬਕਾ ਉੱਪ ਮੁੱਖ ਮੰਤਰੀ ਬਜਟ ਵਿਵਸਥਾ ਨੂੰ ਸਮਝਣ ਦੀ ਬਜਾਏ ਅਵਾ-ਤਵਾ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਉੱਪ ਮੁੱਖ ਮੰਤਰੀ ਦੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਅਤੇ ਬਜਟ ਵਿੱਚ ਹੋਰ ਐਲਾਨਾਂ ਖ਼ਿਲਾਫ਼ ਦਿੱਤੇ ਜਾ ਰਹੇ ਬਿਆਨ ਪੂਰੀ ਤਰ੍ਹਾਂ ਅਧਾਰਹੀਨ ਹਨ।

# ਕੈਪਟਨ ਸਰਕਾਰ ਦੇ ਪਹਿਲੇ ਬੱਜਟ ’ਚ ਲੋਕ ਲੁਭਾਊ ਤਜਵੀਜ਼ਾਂ

ਹੋਵੇਗਾ, ਜੋ ਜੀਐਸਡੀਪੀ (ਕੁੱਲ ਘਰੇਲੂ ਪੈਦਾਵਾਰ) ਦਾ 4.96 ਫ਼ੀਸਦੀ ਬਣਦਾ ਹੈ। ਸਰਕਾਰ ਵੱਲੋਂ 12819 ਕਰੋੜ ਰੁਪਏ ਦਾ ਕਰਜ਼ਾ ਲਿਆ ਜਾਣਾ ਹੈ।

ਇਨ੍ਹਾਂ ਤੱਥਾਂ ਤੋਂ ਇਹ ਵੀ ਸਾਫ਼ ਹੈ ਕਿ ਕਰਜ਼ਾ ਲੈ ਕੇ ਵੀ ਖ਼ਰਚ ਤੇ ਆਮਦਨ ਦਾ ਖੱਪਾ ਪੂਰਾ ਨਹੀਂ ਹੋਣਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਮਵਾਰ ਨੂੰ ਵਿਧਾਨ ਸਭਾ ’ਚ ਦਿੱਤੇ ਭਾਸ਼ਨ ਦੌਰਾਨ ਸੀਮਾਂਤ ਤੇ ਛੋਟੇ ਕਿਸਾਨਾਂ ਦਾ 2 ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ਼ ਕਰਨ ਸਮੇਤ ਕਈ ਹੋਰ ਰਾਹਤਾਂ ਤੇ ਸਹੂਲਤਾਂ ਦਾ ਐਲਾਨ ਕੀਤਾ ਸੀ। ਕਰਜ਼ਾ ਮੁਆਫ਼ੀ ਸਮੇਤ ਸਰਕਾਰ ਦੇ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੈਸਾ ਕਿੱਥੋਂ ਆਵੇਗਾ, ਇਸ ਬਾਰੇ ਬਜਟ ਬਿਲਕੁਲ ਖਾਮੋਸ਼ ਹੈ, ਕਿਉਂਕਿ ਵਿੱਤ ਮੰਤਰੀ ਨੇ ਨਵੇਂ ਕਰ ਲਾਉਣ ਦਾ ਵੀ ਐਲਾਨ ਨਹੀਂ ਕੀਤਾ। ਮਾਲੀ ਸਾਲ ਦੇ ਅਖ਼ੀਰ ਤੱਕ ਸਰਕਾਰ ਸਿਰ ਕਰਜ਼ੇ ਦਾ ਭਾਰ ਵਧ ਕੇ 1 ਕਰੋੜ 95 ਲੱਖ ਕਰੋੜ ਰੁਪਏ ਨੂੰ ਵੀ ਪਾਰ ਕਰ ਜਾਵੇਗਾ।

ਮੁੱਖ ਮੰਤਰੀ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਐਲਾਨ ਨੂੰ ਸਿਰੇ ਲਾਉਣ ਲਈ ਵਿੱਤ ਮੰਤਰੀ ਵੱਲੋਂ ਇਸ ਸਾਲ 1500 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਖੇਤੀ ਖੇਤਰ ਲਈ ਬਜਟ ਵਿੱਚ 65.77 ਫੀਸਦੀ ਦਾ ਵਾਧਾ ਕਰਦਿਆਂ ਬਜਟ ਵਿੱਚ 6383.01 ਕਰੋੜ ਰੁਪਏ ਰੱਖੇ ਗਏ ਹਨ। ਕੁਦਰਤੀ ਆਫ਼ਤਾਂ ਕਾਰਨ ਫਸਲਾਂ ਦੇ ਖ਼ਰਾਬੇ ਦਾ ਮੁਆਵਜ਼ਾ 8 ਹਜ਼ਾਰ ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 12 ਹਜ਼ਾਰ ਰੁਪਏ ਕੀਤਾ ਗਿਆ ਹੈ। ਬੁਢਾਪਾ, ਵਿਧਵਾ ਤੇ ਅੰਗਹੀਣਾਂ ਦੀ ਪੈਨਸ਼ਨ 500 ਰੁਪਏ ਮਾਸਕ ਤੋਂ ਵਧਾ ਕੇ 750 ਰੁਪਏ ਤੇ ਸ਼ਗਨ ਸਕੀਮ ਤਹਿਤ ਦਿੱਤੀ ਜਾਂਦੀ ਰਕਮ ਵੀ 15 ਹਜ਼ਾਰ ਰੁਪਏ ਤੋਂ ਵਧਾ ਕੇ 21 ਹਜ਼ਾਰ ਕਰ ਦਿੱਤੀ ਹੈ। ਤੇਜ਼ਾਬ ਪੀੜਤ ਔਰਤਾਂ ਨੂੰ ਅੱਠ ਹਜ਼ਾਰ ਰੁਪਏ ਮਾਸਕ ਵਿੱਤੀ ਮਦਦ ਦਿੱਤੀ ਜਾਵੇਗੀ। ਸੁਤੰਤਰਤਾ ਸੈਨਾਨੀਆਂ ਨੂੰ 300 ਰੁਪਏ ਦੀ ਬਿਜਲੀ ਮੁਫ਼ਤ ਦੇਣ ਤੋਂ ਇਲਾਵਾ ਆਟਾ-ਦਾਲ ਸਕੀਮ ਵਿੱਚ ਹੁਣ ਖੰਡ ਤੇ ਚਾਹ ਪੱਤੀ ਦੇਣ ਦਾ ਐਲਾਨ ਕਰਦਿਆਂ ਇਸ ਲਈ 500 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਗਿਆ ਹੈ। ਪੇਂਡੂ ਚੌਕੀਦਾਰਾਂ ਦਾ ਮਾਣ ਭੱਤਾ 1250 ਰੁਪਏ ਮਾਸਕ ਕਰ ਦਿੱਤਾ ਗਿਆ ਹੈ।

ਪਰਵਾਸੀ ਭਾਰਤੀਆਂ (ਐਨਆਰਆਈਜ਼) ਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਲੋਕ ਪਾਲ ਕਾਇਮ ਕਰਨ ਲਈ ਨਵਾਂ ਕਾਨੂੰਨ ਲਿਆਉਣ ਦਾ ਐਲਾਨ ਵੀ ਵਿੱਤ ਮੰਤਰੀ ਵੱਲੋਂ ਬਜਟ ’ਚ ਕੀਤਾ ਗਿਆ ਹੈ। ਜ਼ਿਲ੍ਹਾ ਸਹਿਕਾਰੀ ਬੈਂਕਾਂ ਨੂੰ ਪੰਜਾਬ ਰਾਜ ਸਹਿਕਾਰੀ ਬੈਂਕ ਵਿੱਚ ਸ਼ਾਮਲ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਫਸਲੀ ਬੀਮੇ ਲਈ ਪੰਜਾਬ ਖੇਤੀਬਾੜੀ ਬੀਮਾ ਨਿਗਮ ਕਾਇਮ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਕਾਂਗਰਸ ਦੇ ਚੋਣ ਵਾਅਦੇ ਮੁਤਾਬਕ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਲਈ 10 ਕਰੋੜ ਰੁਪਏ ਦੀ ਵਿਵਸਥਾ ਕੀਤਾ ਗਈ ਹੈ। ਰੁਜ਼ਗਾਰ ਸਿਰਜਣ ਤੇ ਸਿਖਲਾਈ ਪ੍ਰੋਗਰਾਮ ਲਈ 91 ਕਰੋੜ ਰੁਪਏ ਰੱਖੇ ਹਨ ਤੇ 5 ਸਾਲਾਂ ਵਿੱਚ 3 ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਹੈ। ਸ਼ਹਿਰੀ ਖੇਤਰਾਂ ਵਿੱਚ ਜ਼ਮੀਨਾਂ ਦੀ ਖ਼ਰੀਦ ’ਤੇ ਲੱਗਣ ਵਾਲੀ ਅਸ਼ਟਾਮ ਫ਼ੀਸ 9 ਫੀਸਦੀ ਤੋਂ ਘਟਾ ਕੇ 6 ਫੀਸਦੀ ਅਤੇ ਪਲਾਟਾਂ, ਮਕਾਨਾਂ ਦੀ ਮਲਕੀਅਤ ਤਬਦੀਲ ਕਰਨ ਲਈ ਲੱਗਣ ਵਾਲੀ ਫੀਸ ਢਾਈ ਫੀਸਦੀ ਤੋਂ ਘਟਾ ਕੇ 2 ਫੀਸਦੀ ਕਰਨ ਦਾ ਐਲਾਨ ਕੀਤਾ ਗਿਆ ਹੈ। ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸਮੇਤ ਹੋਰਨਾਂ ਸ਼ਹਿਰਾਂ ਵਿੱਚ ਰਿਹਾਇਸ਼ੀ ਅਰਬਨ ਅਸਟੇਟ ਅਤੇ ਇੰਡਸਟਰੀਅਲ ਅਸਟੇਟ ਵਿਕਸਤ ਕੀਤੇ ਜਾਣਗੇ। ਸ਼ਹਿਰੀ ਵਿਕਾਸ ਲਈ ਦਿੱਤੀ ਜਾਣ ਵਾਲੀ ਰਾਸ਼ੀ ਵਿੱਚ 103.27 ਫੀਸਦੀ ਦਾ ਵਾਧਾ ਕਰਦਿਆਂ 4610.59 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਸਕੂਲਾਂ ਵਿੱਚ ਫਰਨੀਚਰ ਲਈ 21 ਕਰੋੜ ਰੁਪਏ, ਮੁਫ਼ਤ ਪਾਠ ਪੁਸਤਕਾਂ ਤੇ ਵਰਦੀਆਂ ਅਤੇ ਪ੍ਰਾਈਮਰੀ ਸਕੂਲਾਂ ਵਿੱਚ ਗਰੀਨ ਬੋਰਡਾਂ ਲਈ 5.25 ਕਰੋੜ ਰੁਪਏ, ਸਰਬੋਤਮ ਸਕੂਲਾਂ ਦੇ ਸਨਮਾਨ ਲਈ 9.27 ਕਰੋੜ ਰੁਪਏ, ਪ੍ਰਾਈਮਰੀ ਸਕੂਲਾਂ ਵਿੱਚ ਕੰਪਿਊਟਰ ਦੇਣ ਲਈ 10 ਕਰੋੜ ਰੁਪਏ ਰੱਖੇ ਹਨ। ਪੱਛੜੇ ਖੇਤਰਾਂ ਵਿੱਚ 5 ਨਵੇਂ ਡਿਗਰੀ ਕਾਲਜ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਗਰਾਂਟ 26 ਕਰੋੜ ਰੁਪਏ ਤੋਂ ਵਧਾ ਕੇ 33 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਤਲਵੰਡੀ ਸਾਬੋ ਵਿੱਚ ’ਪੰਜਾਬੀ ਭਾਸ਼ਾ ਤਰੱਕੀ ਤੇ ਪ੍ਰਸਾਰ’ ਕੇਂਦਰੀ ਸੰਸਥਾ ਬਣੇਗੀ ਤੇ ਮਲੇਰਕੋਟਲਾ ਉਰਦੂ ਅਕਾਦਮੀ ਲਈ ਤਿੰਨ ਕਰੋੜ ਰੁਪਏ ਅਤੇ ਸਰਕਾਰੀ ਕਾਲਜਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ 10 ਕਰੋੜ ਰੁਪਏ ਰੱਖੇ ਹਨ। ਅੰਮ੍ਰਿਤਸਰ ਵਿਖੇ ਸ਼ਾਮ ਸਿੰਘ ਅਟਾਰੀ ਵਾਲਾ ਦੇ ਨਾਮ ’ਤੇ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਬਣੇਗਾ। ਹੁਨਰ ਵਿਕਾਸ ਯੂਨੀਵਰਸਿਟੀ ਬਣਾਉਣ ਦਾ ਐਲਾਨ ਪਹਿਲਾਂ ਕੀਤਾ ਜਾ ਚੁੱਕਾ ਹੈ। ਟਰੈਕਟਰ ਖੇਤੀਬਾੜੀ ਸੇਵਾਵਾਂ ਵਿੱਚ 25 ਹਜ਼ਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਦੇ ਯੋਗ ਬਣਾਉਣ ਲਈ ਹਰੇਕ ਜ਼ਿਲ੍ਹੇ ਵਿੱਚ ਕਾਰੋਬਾਰ ਤੇ ਰੁਜ਼ਗਾਰ ਬਿਊਰੋ ਸਥਾਪਤ ਕੀਤਾ ਜਾਵੇਗਾ। ਸਿਹਤ ਦੇ ਖੇਤਰ ਲਈ 1358 ਕਰੋੜ ਰੁਪਏ ਰੱਖੇ ਹਨ। ਪੇਂਡੂ ਖੇਤਰਾਂ ਵਿੱਚ 3 ਹਜ਼ਾਰ ’ਹੈਲਥ ਅਤੇ ਵੈੱਲਨੈਸ ਕਲੀਨਿਕ’ ਖੋਲ੍ਹੇ ਜਾਣਗੇ। ਇਹ ਯੋਜਨਾ ਕੌਮੀ ਸਿਹਤ ਮਿਸ਼ਨ ਅਧੀਨ ਚਲਾਈ ਜਾਵੇਗੀ। ਮਹਿਲਾ ਉਦਮੀਆਂ ਨੂੰ ਉਤਸ਼ਾਹਤ ਕਰਨ ਲਈ 2 ਕਰੋੜ ਰੁਪਏ ਰੱਖੇ ਹਨ। ਦਿਹਾਤੀ ਵਿਕਾਸ ਲਈ 686.83 ਕਰੋੜ ਰੁਪਏ ਰੱਖੇ ਹਨ, ਜਿਸ ਵਿੱਚ ਮਨਰੇਗਾ ਤਹਿਤ 313.23 ਕਰੋੜ, ਪ੍ਰਧਾਨ ਮੰਤਰੀ ਅਵਾਸ ਯੋਜਨਾ ਸਕੀਮ ਲਈ 208.33 ਕਰੋੜ ਰੁਪਏ, ਸ਼ਿਆਮਾ ਪ੍ਰਸਾਦ ਮੁਖਰਜੀ ਮਿਸ਼ਨ ਲਈ 19.75 ਕਰੋੜ ਰੁਪਏ, ਪਿੰਡਾਂ ਵਿੱਚ ਪਖਾਨਿਆਂ ਲਈ 28.15 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਹੈ। ਪਿੰਡਾਂ ਵਿੱਚ ਸਵੱਛ ਭਾਰਤ ਤਹਿਤ ਵੀ 300 ਕਰੋੜ ਰੁਪਏ ਖਰਚਣ ਦਾ ਉਪਬੰਧ ਹੈ। ਝੋਨੇ ਦੀ ਪਰਾਲੀ ਨਾ ਸਾੜਨ ਲਈ ਹੱਲਾਸ਼ੇਰੀ ਦੇਣ ਵਾਲੀਆਂ ਪੰਚਾਇਤਾਂ ਲਈ 20 ਕਰੋੜ ਰੱਖੇ ਹਨ।

ਇਲੈਕਟ੍ਰਾਨਿਕ ਵਾਹਨਾਂ ਨੂੰ ਉਤਸ਼ਾਹਤ ਕਰਨ ਲਈ ਨੀਤੀ ਬਣੇਗੀ। ਸੇਮ ਦੀ ਰੋਕਥਾਮ ਲਈ 128 ਕਰੋੜ ਰੁਪਏ, ਰਾਜਸਥਾਨ ਫੀਡਰ ਦੀ ਰੀਲਾਈਨਿੰਗ ਲਈ 100 ਕਰੋੜ ਰੁਪਏ, ਕੋਟਲਾ ਬਰਾਂਚ ਦੇ ਰਜਵਾਹਿਆਂ ਦੀ ਉਸਾਰੀ ਲਈ 94.73 ਕਰੋੜ, ਬਿਸਤ ਦੁਆਬ ਨਹਿਰ ਲਈ 81.38 ਕਰੋੜ ਰੁਪਏ ਰੱਖੇ ਹਨ। ਸੈਰ ਸਪਾਟਾ ਦੇ ਸੱਭਿਆਚਾਰ ਖੇਤਰ ਲਈ 26 ਕਰੋੜ, ਹੈਰੀਟੇਜ ਫੈਸਟੀਵਲਾਂ ਲਈ 7 ਕਰੋੜ ਅਤੇ ਸੈਰ ਸਪਾਟੇ ਦੀਆਂ ਥਾਵਾਂ ਦੀ ਮਸ਼ਹੂਰੀ ਲਈ ਵੀ 5 ਕਰੋੜ ਰੁਪਏ ਰੱਖੇ ਹਨ।

ਗ੍ਰਹਿ ਤੇ ਨਿਆਂ ਵਿਭਾਗ ਦੀ ਗੱਲ ਕਰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ 75 ਕਰੋੜ ਰੁਪਏ ਅਦਾਲਤੀ ਕੰਪਲੈਕਸਾਂ ਦੀ ਉਸਾਰੀ, 15 ਕਰੋੜ ਥਾਣਿਆਂ ਦੀਆਂ ਨਵੀਆਂ ਇਮਰਾਤਾਂ ਲਈ ਤੇ 34.77 ਕਰੋੜ ਰੁਪਏ ਕ੍ਰਾਈਮ ਅਤੇ ਕ੍ਰਿਮਿਨਲ ਟਰੈਕਿੰਗ ਸਿਸਟਮ ਲਾਉਣ ’ਤੇ ਖ਼ਰਚੇ ਜਾਣਗੇ। ਸਰਹੱਦੀ ਖੇਤਰ ਵਿਕਾਸ ਫੰਡ ਲਈ 300 ਕਰੋੜ ਰੁਪਏ, ਲੋਕ ਨਿਰਮਾਣ ਵਿਭਾਗ ਲਈ 873.17 ਕਰੋੜ ਰੁਪਏ ਰੱਖੇ ਹਨ।

**ਸਰਕਾਰ ਸਿਰ ਕਰਜ਼ੇ ਦੀ ਪੰਡ ਭਾਰੀ:** ਪੰਜਾਬ ਸਰਕਾਰ ਸਿਰ ਕਰਜ਼ੇ ਦੀ ਭਾਰੀ ਪੰਡ ਹੋਣ ਕਾਰਨ ਵਿੱਤੀ ਪੱਖ ਤੋਂ ਬੜੀ ਹੀ ਡਰਾਉਣੀ ਤਸਵੀਰ ਸਾਹਮਣੇ ਆ ਰਹੀ ਹੈ। ਸਰਕਾਰ ਦਾ ਕੁੱਲ ਕਰਜ਼ਾ 1 ਲੱਖ 95 ਹਜ਼ਾਰ ਕਰੋੜ ਨੂੰ ਪਾਰ ਕਰ ਜਾਵੇਗਾ ਤੇ 12819 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਵੀ ਆਮਦਨ ਤੇ ਖ਼ਰਚ ਵਿਚਲੇ ਪਾੜੇ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਸਰਕਾਰ ਦਾ ਕੁੱਲ ਮਾਲੀ ਘਾਟਾ 14784.87 ਕਰੋੜ ਰੁਪਏ ਅਤੇ ਰਾਜਕੋਸ਼ੀ ਘਾਟਾ 23092 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਬਾਦਲ ਸਰਕਾਰ ਨੇ ਕੈਪਟਨ ਸਰਕਾਰ ਮੂਹਰੇ 130 39 ਕਰੋੜ ਰੁਪਏ ਦੀਆਂ ਦੇਣਦਾਰੀਆਂ ਛੱਡੀਆਂ ਸਨ। ਵਿੱਤ ਮੰਤਰੀ ਨੂੰ ਚਲੰਤ ਮਾਲੀ ਸਾਲ ਦੌਰਾਨ ਰਾਜ ਦੀ ਕੁੱਲ ਘਰੇਲੂ ਪੈਦਾਵਾਰ (ਜੀਐਸਡੀਪੀ) 465608 ਤੱਕ ਪਹੁੰਚਣ ਦੀ ਉਮੀਦ ਹੈ। ਪ੍ਰਤੀ ਵਿਅਕਤੀ ਆਮਦਨ 1 ਲੱਖ 28 ਹਜ਼ਰ 821 ਰੁਪਏ ਹੈ। ਕਿਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਵਿੱਚ ਮੋਹਰੀ ਪੰਜਾਬ ਹੁਣ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਰਗੇ ਸੂਬਿਆਂ ਤੋਂ ਵੀ ਪਛੜ ਗਿਆ ਹੈ।

**ਆਪ’ ਵੱਲੋਂ ਬਾਈਕਾਟ ਤੇ ਅਕਾਲੀਆਂ ਵੱਲੋਂ ਨਾਅਰੇਬਾਜੀ:** ਸਦਨ ਵਿੱਚ ਬਜਟ ਪੇਸ਼ ਹੋਣ ਸਮੇਂ ਕਿਸਾਨਾਂ ਦੇ ਕਰਜ਼ੇ ਦੇ ਮੁੱਦੇ ’ਤੇ ਅਕਾਲੀ ਦਲ ਦੇ ਵਿਧਾਇਕ ਸਦਨ ਦੇ ਵਿਚਕਾਰ ਆ ਕੇ ਸਰਕਾਰ ਅਤੇ ਵਿੱਤ ਮੰਤਰੀ ਵਿਰੁਧ ਨਾਅਰੇ ਮਾਰਦੇ ਰਹੇ। ਵਿੱਤ ਮੰਤਰੀ ਨੇ ਬਜਟ ਪੜ੍ਹਨਾ ਜਾਰੀ ਰੱਖਿਆ ਤੇ ਅਕਾਲੀ ਮੈਂਬਰ ਅੰਤ ਤੱਕ ਨਾਅਰੇਬਾਜ਼ੀ ਕਰਦੇ ਰਹੇ। ਆਪ’ ਦੇ ਕੁੱਝ ਮੈਂਬਰ ਪਹਿਲਾਂ ਤਾਂ ਅਕਾਲੀਆਂ ਦੇ ਨਾਲ ਹੀ ਪ੍ਰਦਰਸ਼ਨ ’ਚ ਖੜ੍ਹੇ ਹੋ ਗਏ ਪਰ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਉਨ੍ਹਾਂ ਨੂੰ ਅਕਾਲੀਆਂ ਦਾ ਸਾਥ ਦੇਣ ਤੋਂ ਰੋਕਦਿਆਂ ਸਦਨ ਵਿੱਚ ਬਾਈਕਾਟ ਕਰਨ ਲਈ ਕਿਹਾ। ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਕਈ ਹੋਰਨਾਂ ਅਕਾਲੀ ਮੈਂਬਰਾਂ ਨੇ ਬਜਟ ਦੀਆਂ ਕਾਪੀਆਂ ਸਦਨ ਦੇ ਵਿਚਕਾਰ ਪਾੜ ਕੇ ਸੁੱਟ ਦਿੱਤੀਆਂ।

**ਬੇਵਕੂਫ਼ ਲੋਕ ਗ਼ਲਤੀਆਂ ਤੋਂ ਸਬਕ ਨਹੀਂ ਸਿੱਖਦੇ**

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਦਨ ਵਿੱਚ ਚਲੰਤ ਮਾਲੀ ਸਾਲ ਦਾ ਬਜਟ ਪੇਸ਼ ਕਰਦਿਆਂ ਪਿਛਲੀ ਅਕਾਲੀ-ਭਾਜਪਾ ਸਰਕਾਰ ਨੂੰ ਖ਼ੂਬ ਰਗੜੇ ਲਾਏ। ਸ੍ਰੀ ਬਾਦਲ ਨੇ ਕਿਹਾ, “ਪਿਛਲੇ ਸਾਲਾਂ ਦੌਰਾਨ ਵਿੱਤੀ ਪੱਖ ਤੋਂ ਅਜਿਹੀਆਂ ਗਲਤੀਆਂ ਹੋਈਆਂ ਹਨ, ਜਿਨ੍ਹਾਂ ਨੇ ਸਾਡੇ ਸੂਬੇ ਨੂੰ ਸ਼ਰਮਸ਼ਾਰ ਕੀਤਾ ਹੈ।” ਉਨ੍ਹਾਂ ਇੱਥੋਂ ਤੱਕ ਕਿਹਾ, “ਗੁਨਾਹ ਤੇ ਗਲਤੀਆਂ ਤੋਂ ਸਬਕ ਸਿਰਫ਼ ਬੇਵਕੂਫ ਲੋਕ ਹੀ ਨਹੀਂ ਸਿੱਖਦੇ ਤੇ ਜਿਨ੍ਹਾਂ ਨੇ ਗਲਤੀਆਂ ਨੂੰ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਹੋਵੇ ਉਨ੍ਹਾਂ ਬਾਰੇ ਕੀ ਕਿਹਾ ਜਾ ਸਕਦਾ ਹੈ।” ਸ੍ਰੀ ਬਾਦਲ ਨੇ ਵਿਧਾਨ ਸਭਾ ’ਚ ਕੈਪਟਨ ਸਰਕਾਰ ਦਾ ਪਲੇਠਾ ਤੇ ਆਪਣੇ ਵੱਲੋਂ ਚੌਥਾ ਬਜਟ ਪੇਸ਼ ਕੀਤਾ। ਉਨ੍ਹਾਂ ਅਕਾਲੀ-ਭਾਜਪਾ ਸਰਕਾਰ ’ਚ ਵਿੱਤ ਮੰਤਰੀ ਹੁੰਦਿਆਂ ਵੀ ਤਿੰਨ ਬਜਟ ਪੇਸ਼ ਕੀਤੇ ਸਨ।

**ਪਲੇਠਾ ਬਜਟ: ਖ਼ਾਸ ਨੁਕਤੇ**

- 118237.90 ਕਰੋੜ ਰੁਪਏ ਦੇ ਬਜਟ ਵਿੱਚ ਖ਼ਰਚੇ 105514.84 ਕਰੋੜ; ਮਾਲੀ ਘਾਟਾ 14784.87 ਕਰੋੜ; ਰਾਜਕੋਸ਼ੀ ਘਾਟਾ 23092.10 ਕਰੋੜ
- ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਹੋਰ ਸ਼ਹਿਰਾਂ ’ਚ ਬਣਨਗੇ ਰਿਹਾਇਸ਼ੀ ਅਰਬਨ ਅਸਟੇਟ ਅਤੇ ਇੰਡਸਟਰੀਅਲ ਅਸਟੇਟ
- ਮੁੱਖ ਮੰਤਰੀ ਵੱਲੋਂ ਫ਼ਸਲੀ ਕਰਜ਼ ਮੁਆਫ਼ੀ ਸਣੇ ਕੀਤੇ ਵੱਖ-ਵੱਖ ਐਲਾਨਾਂ ਬਾਰੇ ਬਜਟ ਖ਼ਾਮੋਸ਼
- ਤੇਜ਼ਾਬ ਪੀੜਤ ਔਰਤਾਂ ਨੂੰ ਮਿਲੇਗੀ 8 ਹਜ਼ਾਰ ਰੁਪਏ ਮਾਸਕ ਮਾਲੀ ਸਹਾਇਤਾ
- ਸੁਤੰਤਰਤਾ ਸੈਨਾਨੀਆਂ ਨੂੰ 300 ਰੁਪਏ ਦੀ ਬਿਜਲੀ ਮਿਲੇਗੀ ਮੁਫ਼ਤ
- ਫਸਲਾਂ ਦੇ ਖ਼ਰਾਬੇ ਦਾ ਮੁਆਵਜ਼ਾ 8 ਹਜ਼ਾਰ ਰੁਪਏ ਏਕੜ ਤੋਂ ਵਧਾ ਕੇ 12 ਹਜ਼ਾਰ ਕੀਤਾ
- ਬੁਢਾਪਾ, ਵਿਧਵਾ ਤੇ ਅੰਗਹੀਣਾਂ ਦੀ ਮਾਸਕ ਪੈਨਸ਼ਨ 500 ਤੋਂ ਵਧਾ ਕੇ 750 ਰੁਪਏ ਕੀਤੀ
- ਸ਼ਗਨ ਸਕੀਮ ਤਹਿਤ ਵੀ 15 ਹਜ਼ਾਰ ਦੀ ਥਾਂ ਹੁਣ ਮਿਲਣਗੇ 21 ਹਜ਼ਾਰ ਰੁਪਏ
- ਐਨਆਰਆਈਜ਼ ਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਬਣੇਗਾ ਲੋਕ ਪਾਲ
- ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਲਈ ਰੱਖੇ 10 ਕਰੋੜ

## ਵਿਰੋਧੀ ਧਿਰ ਨੇ ਬੱਜਟ ਨੂੰ ਮੂਲੋਂ ਨਕਾਰਿਆ

ਸ਼ਲਾਘਾ ਕਰਦਿਆਂ ਕਿਹਾ ਕਿ ਪਹਿਲੀ ਵਾਰ ਸੈਰ ਸਪਾਟੇ ਲਈ ਕਾਫ਼ੀ ਪੈਸਾ ਰੱਖਿਆ ਗਿਆ ਹੈ ਤੇ ਸਥਾਨਕ ਸਰਕਾਰਾਂ ਵਿਭਾਗ ਦਾ ਪੈਸਾ 103 ਫ਼ੀਸਦੀ ਵਧਾਇਆ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਬਜਟ ਤਜਵੀਜ਼ਾਂ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਕੈਪਟਨ ਸਰਕਾਰ 10.20 ਲੱਖ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਪੂਰਾ ਕਰੇ। ਕਿਸਾਨਾਂ ਸਿਰ 90,000 ਕਰੋੜ ਰੁਪਏ ਕਰਜ਼ਾ ਹੈ ਜਿਸਦਾ ਵਿਆਜ਼ ਹੀ ਅੱਠ-ਨੌਂ ਕਰੋੜ ਰੁਪਏ ਹੈ। ਵਿੱਤ ਮੰਤਰੀ ਨੇ ਜਿੰਨਾ ਪੈਸਾ ਕਰਜ਼ਾ ਮੁਆਫ਼ੀ ਲਈ ਰੱਖਿਆ ਹੈ, ਉਸ ਨਾਲ ਕੇਵਲ ਤਿੰਨ-ਚਾਰ ਮਹੀਨਿਆਂ ਦਾ ਵਿਆਜ ਹੀ ਮੁੜ ਸਕੇਗਾ। ਉਨ੍ਹਾਂ ਕਿਹਾ ਕਿ ਇੱਕ ਦਿਨ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜ ਏਕੜ ਤਕ ਦੇ ਸਾਰੇ ਕਿਸਾਨਾਂ ਦੇ ਦੋ ਲੱਖ ਦੇ ਸਾਰੇ ਕਰਜ਼ੇ ਮੁਆਫ਼ ਕਰਨ ਦਾ ਐਲਾਨ ਕੀਤਾ ਸੀ ਪਰ ਬਜਟ ਵਿੱਚ ਉਸ ਐਲਾਨ ’ਤੇ ਅਮਲ ਕਰਨ ਲਈ ਪੈਸਾ ਹੀ ਨਹੀਂ ਰੱਖਿਆ ਗਿਆ। ਇਸ ਮੁੱਦੇ ’ਤੇ ਵਿੱਤ ਮੰਤਰੀ ਵਿਰੁੱਧ ਮਰਿਆਦਾ ਮਤਾ ਲਿਆਂਦਾ ਜਾਵੇਗਾ ਕਿਉਂਕਿ ਉਨ੍ਹਾਂ ਨੇ ਮੁੱਖ ਮੰਤਰੀ ਵੱਲੋਂ ਸਦਨ ਵਿੱਚ ਕੀਤੇ ਐਲਾਨ ਨੂੰ ਤੋੜਿਆ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਬਜਟ ਹਕੀਕਤਾਂ ਤੋਂ ਕੋਹਾਂ ਦੂਰ ਹੈ।

ਵਿਧਾਇਕ ਐਚ.ਐਸ. ਫੂਲਕਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਐਲਾਨ ਕੁਝ ਹੋਰ ਕੀਤਾ ਸੀ ਪਰ ਅੱਜ ਵਿੱਤ ਮੰਤਰੀ ਨੇ ਬਜਟ ਸੈਸ਼ਨ ਵਿੱਚ ਹੋਰ ਹੀ ਤਸਵੀਰ ਪੇਸ਼ ਕਰ ਦਿੱਤੀ ਹੈ। ਮੁੱਖ ਮੰਤਰੀ ਨੂੰ ਪ੍ਰਤੀ ਕਿਸਾਨ ਦੋ ਲੱਖ ਰੁਪਏ ਕਰਜ਼ਾ ਮੁਆਫ਼ੀ ਦੇ ਮੁੱਦੇ ’ਤੇ ਕਾਇਮ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਪੈਸਾ ਵੀ ਕਿਸਾਨਾਂ ਨੂੰ ਦੇਣ ਸਮੇਂ ਪੱਖਪਾਤ ਹੋਵੇਗਾ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਉਸ ਲਈ ਬਜਟ ਵਿੱਚ ਕੋਈ ਪੈਸਾ ਨਹੀਂ ਰੱਖਿਆ ਗਿਆ। ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਕਿਧਰੇ ਜ਼ਿਕਰ ਨਹੀਂ ਹੈ। ਸਿੱਖਿਆ ਲਈ ਘੱਟ ਪੈਸਾ ਰੱਖਿਆ ਗਿਆ ਹੈ। ਮੁਲਾਜ਼ਮ ਪੱਕੇ ਕਰਨ ਦਾ ਵਾਅਦਾ ਭੁਲਾ ਦਿੱਤਾ ਗਿਆ ਹੈ। ਦਲਿਤਾਂ ਅਤੇ ਪਛੜੀਆਂ ਜਾਤੀਆਂ ਨਾਲ ਕੀਤੇ ਵਾਅਦੇ ਵੀ ਵਿਸਾਰ ਦਿਤੇ ਗਏ ਹਨ।

## ਆਮਦਨ ਦੇ ਮੁੱਖ ਵਸੀਲੇ

ਵੈਟ ਤੋਂ ਆਮਦਨ 25800 ਕਰੋੜ ਰੁਪਏ, ਸ਼ਰਾਬ ਤੋਂ 5422.47 ਕਰੋੜ, ਅਸ਼ਟਾਮ ਤੇ ਰਜਿਸਟਰੀਆਂ ਤੋਂ 2400 ਕਰੋੜ ਰੁਪਏ, ਵਾਹਨਾਂ ਤੋਂ 3175 ਕਰੋੜ, ਬਿਜਲੀ ਡਿਊਟੀ 2400 ਕਰੋੜ, ਹੋਰ 328.81 ਕਰੋੜ ਰੁਪਏ, ਗੈਰ ਕਰ ਆਮਦਨੀ ਵਿੱਚ ਫੁਟਕਲ ਪ੍ਰਾਪਤੀਆਂ 105.30 ਕਰੋੜ ਰੁਪਏ, ਪੰਜਾਬ ਰੋਡਵੇਜ਼ ਤੋਂ 250 ਕਰੋੜ ਰੁਪਏ, ਸ਼ਹਿਰੀ ਵਿਕਾਸ ਤੋਂ 100 ਕਰੋੜ ਰੁਪਏ, ਹੋਰ 2769.65 ਕਰੋੜ ਰੁਪਏ, ਕੇਂਦਰੀ ਕਰਾਂ ਦਾ ਹਿੱਸਾ 10650.64 ਕਰੋੜ ਰੁਪਏ, ਕੇਂਦਰੀ ਗਰਾਂਟਾਂ 6678 ਕਰੋੜ ਰੁਪਏ ਸ਼ਾਮਲ ਹਨ।

ਸਰਕਾਰ ਦੇ ਮੁੱਖ ਖ਼ਰਚੇ: ਵਿਆਜ ਅਦਾਇਗੀਆਂ 14910.49 ਕਰੋੜ ਰੁਪਏ, ਤਨਖਾਹਾਂ ਤੇ ਉਜਰਤਾਂ 20872.30 ਕਰੋੜ ਰੁਪਏ, ਪੈਨਸ਼ਨਾਂ ਤੇ ਸੇਵਾ-ਮੁਕਤੀ ਲਾਭ 19147.23 ਕਰੋੜ ਰੁਪਏ, ਬਿਜਲੀ ਸਬਸਿਡੀ 10255 ਕਰੋੜ, ਸਥਾਨਕ ਸਰਕਾਰਾਂ ਨੂੰ ਸਪੁਰਦਗੀ 2836.88 ਕਰੋੜ ਰੁਪਏ ਅਤੇ ਹੋਰ ਮਾਲੀ ਖ਼ਰਚ ਵਿੱਚ 15842 ਕਰੋੜ ਰੁਪਏ ਸ਼ਾਮਲ ਹਨ।

# ਸਰਦਾਰ ਹਰੀ ਸਿੰਘ ਨਲੂਆ

**ਹਰਮਨਜੋਤ ਸਿੰਘ ਰੋਮਾਣਾ***
(ਫੋਨ ਸੰਪਰਕ: 9417090930)

ਬਸੰਤੀ ਦਰਬਾਰ ਵਿੱਚ ਜਦੋਂ ਸੀ ਜੌਹਰ ਵਿਖਾਇਆ,
ਮਹਾਰਾਜਾ ਪੁੱਛਣ ਲੱਗੇ ਨੌਜਵਾਨ ਕਿੱਥੋਂ ਹੈ ਆਇਆ ।
ਵਿਖਾ ਕਲਾ ਸ਼ੇਰੇ ਪੰਜਾਬ ਹੱਥੋਂ ਕੈਂਠਾ ਗਲ 'ਚ ਪਵਾ ਲਿਆ,
ਹਰੀ ਸਿੰਘ ਤੋਂ ਨਲੂਆ ਸਰਦਾਰ ਨਾਮ ਸੀ ਕਮਾ ਲਿਆ ।

ਸ਼ਿਕਾਰ ਖੇਡਣ ਗਏ ਸ਼ੇਰ ਨਾਲ ਮੁਕਾਬਲਾ ਹੋ ਗਿਆ ਸੀ,
ਫੌਲਾਦੀ ਹੱਥਾਂ ਵਿੱਚੋਂ ਪਟਕਿਆ ਸ਼ੇਰ ਧਰਤੀ ਤੇ ਪਿਆ ਸੀ ।
ਆਪਣੇ ਪੂਰੇ ਜੋਸ਼ ਵਿੱਚ ਸ਼ੇਰ ਦਾ ਗਰਦਨ ਸੀ ਲਾਹ ਲਿਆ,
ਹਰੀ ਸਿੰਘ ਤੋਂ ਨਲੂਆ ਸਰਦਾਰ ਨਾਮ ਸੀ ਕਮਾ ਲਿਆ ।

ਪਹਿਲਾਂ ਕਸੂਰ ਫੇਰ ਮੁਲਤਾਨ ਖਾਲਸਾ ਰਾਜ 'ਚ ਮਿਲਾ ਕੇ,
ਅਟਕ ਦੇ ਕਿਲ੍ਹੇ ਤੇ ਕਬਜ਼ਾ ਕਰਕੇ ਅਫਗਾਨਾਂ ਨੂੰ ਹਰਾ ਕੇ ।
ਆਪਣੀ ਹਿੱਕ ਦੇ ਜ਼ੋਰ ਤੇ ਉੱਤੇ ਦੁਸਮਣਾਂ ਨੂੰ ਵੀ ਦਬਾ ਲਿਆ,
ਹਰੀ ਸਿੰਘ ਤੋਂ ਨਲੂਆ ਸਰਦਾਰ ਨਾਮ ਸੀ ਕਮਾ ਲਿਆ ।

ਕਸ਼ਮੀਰ ਜਿੱਤਣ ਬਾਅਦ ਕਸ਼ਮੀਰ ਦਾ ਗਵਰਨਰ ਬਣਾ ਦਿੱਤਾ,
ਸ਼ੇਰੇ ਪੰਜਾਬ ਨੇ ਨਲੂਏ ਦੇ ਨਾਮ ਤੇ ਪੈਸਾ-ਰੁਪਇਆ ਚਲਾ ਦਿੱਤਾ ।
ਕਰਕੇ ਕਸ਼ਮੀਰ ਦਾ ਸੁਧਾਰ ਮੁੜ ਤਰੱਕੀ ਦੇ ਰਾਹ ਪਾ ਲਿਆ,
ਹਰੀ ਸਿੰਘ ਤੋਂ ਨਲੂਆ ਸਰਦਾਰ ਨਾਮ ਸੀ ਕਮਾ ਲਿਆ ।

ਆਹੂ ਲਾਹੁੰਦੇ ਜਾਂਦੇ ਜਿਧਰੋਂ ਵੀ ਘੋੜੇ ਤੇ ਉੱਤੇ ਲੰਘਦੇ ਸੀ,
ਅਠਾਰਵੀਂ ਸਦੀ ਦੇ ਏਸ ਯੋਧੇ ਤੋਂ ਪਠਾਣ ਥਰ-ਥਰ ਕੰਬਦੇ ਸੀ ।
ਜਬਰ ਜ਼ੁਲਮ ਮਿਟਾ ਕੇ ਖਾਲਸਾ ਰਾਜ ਸੀ ਬਣਾ ਲਿਆ,
ਹਰੀ ਸਿੰਘ ਤੋਂ ਨਲੂਆ ਸਰਦਾਰ ਨਾਮ ਸੀ ਕਮਾ ਲਿਆ।

*ਤਲਵੰਡੀ ਸਾਬੋ (ਬਠਿੰਡਾ)

Office for Lease in Union City, CA



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

For Classified Contact
510.240.5949

## ਪ੍ਰੋ. ਅਜਮੇਰ ਔਲਖ ਦਾ ਸਦੀਵੀ ਵਿਛੋੜਾ

ਉਹ ਪਿਛਲੀ ਅੱਧੀ ਸਦੀ ਤੋਂ ਨਾਟਕਾਂ ਰਾਹੀਂ ਦੱਬੇ-ਕੁਚਲੇ ਲੋਕਾਂ 'ਤੇ ਆਧਾਰਤ ਨਾਟਕ ਖੇਡ ਕੇ ਕਿਸਾਨਾਂ-ਮਜ਼ਦੂਰਾਂ ਨੂੰ ਜਾਗਰੂਕ ਕਰਨ ਲਈ ਇਨਕਲਾਬੀ ਲਹਿਰ ਦੇ ਅੰਗ-ਸੰਗ ਹੋ ਕੇ ਜੂਝਦੇ ਰਹੇ। ਉਨ੍ਹਾਂ ਦਾ ਪਿੰਡ ਕਿਸ਼ਨਗੜ੍ਹ ਫਰਵਾਹੀ (ਮਾਨਸਾ) ਹੈ ਅਤੇ 28 ਅਗਸਤ 1965 ਤੋਂ ਸਾਲ 2000 ਤੱਕ ਉਨ੍ਹਾਂ ਨੇ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿੱਚ ਪੰਜਾਬੀ ਦੇ ਲੈਕਚਰਾਰ ਵਜੋਂ ਨੌਕਰੀ ਕੀਤੀ। ਉਨ੍ਹਾਂ ਨੂੰ ਭਾਰਤੀ ਸੰਗੀਤ ਨਾਟਕ ਪੁਰਸਕਾਰ 2005 ਵਿੱਚ ਦਿੱਤਾ ਗਿਆ। ਇਸ ਤੋਂ ਇਲਾਵਾ ਭਾਰਤੀ ਸਾਹਿਤ ਸੰਗੀਤ ਅਕਾਦਮੀ ਐਵਾਰਡ (2006) ਤੇ ਸ਼੍ਰੋਮਣੀ ਪੰਜਾਬੀ ਨਾਟਕਕਾਰ (2006) ਵਰਗੇ ਅਨੇਕਾਂ ਮਾਣ-ਸਨਮਾਨ ਉਨ੍ਹਾਂ ਦੀ ਝੋਲੀ ਪਏ। ਉਨ੍ਹਾਂ ਨੇ ਕਲਾਕਾਰਾਂ ਅਤੇ ਲੇਖਕਾਂ ਦੇ ਹੱਕ ਵਿੱਚ ਖੜ੍ਹਦਿਆਂ ਸਰਕਾਰ ਵਿਰੁੱਧ ਰੋਸ ਵਜੋਂ ਸੰਗੀਤ ਨਾਟਕ ਪੁਰਸਕਾਰ ਵਾਪਸ ਵੀ ਕਰ ਦਿੱਤਾ ਸੀ। ਸ੍ਰੀ ਔਲਖ ਦਾ ਜਨਮ ਪਿੰਡ ਕੁੰਭੜਵਾਲ (ਸੰਗਰੂਰ) ਵਿੱਚ ਸੰਨ 1944-45 ਦੇ ਨੇੜੇ-ਤੇੜੇ ਹੋਇਆ ਅਤੇ ਉਸ ਤੋਂ ਪਿਛੋਂ ਉਨ੍ਹਾਂ ਦਾ ਪਰਿਵਾਰ ਪਿੰਡ ਛੱਡ ਕੇ ਭੀਖੀ ਨੇੜੇ ਕਿਸ਼ਨਗੜ੍ਹ ਫਰਵਾਹੀ (ਮਾਨਸਾ) ਆ ਵਸਿਆ। 1952 ਵਿੱਚ ਇਸੇ ਪਿੰਡ ਦੇ ਸਕੂਲ ਤੋਂ ਉਨ੍ਹਾਂ ਨੇ ਪ੍ਰਾਇਮਰੀ ਪਾਸ ਕੀਤੀ ਅਤੇ ਦਸਵੀਂ 1958 ਵਿੱਚ ਭੀਖੀ ਤੋਂ ਕੀਤੀ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ 1965 ਵਿੱਚ ਐਮ.ਏ ਕੀਤੀ। ਉਨ੍ਹਾਂ ਦਾ ਸਮੁੱਚਾ ਪਰਿਵਾਰ ਨਾਟਕ ਕਲਾ ਨਾਲ ਹੀ ਜੁੜਿਆ ਹੋਇਆ ਹੈ। ਉਨ੍ਹਾਂ ਦਾ ਜਵਾਈ ਗੁਰਵਿੰਦਰ ਬਰਾੜ ਜਾਣਿਆ-ਪਛਾਣਿਆ ਲੋਕ ਗਾਇਕ ਹੈ।

ਪ੍ਰੋ. ਅਜਮੇਰ ਸਿੰਘ ਔਲਖ ਨੇ 29 ਨਵੰਬਰ 2013 ਨੂੰ ਆਪਣੀ ਅੰਤਿਮ ਇੱਛਾ ਲਿਖ ਕੇ ਰੱਖੀ ਸੀ। ਉਨ੍ਹਾਂ ਲਿਖਿਆ ਕਿਹਾ ਕਿ ਚਿਤਾ ਨੂੰ ਅਗਨੀ ਵਿਖਾਉਣ ਦੀ ਰਸਮ ਪਹਿਲਾਂ ਉਨ੍ਹਾਂ ਦੀਆਂ ਧੀਆਂ, ਜੋ ਉਸ ਸਮੇਂ ਹਾਜ਼ਰ ਹੋਣ, ਕਰਨ। ਭੋਗ ਦੀ ਕੋਈ ਧਾਰਮਿਕ ਰਸਮ ਨਹੀਂ ਹੋਣੀ ਚਾਹੀਦੀ, ਸਿਰਫ਼ ਸ਼ਰਧਾਂਜਲੀ ਸਮਾਗਮ ਰੱਖਿਆ ਜਾਵੇ ਤੇ ਕੋਈ ਸਿਆਸੀ ਬੁਲਾਰਾ ਨਾ ਸੱਦਿਆ ਜਾਵੇ। ਸਮਾਗਮ ਬੇਲੋੜਾ ਤੇ ਲੰਬਾ ਵੀ ਨਾ ਹੋਵੇ।

**ਵਿਧਾਨ ਸਭਾ ਵਲੋਂ ਸ਼ਰਧਾਂਜਲੀ:**

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਵਿੱਚ ਨਾਟਕਕਾਰ ਪ੍ਰੋ. ਅਜਮੇਰ ਔਲਖ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਪੀਕਰ ਰਾਣਾ ਕੇ.ਪੀ. ਸਿੰਘ ਨੇ ਸ਼ਰਧਾਂਜਲੀ ਮਤਾ ਪੜ੍ਹਦਿਆਂ ਕਿਹਾ ਕਿ ਪ੍ਰੋ. ਔਲਖ ਨੇ ਆਪਣੇ ਨਾਟਕਾਂ ਨਾਲ ਪੰਜਾਬੀ ਸਾਹਿਤ ਨੂੰ ਅਮੀਰੀ ਬਖ਼ਸ਼ੀ ਅਤੇ ਪੰਜਾਬੀ ਸਾਹਿਤ ਦਾ ਦੇਸ਼ ਅਤੇ ਦੁਨੀਆਂ ਵਿੱਚ ਨਾਂ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਪ੍ਰੋ. ਔਲਖ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਮੂਹ ਮੈਂਬਰਾਂ ਵਲੋਂ ਸਦਨ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਪ੍ਰੋ. ਔਲਖ ਨੂੰ ਸ਼ਰਧਾਂਜਲੀ ਦਿੱਤੀ ਗਈ।

## ਪੁਲੀਸ ਦਾ ਦਾਅਵਾ-ਮੁਸਲਿਮ ਵਿਦਿਆਰਥਣ ਦੀ ਮੌਤ ਨਸਲੀ ਹਿੰਸਾ ਕਾਰਨ ਨਹੀਂ ਹੋਈ

ਨਾਲ ਝਗੜਾ ਵੀ ਹੋਇਆ ਸੀ। ਸੂਤਰਾਂ ਮੁਤਾਬਕ ਇਹ ਹਾਦਸਾ ਰੋਡ ਰੋਜ ਦਾ ਨਤੀਜਾ ਲੱਗਦਾ ਹੈ ਅਤੇ ਹੁਣ ਤੱਕ ਕੀਤੀ ਜਾਂਚ 'ਚ ਨਸਲੀ ਹਿੰਸਾ ਦਾ ਕੋਈ ਪਹਿਲੂ ਉਭਰ ਕੇ ਸਾਹਮਣੇ ਨਹੀਂ ਆਇਆ ਹੈ। ਪੁਲੀਸ ਨੇ ਇਸ ਕੁੜੀ ਦਾ ਨਾਂ ਨਹੀਂ ਦੱਸਿਆ ਪਰ ਇਕ ਅੰਗਰੇਜ਼ੀ ਅਖਬਾਰ ਨੇ ਇਸ ਕੁੜੀ ਦਾ ਨਾਂ ਨਾਬਰਾ ਹਸਨੈਨ ਦੱਸਿਆ ਹੈ ਅਤੇ ਉਸ ਵੇਲੇ ਇਸ ਕੁੜੀ ਨੇ ਮੁਸਲਮਾਨਾਂ ਜਿਹੇ ਕੱਪੜੇ ਪਾਏ ਹੋਏ ਸੀ। ਜਿਸ ਕਾਰਨ ਇਹ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਸ਼ਾਇਦ ਇਸੇ ਕਾਰਨ ਕੁੜੀ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇਗਾ। ਪੁਲੀਸ ਨੇ ਹਾਦਸੇ ਦੇ ਦੋ ਘੰਟੇ ਮਗਰੋਂ ਹੀ ਮਾਰਟਿਨੇਜ ਨੂੰ ਗ੍ਰਿਫਤਾਰ ਕਰ ਲਿਆ ਸੀ। ਅਦਾਲਤ ਨੇ ਮਾਰਟਿਨੇਡ ਨੂੰ ਜ਼ਮਾਨਤ ਨਾ ਮਿਲਣ ਤੱਕ ਜੇਲ 'ਚ ਰੱਖਣ ਦਾ ਹੁਕਮ ਦਿੱਤਾ ਹੈ।

## ਭਾਰਤੀ ਸ਼ਟਲਰ ਕਿਦਾਂਬੀ ਸ੍ਰੀਕਾਂਤ ਨੇ ਇੰਡੋਨੇਸ਼ੀਆ ਸੁਪਰ ਸੀਰੀਜ਼ ਪ੍ਰੀਮੀਅਰ ਪੁਰਸ਼ ਸਿੰਗਲਜ਼ ਖ਼ਿਤਾਬ ਜਿੱਤਿਆ

ਮੈਚ ਜਿੱਤਣ ਮਗਰੋਂ ਉਸ ਨੇ ਕਿਹਾ ਕਿ ਇਹ ਵਧੀਆ ਖੇਡ ਰਹੀ। ਖਾਸ ਕਰਕੇ ਦੂਜੀ ਗੇਮ। ਉਹ 6-11 ਨਾਲ ਪਛੜਨ ਮਗਰੋਂ ਵਾਪਸੀ ਕਰਦਿਆਂ ਇਸ ਗੇਮ ਨੂੰ 13-13 ਦੀ ਬਰਾਬਰੀ 'ਤੇ ਲੈ ਆਇਆ ਜੋ ਮੈਚ ਦਾ ਟਰਨਿੰਗ ਪੁਆਇੰਟ ਰਿਹਾ। ਸ੍ਰੀਕਾਂਤ ਨੇ ਆਪਣੇ ਕੋਚ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਉਸ ਦੇ ਦਿਲ 'ਚ ਆਪਣੇ ਕੋਚ ਲਈ ਵਿਸ਼ੇਸ਼ ਸਥਾਨ ਰਹੇਗਾ ਕਿਉਂਕਿ ਜਦ ਤੋਂ ਉਹ ਆਏ ਹਨ ਉਹ ਸਿੰਗਾਪੁਰ ਦੇ ਫਾਈਨਲਜ਼ 'ਚ ਵੀ ਪਹੁੰਚਿਆ ਅਤੇ ਉਸ ਨੇ ਇਹ ਟੂਰਨਾਮੈਂਟ ਆਪਣੇ ਨਾਂ ਕੀਤਾ ਜਿਸ ਨੂੰ ਵੱਡਾ ਟੂਰਨਾਮੈਂਟ ਮੰਨਿਆ ਜਾਂਦਾ ਹੈ। ਸ੍ਰੀਕਾਂਤ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਆਪਣੇ ਵਿਰੋਧੀ ਨੂੰ ਕਿਸੇ ਵੀ ਤੇਜ਼ ਰੈਲੀ 'ਚ ਨਹੀਂ ਉਲਝਣ ਦਿੱਤਾ। ਉਸ ਨੇ ਸਟੀਕ ਕੋਣ ਲੈਂਦਿਆਂ ਰਿਟਰਨ ਲਗਾਏ ਅਤੇ ਆਪਣੇ ਵਿਰੋਧੀ ਨੂੰ ਹਰਾਉਣ ਲਈ ਸਮੈਸ਼ ਲਾਉਣੇ ਜਾਰੀ ਰੱਖੇ।

ਸ੍ਰੀਕਾਂਤ ਨੂੰ ਪੰਜ ਲੱਖ ਦਾ ਇਨਾਮ :

ਨਵੀਂ ਦਿੱਲੀ: ਭਾਰਤੀ ਬੈਡਮਿੰਟਨ ਐਸੋਸੀਏਸ਼ਨ (ਬਾਈ) ਨੇ ਇੰਡੋਨੇਸ਼ੀਆ ਓਪਨ ਸੁਪਰ ਸੀਰੀਜ਼ ਖ਼ਿਤਾਬ ਜਿੱਤਣ ਵਾਲੇ ਪਹਿਲੇ ਭਾਰਤੀ ਪੁਰਸ਼ ਖਿਡਾਰੀ ਬਣੇ ਕਿਦਾਂਬੀ ਸ੍ਰੀਕਾਂਤ ਨੂੰ ਪੰਜ ਲੱਖ ਰੁਪਏ ਦਾ ਨਗਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਬਾਈ ਦੇ ਪ੍ਰਧਾਨ ਹਿਮਾਂਤਾ ਬਿਸਵਾ ਨੇ ਖ਼ਿਤਾਬ ਜਿੱਤਣ ਵਾਲੇ ਸ੍ਰੀਕਾਂਤ ਨੂੰ ਉਸ ਦੀ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਇਹ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸ੍ਰੀਕਾਂਤ ਨੇ ਇੰਡੋਨੇਸ਼ੀਆ 'ਚ ਖ਼ਿਤਾਬੀ ਜਿੱਤ ਦਰਜ ਕੀਤੀ ਹੈ। ਉਨ੍ਹਾਂ ਤੋਂ ਇਲਾਵਾ ਬਾਈ ਦੇ ਜਨਰਲ ਸਕੱਤਰ ਤੇ ਅਧਕਾਰਤ ਬੁਲਾਰੇ ਅਨੂਪ ਨਾਰੰਗ ਨੇ ਵੀ ਸ੍ਰੀਕਾਂਤ ਨੂੰ ਵਧਾਈ ਦਿੱਤੀ ਹੈ।

## ਪੰਜਾਬ ਵਿਧਾਨ ਸਭਾ ਵਲੋਂ ਜੀਐਸਟੀ ਬਿੱਲ ਪਾਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਰਾਜ ਵਸਤੂ ਅਤੇ ਸੇਵਾਵਾਂ ਕਰ (ਜੀਐਸਟੀ) ਬਿੱਲ 2017 ਨੂੰ ਅੱਜ ਸੂਬਾ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਦਨ 'ਚ ਬਿੱਲ ਪੇਸ਼ ਕੀਤਾ। ਬਿੱਲ ਪਾਸ ਕਰਨ ਤੋਂ ਪਹਿਲਾਂ ਸਾਬਕਾ ਵਿੱਤ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਆਗੂ ਪਰਮਿੰਦਰ ਸਿੰਘ ਢੀਂਡਸਾ, ਆਪ' ਆਗੂ ਕੰਵਰ ਸੰਧੂ ਅਤੇ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਨੇ ਆਪਣੇ-ਆਪਣੇ ਵਿਚਾਰ ਰੱਖੇ। ਸ੍ਰੀ ਸੰਧੂ ਨੇ ਜੀਐਸਟੀ ਤਹਿਤ ਖੇਤੀ ਸਾਜ਼ੋ ਸਾਮਾਨ ਦੀਆਂ ਕੀਮਤਾਂ 'ਚ ਵਾਧੇ 'ਤੇ ਚਿੰਤਾ ਜਤਾਈ। ਆਪ' ਵਿਧਾਇਕ ਨੇ ਕਿਹਾ ਕਿ ਪੰਜਾਬੀ ਸਿਨਮਾ ਨੂੰ ਵੀ ਜੀਐਸਟੀ ਨਾਲ ਭਾਰੀ ਸੱਟ ਲੱਗੇਗੀ। ਉਨ੍ਹਾਂ ਇਹ ਵੀ ਪੁੱਛਿਆ ਕਿ ਜੀਐਸਟੀ ਲਾਗੂ ਹੋਣ ਤੋਂ ਬਾਅਦ ਕੀ ਸੂਬਿਆਂ ਦੀ ਵਿੱਤੀ ਖੁਦਮੁਖਤਿਆਰੀ ਖ਼ਤਮ ਹੋ ਜਾਏਗੀ। ਸ੍ਰੀ ਢੀਂਡਸਾ ਨੇ ਮੰਗ ਕੀਤੀ ਕਿ ਖੇਤੀ ਸਾਜ਼ੋ ਸਾਮਾਨ 'ਤੇ ਕੋਈ ਟੈਕਸ ਨਹੀਂ ਲੱਗਣਾ ਚਾਹੀਦਾ ਅਤੇ ਜੇਕਰ ਟੈਕਸ ਲੱਗਦਾ ਹੈ ਤਾਂ ਇਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਨੁਕਸਾਨ ਝਲਣਾ ਪਏਗਾ।

## 25 ਦਿਨਾਂ ਵਿੱਚ ਇੱਕ ਲੱਖ ਤੋਂ ਵੱਧ ਸ਼ਰਧਾਲੂਆਂ ਨੇ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ

ਅਗਲੇ ਵਰ੍ਹੇ ਭਾਵੇਂ ਸਰਕਾਰ ਨੇ ਪੁਖ਼ਤਾ ਪ੍ਰਬੰਧ ਕੀਤੇ ਸਨ ਪਰ ਯਾਤਰੀਆਂ ਦੀ ਗਿਣਤੀ ਵਿੱਚ ਵਿਸ਼ੇਸ਼ ਵਾਧਾ ਨਹੀਂ ਹੋਇਆ ਸੀ। ਇਸ ਵਰ੍ਹੇ ਇਨ੍ਹਾਂ ਸਾਰੀਆਂ ਯਾਤਰਾਵਾਂ ਨੂੰ ਸ਼ੁਰੂ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ ਪਰ ਇਸ ਦੌਰਾਨ ਸੋਸ਼ਲ ਮੀਡੀਆ 'ਤੇ ਇਹ ਗੱਲ ਪ੍ਰਚਾਰੀ ਜਾ ਰਹੀ ਹੈ ਕਿ ਗੋਬਿੰਦ ਘਾਟ ਵਿਖੇ ਹੜ੍ਹ ਆਉਣ ਕਾਰਨ ਮਾਲੀ ਨੁਕਸਾਨ ਹੋਇਆ ਹੈ, ਜਿਸ ਤਹਿਤ ਕਈ ਕਾਰਾਂ ਰੁੜ੍ਹ ਗਈਆਂ ਹਨ। ਮੈਨੇਜਰ ਸੇਵਾ ਸਿੰਘ ਨੇ ਇਸ ਨੂੰ ਗੁਮਰਾਹਕੁਨ ਪ੍ਰਚਾਰ ਕਰਾਰ ਦਿੰਦਿਆਂ ਆਖਿਆ ਕਿ ਅਜਿਹੇ ਪ੍ਰਚਾਰ ਨਾਲ ਯਾਤਰਾ ਨੂੰ ਤਾਰਪੀਡੋ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਹੁਣ ਤਕ ਉੱਤਰਾਖੰਡ ਇਲਾਕੇ ਦੇ ਉਪਰਲੇ ਹਿੱਸਿਆਂ ਵਿੱਚ ਮਾਮੂਲੀ ਬਾਰਿਸ਼ ਹੋਈ ਹੈ ਅਤੇ ਖਾਸ ਕਰਕੇ ਗੋਬਿੰਦ ਘਾਟ ਵਿਖੇ ਪਾਣੀ ਆਉਣ ਦੀ ਗੱਲ ਨਿਰਾਆਧਾਰ ਅਤੇ ਬੇਬੁਨਿਆਦ ਹੈ। ਉਨ੍ਹਾਂ ਸੰਗਤਾਂ ਅਤੇ ਯਾਤਰੀਆਂ ਨੂੰ ਅਜਿਹੇ ਗੁਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਲਈ ਆਉਣ ਵਾਲੀਆਂ ਸੜਕਾਂ ਵੀ ਵਧੀਆ ਹਾਲਤ ਵਿੱਚ ਹਨ। ਬੀਤੇ ਦਿਨੀਂ ਪਹਾੜ ਡਿੱਗਣ ਨਾਲ ਨੁਕਸਾਨੀ ਗਈ ਸੜਕ ਨੂੰ ਵੀ ਮੁੜ ਬਿਹਤਰ ਬਣਾ ਦਿੱਤਾ ਗਿਆ ਹੈ। ਇਸ ਯਾਤਰਾ ਦੌਰਾਨ ਹੇਮਕੁੰਟ ਸਾਹਿਬ ਟਰੱਸਟ ਵੱਲੋਂ ਗੁਰਦੁਆਰਾ ਰਿਸ਼ੀਕੇਸ਼, ਗੁਰਦੁਆਰਾ ਸ੍ਰੀਨਗਰ, ਗੁਰਦੁਆਰਾ ਜੋਸ਼ੀ ਮੱਠ, ਗੁਰਦੁਆਰਾ ਗੋਬਿੰਦਘਾਟ ਅਤੇ ਗੁਰਦੁਆਰਾ ਗੋਬਿੰਦਧਾਮ ਵਿਖੇ ਯਾਤਰੂਆਂ ਦੇ ਠਹਿਰਾਅ, ਲੰਗਰ ਅਤੇ ਮੈਡੀਕਲ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.
Khalsa Insurance Agency is among TOP 50 agencies of Blue Cross in USA.

2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
Your destination for affordable health care

Call Now for the Lowest Health Insurance Premiums available
Some Households qualify for FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar


THATH
ਵੱਖਰੇ
BIKKAR BADSHAH
ENTERTAINMENT BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com